@Qpatrika @qaumipatrika punjabi instagram.com/qaumipatrika
Largest Circulated
विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 20 February 2024
VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 20 ਫਰਵਰੀ 2024, 5 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 81, qpatrika@gmail.com ਫੋਨ : 9971359517 www.qaumipatrika.org

## ਭਾਜਪਾ ’ਚ ਜਾਣ ਦੀਆਂ ਅਟਕਲਾਂ ’ਤੇ ਨਵਜੋਤ ਸਿੱਧੂ ਨੇ ਤੋੜੀ ਚੁੱਪੀ




ਪਟਿਆਲਾ 19 ਫਰਵਰੀ। ਭਾਜਪਾ ’ਚ ਜਾਣ ਦੀਆਂ ਅਟਕਲਾਂ ਵਿਚਾਲੇ ਨਵਜੋਤ ਸਿੱਧੂ ਨੇ ਦੋ ਟੁੱਕ ਵਿਚ ਸਿੱਧਾ ਜਵਾਬ ਦਿੱਤਾ ਹੈ। ਸਿੱਧੂ ਨੇ ਆਖਿਆ ਹੈ ਕਿ ਕਾਂਗਰਸ ਤੋਂ ਇਲਾਵਾ ਉਹ ਕਿਤੇ ਨਹੀਂ ਜਾ ਸਕਦੇ। ਭਾਜਪਾ ਜਾਣ ਦੀਆਂ ਖਬਰਾਂ ’ਤੇ ਗੱਲਾਂ-ਗੱਲਾਂ ਵਿਚ ਸਿੱਧੂ ਨੇ ਕਿਹਾ ਕਿ ਇਨ੍ਹਾਂ ਅਟਕਲਾਂ ਦਾ ਜਵਾਬ ਉਹ ਟਵਿੱਟਰ ’ਤੇ ਦੇ ਚੁੱਕੇ ਹਨ, ਇਹ ਗੱਲ ਇਕ ਵਾਰ ਨਹੀਂ ਸਗੋਂ ਹਜਾਰ ਵਾਰ ਖਤਮ ਕਰ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਸਿਵਾਏ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਮੈਨੂੰ ਸਾਰੀਆਂ ਥਾਵਾਂ ’ਤੇ ਭੇਜ ਚੁੱਕੇ ਹਨ ਪਰ ਮੈਂ ਅੜੀਅਲ ਹਾਂ, ਮੇਰੇ ਗੁਰੂ ਨੇ ਆਖਿਆ ਹੈ ‘ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੀਏ ਬਾਂਹ ਨਾ ਛੱਡੀਏ’। ਸਿੱਧੂ 25 ਸਾਲ ਦੀ ਸਿਆਸਤ ਕਦੇ ਵੀ ਜੁਬਾਨ ਦੇ ਕੇ ਨਹੀਂ ਫਿਰਿਆ ਹੈ। ਬੀਤੇ ਦਿਨੀਂ ਆਪਣੇ ਐਕਸ ਅਕਾਊਂਟ (ਪਹਿਲਾਂ ਟਵਿੱਟਰ) ’ਤੇ ਸਿੱਧੂ ਨੇ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨਾਲ ਇਕ ਤਸਵੀਰ ਸਾਂਝੀ ਕੀਤੀ ਸੀ। ਜਿਸ ਵਿਚ ਉਨ੍ਹਾਂ ਨੇ ਲਿਖਿਆ ਸੀ ਕਿ ਤੁਸੀਂ ਮੈਨੂੰ ਜੇਲ੍ਹ ਭੇਜ ਸਕਦੇ ਹੋ, ਮੈਨੂੰ ਡਰਾ-ਧਮਕਾ ਸਕਦੇ ਹੋ, ਮੇਰੇ ਸਾਰੇ ਵਿੱਤੀ ਖਾਤੇ ਬਲੌਕ ਕਰ ਸਕਦੇ ਹੋ ਪਰ ਪੰਜਾਬ ਅਤੇ ਮੇਰੇ ਲੀਡਰਾਂ ਲਈ ਮੇਰੀ ਵਚਨਬੱਧਤਾ ਨਾ ਤਾਂ ਇਕ ਇੰਚ ਵੀ ਪਿੱਛੇ ਹਟੀ ਹੈ ਅਤੇ ਨਾ ਹੀ ਪਿੱਛੇ ਹਟੇਗੀ। ਇਸ ਤੋਂ ਸਾਫ ਹੋ ਜਾਂਦਾ ਹੈ ਕਿ ਸਿੱਧੂ ਨੇ ਭਾਜਪਾ ’ਚ ਜਾਣ ਦੀਆਂ ਅਟਕਲਾਂ ’ਤੇ ਪੂਰੀ ਤਰ੍ਹਾਂ ਵਿਰਾਮ ਲਗਾ ਦਿੱਤਾ ਹੈ।

# ਹਰ ਕਿਸੇ ਕੋਲ ਦੇਣ ਲਈ ਕੁਝ ਨਾ ਕੁਝ ਹੁੰਦਾ ਹੈ ਪਰ ਮੈਂ ਸਿਰਫ ਭਾਵਨਾ ਜਾਹਰ ਕਰ ਸਕਦਾ: ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਸੰਭਲ 19 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਯਾਨੀ ਕਿ ਸੋਮਵਾਰ ਨੂੰ ਉੱਤਰ ਪ੍ਰਦੇਸ਼ ਦੇ ਦੌਰੇ ‘ਤੇ ਹਨ। ਉਹ ਕਲਕੀ ਧਾਮ ਮੰਦਰ ਦੇ ਨੀਂਹ ਪੱਥਰ ਸਮਾਰੋਹ ਵਿਚ ਸ਼ਾਮਲ ਹੋਣ ਲਈ ਸਵੇਰੇ ਸੰਭਲ ਪਹੁੰਚੇ। ਸ਼੍ਰੀ ਕਲਕੀ ਧਾਮ ਮੰਦਰ ਨਿਰਮਾਣ ਟਰੱਸਟ ਦੇ ਪ੍ਰਧਾਨ ਆਚਾਰੀਆ ਪ੍ਰਮੋਦ ਕਿਸ਼ਨਮ ਨੇ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕੀਤਾ। ਵੈਦਿਕ ਮੰਤਰ ਉੱਚਾਰਨ ਦਰਮਿਆਨ ਪ੍ਰਧਾਨ ਮੰਤਰੀ ਮੋਦੀ ਨੇ ਕਲਕੀ ਧਾਮ ਮੰਦਰ ਦਾ ਭੂਮੀ ਪੂਜਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਪ੍ਰਧਾਨ ਮੰਤਰੀ ਮੋਦੀ ਨੇ ਮੰਦਰ ਦੇ ਨੀਂਹ ਪੱਥਰ ਸਮਾਰੋਹ ਦੌਰਾਨ ਆਪਣੇ ਸੰਬੋਧਨ ਵਿਚ ਕਿਹਾ ਕਿ ਅੱਜ ਯੂ. ਪੀ. ਦੀ ਧਰਤੀ ਤੋਂ ਭਗਤੀ, ਭਾਵ ਅਤੇ ਅਧਿਆਤਮਕ ਦੀ ਇਕ ਹੋਰ ਧਾਰਾ ਪ੍ਰਵਾਹਿਤ ਹੋ ਰਹੀ ਹੈ। ਅੱਜ ਸੰਤਾਂ ਦੀ ਸਾਧਨਾ ਅਤੇ ਲੋਕਾਂ ਦੀ ਭਾਵਨਾ ਨਾਲ ਇਕ ਹੋਰ ਪਵਿੱਤਰ ਧਾਮ ਦੀ ਨੀਂਹ ਰੱਖੀ ਜਾ ਰਹੀ ਹੈ। ਪਿਛਲੇ ਮਹੀਨੇ ਨੇ ਦੇਸ਼ ਨੇ ਅਯੁੱਧਿਆ ਵਿਚ 500 ਸਾਲ ਦੀ ਉਡੀਕ ਨੂੰ ਪੂਰਾ ਹੁੰਦਾ ਵੇਖਿਆ ਗਿਆ ਹੈ। ਇਸ ਦਰਮਿਆਨ ਅਸੀਂ ਦੇਸ ਤੋਂ ਸੈਂਕੜੇ ਕਿਲੋਮੀਟਰ ਦੂਰ ਅਰਬ ਦੀ ਧਰਤੀ ‘ਤੇ ਅਬੂ ਧਾਬੀ ‘ਚ ਪਹਿਲੇ ਵਿਸਾਲ ਮੰਦਰ ਦਾ ਉਦਘਾਟਨ ਵੀ ਦੇਖਿਆ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਕਿਸੇ ਕੋਲ ਕੁਝ ਨਾ ਕੁਝ ਦੇਣ ਲਈ ਹੁੰਦਾ ਹੈ ਪਰ ਮੇਰੇ ਕੋਲ ਕੁਝ ਨਹੀਂ ਹੈ, ਮੈਂ ਸਿਰਫ ਆਪਣੀਆਂ ਭਾਵਨਾਵਾਂ ਨੂੰ ਬਿਆਨ ਕਰ ਸਕਦਾ ਹਾਂ। ਚੰਗਾ ਹੋਇਆ ਕਿ ਕੁਝ ਨਹੀਂ ਦਿੱਤਾ ਗਿਆ, ਜਮਾਨਾ ਇਸ ਤਰ੍ਹਾਂ ਬਦਲ ਗਿਆ ਹੈ ਕਿ ਅੱਜ ਦੇ ਯੁੱਗ ਵਿਚ ਜੇਕਰ ਸੁਦਾਮਾ ਜੀ ਨੇ ਸ੍ਰੀ ਕ੍ਰਿਸਨ ਨੂੰ ਚੌਲਾਂ ਦਾ ਬੰਡਲ ਦਿੱਤਾ ਹੁੰਦਾ ਅਤੇ ਵੀਡੀਓ ਸਾਹਮਣੇ ਆਈ ਹੁੰਦੀ ਤਾਂ ਸੁਪਰੀਮ ਕੋਰਟ ਵਿਚ ਜਨਹਿੱਤ ਪਟੀਸਨ ਦਾਇਰ ਹੋਣੀ ਸੀ ਅਤੇ ਫੈਸਲਾ ਆ ਜਾਣਾ ਸੀ ਕਿ ਭਗਵਾਨ ਕ੍ਰਿਸਨ ਨੂੰ ਭ੍ਰਿਸਟਾਚਾਰ ਵਿੱਚ ਕੁਝ ਦਿੱਤਾ ਗਿਆ ਸੀ ਅਤੇ ਭਗਵਾਨ ਕ੍ਰਿਸਨ ਭ੍ਰਿਸਟਾਚਾਰ ਕਰ ਰਹੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅੱਜ ਜਿੱਥੇ ਸਾਡੇ ਤੀਰਥਾਂ ਦਾ ਵਿਕਾਸ ਹੋ ਰਿਹਾ ਹੈ, ਤਾਂ ਦੂਜੇ ਪਾਸੇ ਸ਼ਹਿਰਾਂ ‘ਚ ਹਾਈਟੈੱਕ ਇਨਫਰਾਸਟ੍ਰਕਚਰ ਵੀ ਤਿਆਰ ਹੋ ਰਿਹਾ ਹੈ। ਅੱਜ ਜੇਕਰ ਮੰਦਰ ਬਣ ਰਹੇ ਹਨ ਤਾਂ ਦੇਸ਼ ਭਰ ਵਿਚ ਨਵੇਂ ਮੈਡੀਕਲ ਕਾਲਜ ਵੀ ਬਣ ਰਹੇ ਹਨ। ਵਿਦੇਸ਼ਾਂ ਤੋਂ ਸਾਡੀਆਂ ਪ੍ਰਾਚੀਨ ਮੂਰਤੀਆਂ ਵੀ ਵਾਪਸ ਲਿਆਂਦੀਆਂ ਜਾ ਰਹੀਆਂ ਹਨ ਅਤੇ ਰਿਕਾਰਡ ਗਿਣਤੀ ਵਿਚ ਵਿਦੇਸ਼ੀ ਨਿਵੇਸ਼ ਵੀ ਆ ਰਿਹਾ ਹੈ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਅੱਜ ਪਹਿਲੀ ਵਾਰ ਭਾਰਤ ਉਸ ਮੁਕਾਮ ‘ਤੇ ਹੈ, ਜਿੱਥੇ ਅਸੀਂ ਅਨੁਸਰਣ ਨਹੀਂ ਕਰ ਰਹੇ, ਉਦਾਹਰਣ ਪੇਸ਼ ਕਰ ਰਹੇ ਹਾਂ। ਅੱਜ ਪਹਿਲੀ ਵਾਰ ਭਾਰਤ ਨੂੰ ਤਕਨਾਲੋਜੀ ਅਤੇ ਡਿਜੀਟਲ ਤਕਨਾਲੋਜੀ ਦੇ ਖੇਤਰ ਵਿਚ ਸੰਭਾਵਨਾਵਾਂ ਦੇ ਕੇਂਦਰ ਦੇ ਰੂਪ ਵਿਚ ਵੇਖਿਆ ਜਾ ਰਿਹਾ ਹੈ। ਸਾਡੀ ਪਛਾਣ ਇਨੋਵੇਸ਼ਨ ਹੱਬ ਦੇ ਤੌਰ ‘ਤੇ ਹੋ ਰਹੀ ਹੈ।



## ਸੰਯੁਕਤ ਕਿਸਾਨ ਮੋਰਚਾ ਨੇ ਖਾਰਜ ਕੀਤਾ ਸਰਕਾਰ ਦਾ ਪ੍ਰਸਤਾਵ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 19 ਫਰਵਰੀ। ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਦੇ ਐੱਮ.ਐੱਸ.ਪੀ. ਦੇ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ ਹੈ। ਕੇਂਦਰ ਸਰਕਾਰ ਵਲੋਂ ਐੱਮ.ਐੱਸ.ਪੀ. ‘ਤੇ 5 ਸਾਲ ਦੇ ਠੇਕੇ ਦਾ ਪ੍ਰਸਤਾਵ ਦਿੱਤਾ ਗਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਮੀਡੀਆ ਰਿਪੋਰਟ ਦੇ ਆਧਾਰ ‘ਤੇ ਉਨ੍ਹਾਂ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ 2++50% ਦੇ ਆਧਾਰ ‘ਤੇ ਐੱਮ.ਐੱਸ.ਪੀ. ‘ਤੇ ਆਰਡੀਨੈਂਸ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਕਿਸਾਨਾਂ ਦੇ ਸੰਗਠਨ ਸੰਯੁਕਤ ਕਿਸਾਨਾ ਮੋਰਚਾ ਨੇ ਕਿਹਾ ਕਿ 2+50% ਤੋਂ ਹੇਠਾਂ ਕੁਝ ਵੀ ਸਵੀਕਾਰ ਨਹੀਂ ਕੀਤਾ ਜਾਵੇਗਾ। ਬਿਆਨ ਅਨੁਸਾਰ ਕਿਸਾਨਾਂ ਦੇ ਸਾਹਮਣੇ ਮੱਕਾ, ਕਪਾਹ, ਅਰਹਰ/ਤੂਰ, ਮਸੂਰ ਅਤੇ ਉੜਦ ਸਮੇਤ 5 ਫਸਲਾਂ ਦੀ ਖਰੀਦ ਨੂੰ ਲੈ ਕੇ 5 ਸਾਲ ਦੇ ਠੇਕੇ ਦਾ ਪ੍ਰਸਤਾਵ ਰੱਖਿਆ ਗਿਆ ਹੈ। ਹਾਲਾਂਕਿ ਕਿਸਾਨ ਮੋਰਚਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਸੀ2+50% ਦੇ ਫਾਰਮੂਲੇ ਦੇ ਆਧਾਰ ‘ਤੇ ਹੀ ਐੱਮ.ਐੱਸ.ਪੀ. ਦੀ ਗਾਰੰਟੀ ਚਾਹੁੰਦੇ ਹਨ। ਕਿਸਾਨ ਮੋਰਚਾ ਨੇ ਇਕ ਬਿਆਨ ‘ਚ ਕਿਹਾ ਕਿ ਭਾਜਪਾ ਨੇ ਖੁਦ 2014 ਦੀਆਂ ਚੋਣਾਂ ‘ਚ ਆਪਣੇ ਮੈਨੀਫੈਸਟੋ ‘ਚ ਇਸ ਦਾ ਵਾਅਦਾ ਕੀਤਾ ਸੀ। ਕਿਸਾਨ ਮੋਰਚਾ ਨੇ ਕੇਂਦਰੀਆਂ ਮੰਤਰੀਆਂ ਨੂੰ ਇਹ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ ਕਿ ਮੋਦੀ ਸਰਕਾਰ ਕਰਜ ਮੁਆਫੀ, ਬਿਜਲੀ ਦਾ ਨਿੱਜੀਕਰਨ ਨਹੀਂ ਕਰਨ, ਵਿਆਪਕ ਜਨਤਕ ਖੇਤਰ ਦੀ ਫਸਲ ਬੀਮਾ ਯੋਜਨਾ, 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਨੂੰ 10 ਹਜਾਰ ਰੁਪਏ ਪੈਨਸ਼ਨ, ਲਖੀਮਪੁਰ ਹਿੰਸਾ ਦੇ ਦੋਸ਼ੀ ਅਜੇ ਮਿਸ਼ਰਾ ਨੂੰ ਬਰਖਾਸਤ ਕਰਨ ਅਤੇ ਮੁਕੱਦਮਾ ਚਲਾਉਣ ਦੀਆਂ ਮੰਗਾਂ ‘ਤੇ ਚੁੱਪ ਕਿਉਂ ਹੈ। ਕਿਸਾਨ ਮੋਰਚਾ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਨੇ 2006 ‘ਚ ਆਪਣੀ ਰਿਪੋਰਟ ‘ਚ ਕੇਂਦਰ ਸਰਕਾਰ ਨੂੰ 2+50% ਦੇ ਆਧਾਰ ‘ਤੇ ਐੱਮ.ਐੱਸ.ਪੀ. ਦੇਣ ਦਾ ਸੁਝਾਅ ਦਿੱਤਾ ਸੀ। ਬਿਆਨ ‘ਚ ਕਿਹਾ ਗਿਆ ਹੈ ਕਿ ਇਸੇ ਆਧਾਰ ‘ਤੇ ਕਈ ਫਸਲਾਂ ‘ਤੇ ਉਹ ਐੱਮ.ਐੱਸ.ਪੀ. ਦੀ ਗਾਰੰਟੀ ਚਾਹੁੰਦੇ ਹਨ। ਇਸ ਰਾਹੀਂ ਕਿਸਾਨ ਆਪਣੀ ਫਸਲ ਇਕ ਫਿਕਸਡ ਕੀਮਤ ‘ਤੇ ਵੇਚ ਸਕਣਗੇ ਅਤੇ ਉਨ੍ਹਾਂ ਨੂੰ ਨੁਕਸਾਨ ਨਹੀਂ ਚੁੱਕਣਾ ਪਵੇਗਾ। ਮੋਰਚਾ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਭਾਜਪਾ ਦੇ ਵਾਅਦੇ ਨੂੰ ਲਾਗੂ ਨਹੀਂ ਕਰ ਪਾ ਰਹੀ ਹੈ ਤਾਂ ਪ੍ਰਧਾਨ ਮੰਤਰੀ ਈਮਾਨਦਾਰੀ ਨਾਲ ਜਨਤਾ ਨੂੰ ਦੱਸਣ। ਸੰਯੁਕਤ ਕਿਸਾਨ ਮੋਰਚਾ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਇਹ ਸਪੱਸ਼ਟ ਨੂੰ ਤਿਆਰ ਨਹੀਂ ਹੈ ਕਿ ਉਨ੍ਹਾਂ ਵਲੋਂ ਪ੍ਰਸਤਾਵਿਤ ਐੱਮ.ਐੱਸ.ਪੀ. 2++50% ‘ਤੇ ਆਧਾਰਤ ਹੈ ਜਾਂ 2+50% ‘ਤੇ। ਚਰਚਾ ‘ਚ ਕੋਈ ਪਾਰਦਰਸ਼ਤਾ ਨਹੀਂ ਹੈ, ਜਦੋਂ ਕਿ ਚਾਰ ਵਾਰ ਚਰਚਾ ਹੋ ਚੁੱਕੀ ਹੈ।



## ਕਸ਼ਮੀਰ ’ਚ ਮੀਂਹ ਅਤੇ ਬਰਫਬਾਰੀ ਪੈਣ ਨਾਲ ਸੈਲਾਨੀ ਖੁਸ਼, ਗੁਲਮਰਗ ਸਭ ਤੋਂ ਠੰਡਾ ਸਥਾਨ

ਸ਼੍ਰੀਨਗਰ 19 ਫਰਵਰੀ। ਜੰਮੂ-ਕਸ਼ਮੀਰ ‘ਚ ਗੁਲਮਰਗ ਅਤੇ ਸੋਨਮਰਗ ਸਮੇਤ ਕਸ਼ਮੀਰ ਘਾਟੀ ਦੇ ਉੱਚੇ ਇਲਾਕਿਆਂ ‘ਚ ਤਾਜਾ ਬਰਫਬਾਰੀ ਹੋਈ ਹੈ ਜਦਕਿ ਮੈਦਾਨੀ ਇਲਾਕਿਆਂ ‘ਚ ਮੀਂਹ ਪਿਆ ਹੈ। ਜਿਸ ਕਾਰਨ ਐਤਵਾਰ ਨੂੰ ਸ੍ਰੀਨਗਰ-ਲੱਦਾਖ ਹਾਈਵੇਅ ਨੂੰ ਬੰਦ ਕਰ ਦਿੱਤਾ ਗਿਆ। ਮੌਸਮ ਵਿਗਿਆਨ ਕੇਂਦਰ () ਨੇ ਐਤਵਾਰ ਨੂੰ ਕਿਹਾ ਕਿ ਲੱਦਾਖ ਨੂੰ ਜੋੜਨ ਵਾਲੀ ਸ੍ਰੀਨਗਰ-ਸੋਨਮਰਗ-ਗੁਮਰੀ ਸੜਕ ਨੂੰ ਬਾਲਟਾਲ ਅਤੇ ਜੋਜਿਲਾ ਪਾਸੋਂ ਬਰਫਬਾਰੀ ਤੋਂ ਬਾਅਦ ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਗੁਲਮਰਗ ‘ਚ ਪਿਛਲੇ 24 ਘੰਟਿਆਂ ‘ਚ ਤਿੰਨ ਸੈਂਟੀਮੀਟਰ ਬਰਫਬਾਰੀ ਹੋਈ ਹੈ ਅਤੇ ਇੱਥੇ ਬਰਫਬਾਰੀ ਅਜੇ ਵੀ ਜਾਰੀ ਹੈ, ਜਿਸ ਕਾਰਨ ਉਥੇ ਰੁਕੇ ਸੈਲਾਨੀ ਕਾਫੀ ਖੁਸ ਹਨ। ਸ੍ਰੀਨਗਰ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕਿਆਂ ‘ਚ ਸਵੇਰ ਤੋਂ ਹੀ ਮੀਂਹ ਪੈ ਰਿਹਾ ਹੈ। ਇਸ ਤੋਂ ਇਲਾਵਾ ਅਗਲੇ 24 ਘੰਟਿਆਂ ਦੌਰਾਨ ਕੁਪਵਾੜਾ, ਬਾਰਾਮੂਲਾ, ਬਾਂਦੀਪੋਰਾ, ਗੰਦਰਬਲ, ਬਡਗਾਮ ਅਤੇ ਦੱਖਣੀ ਕਸਮੀਰ ਜਿ?ਲ੍ਹਿਆਂ ਦੇ ਮੱਧ ਅਤੇ ਉੱਚੇ ਇਲਾਕਿਆਂ ਵਿਚ ਭਾਰੀ ਬਰਫਬਾਰੀ ਅਤੇ ਹਲਕੀ ਤੋਂ ਦਰਮਿਆਨਾ ਮੀਂਹ ਪੈਣ ਦੀ ਸੰਭਾਵਨਾ ਹੈ। ਸਨੀਵਾਰ ਦੇਰ ਰਾਤ ਸ੍ਰੀਨਗਰ ‘ਚ ਘੱਟੋ-ਘੱਟ ਤਾਪਮਾਨ 5.8 ਡਿਗਰੀ ਸੈਲਸੀਅਸ ਸੀ, ਜੋ ਕਿ ਆਮ ਨਾਲੋਂ 1.0 ਡਿਗਰੀ ਸੈਲਸੀਅਸ ਵੱਧ ਹੈ। ਸ੍ਰੀਨਗਰ-ਜੰਮੂ ਰਾਸਟਰੀ ਮਾਰਗ ‘ਤੇ ਸਥਿਤ ਕਾਜੀਗੁੰਡ ‘ਚ ਐਤਵਾਰ ਨੂੰ ਘੱਟੋ-ਘੱਟ ਤਾਪਮਾਨ 3.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜਦਕਿ ਦੱਖਣੀ ਕਸਮੀਰ ਦੇ ਪਿਕਨਿਕ ਸਪਾਟ ਕੋਕਰਨਾਗ ‘ਚ ਘੱਟੋ-ਘੱਟ ਤਾਪਮਾਨ 5.0 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪਹਿਲਗਾਮ ਵਿਚ ਤਾਪਮਾਨ 2.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਆਮ ਨਾਲੋਂ 6.9 ਡਿਗਰੀ ਸੈਲਸੀਅਸ ਵੱਧ ਸੀ। ਕੁਪਵਾੜਾ ‘ਚ ਤਾਪਮਾਨ 2.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜੋ ਕਿ ਆਮ ਨਾਲੋਂ 2.6 ਡਿਗਰੀ ਸੈਲਸੀਅਸ ਵੱਧ ਹੈ। ਗੁਲਮਰਗ ਕਸਮੀਰ ਦਾ ਸਭ ਤੋਂ ਠੰਡਾ ਸਥਾਨ ਰਿਹਾ ਅਤੇ ਇੱਥੇ ਘੱਟੋ-ਘੱਟ ਤਾਪਮਾਨ ਮਨਫੀ 1.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਆਮ ਨਾਲੋਂ 5.4 ਡਿਗਰੀ ਸੈਲਸੀਅਸ ਵੱਧ ਹੈ।

## ਪਿਛਲੀ ਸਰਕਾਰ ਦੀਆਂ ਬੇਨਿਯਮੀਆਂ ਦੀ ਹੋ ਰਹੀ ਹੈ ਜਾਂਚ : ਨਿਤੀਸ਼



ਪਟਨਾ 19 ਫਰਵਰੀ। ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਤਾ ਲੱਗਾ ਹੈ ਕਿ ਜਦੋਂ ਸੂਬੇ ਵਿੱਚ ਰਾਸਟਰੀ ਜਨਤਾ ਦਲ ਅਤੇ ਜਨਤਾ ਦਲ (ਯੂ) ਸੱਤਾ ਵਿੱਚ ਸਨ ਤਾਂ ਬਹੁਤ ਸਾਰੀਆਂ ਬੇਨਿਯਮੀਆਂ ਹੋਈਆਂ ਸਨ । ਹੁਣ ਉਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ। ਬਿਹਾਰ ਸਰਕਾਰ ਨੇ ਉਨ੍ਹਾਂ ਵਿਭਾਗਾਂ ਵੱਲੋਂ ਲਏ ਗਏ ਸਾਰੇ ਫੈਸਲਿਆਂ ਦੀ ਸਮੀਖਿਆ ਕਰਨ ਦੇ ਹੁਕਮ ਦਿੱਤੇ ਹਨ, ਜਿਨ੍ਹਾਂ ਦਾ ਚਾਰਜ ਸੂਬੇ ਦੀ ਪਿਛਲੀ ‘ਮਹਾਂ ਗਠਜੋੜ’ ਸਰਕਾਰ ’ਚ ਉਪ ਮੁੱਖ ਮੰਤਰੀ ਰਹੇ ਤੇਜਸਵੀ ਯਾਦਵ ਤੇ ਰਾਜਦ ਦੇ ਦੋ ਮੰਤਰੀਆਂ ਲਲਿਤ ਯਾਦਵ ਅਤੇ ਰਾਮਾਨੰਦ ਯਾਦਵ ਕੋਲ ਸੀ। ਨਿਤੀਸ਼ ਨੇ ਇਸ ਸਬੰਧੀ ਮੀਡੀਆ ਵੱਲੋਂ ਪੁੱਛੇ ਗਏ ਸਵਾਲਾਂ ’ਤੇ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ‘ਬੇਨਿਯਮੀਆਂ ਹੋਈਆਂ ਹਨ। ਅਸੀਂ ਇਸ ਨੂੰ ਬਰਦਾਸਤ ਨਹੀਂ ਕਰਾਂਗੇ। ਸਭ ਦੀ ਜਾਂਚ ਕੀਤੀ ਜਾ ਰਹੀ ਹੈ।

## ਭਾਜਪਾ ‘ਚ ਜਾਣ ਦੀਆਂ ਅਟਕਲਾਂ ਦਰਮਿਆਨ ਕਮਲਨਾਥ ਬੋਲੇ- ‘ਮੇਰੀ ਤਾਂ ਕਿਤੇ ਗੱਲ ਨਹੀਂ ਹੋਈ’



ਨਵੀਂ ਦਿੱਲੀ 19 ਫਰਵਰੀ। ਮੱਧ ਪ੍ਰਦੇਸ ਦੀ ਰਾਜਨੀਤੀ ‘ਚ ਭਾਰੀ ਉਥਲ-ਪੁਥਲ ਚੱਲ ਰਹੀ ਹੈ। ਇਸ ਦਾ ਕਾਰਨ ਸੂਬੇ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਅਤੇ ਉਨ੍ਹਾਂ ਦੇ ਪੁੱਤਰ ਸੰਸਦ ਮੈਂਬਰ ਨਕੁਲਨਾਥ ਹਨ। ਤਕਰੀਬਨ ਇਕ ਹਫਤੇ ਤੋਂ ਮੱਧ ਪ੍ਰਦੇਸ ਤੋਂ ਲੈ ਕੇ ਦਿੱਲੀ ਤੱਕ ਸਿਆਸੀ ਗਲਿਆਰਿਆਂ ‘ਚ ਇਹ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਕਾਂਗਰਸ ਦੇ ਸੀਨੀਅਰ ਆਗੂ ਕਮਲਨਾਥ ਅਤੇ ਉਨ੍ਹਾਂ ਦਾ ਪੁੱਤਰ ਭਾਜਪਾ ‘ਚ ਸਾਮਲ ਹੋਣ ਜਾ ਰਹੇ ਹਨ। ਇਸ ਦੇ ਨਾਲ ਹੀ ਇਸ ਮਾਮਲੇ ‘ਤੇ ਭਾਜਪਾ, ਕਾਂਗਰਸ ਅਤੇ ਸ?ਿਵ ਸੈਨਾ (ਯੂਬੀਟੀ) ਦੇ ਨੇਤਾਵਾਂ ਵੱਲੋਂ ਵੀ ਕਈ ਬਿਆਨ ਆ ਚੁੱਕੇ ਹਨ। ਇਸ ਦਰਮਿਆਨ ਦਿੱਲੀ ਵਿਚ ਕਮਲਨਾਥ ਨੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਭਾਜਪਾ ‘ਚ ਸ਼ਾਮਲ ਹੋਣ ਦੀਆਂ ਅਟਕਲਾਂ ‘ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਨੇਤਾ ਕਮਲਨਾਥ ਨੇ ਕਿਹਾ ਕਿ ਮੇਰੀ ਤਾਂ ਕਿਤੇ ਵੀ ਕੋਈ ਗੱਲ ਨਹੀਂ ਹੋਈ। ਓਧਰ ਕਾਂਗਰਸ ਨੇਤਾ ਸੱਜਣ ਸਿੰਘ ਵਰਮਾ ਨੇ ਕਮਲਨਾਥ ਨਾਲ ਮੁਲਾਕਾਤ ਮਗਰੋਂ ਉਨ੍ਹਾਂ ਦੇ ਹਵਾਲੇ ਤੋਂ ਕਿਹਾ ਕਿ ਮੈਂ ਨਹਿਰੂ-ਗਾਂਧੀ ਪਰਿਵਾਰ ਨਾਲ ਜੁੜਿਆ ਹਾਂ ਅਤੇ ਸਾਡੇ ਦਰਮਿਆਨ ਪਰਿਵਾਰਕ ਰਿਸ਼ਤੇ ਹਨ, ਸਿਆਸੀ ਸਮੀਕਰਨ ਨਹੀਂ।

## ਰਾਹੁਲ ਦਾ ਭਾਜਪਾ ’ਤੇ ਨਿਸ਼ਾਨਾ- ‘ਡਬਲ ਇੰਜਣ ਵਾਲੀ ਸਰਕਾਰ ਦਾ ਮਤਲਬ ਬੇਰੁਜਗਾਰਾਂ ਨੂੰ ‘ਦੋਹਰੀ ਮਾਰ’

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 19 ਫਰਵਰੀ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਉੱਤਰ ਪ੍ਰਦੇਸ ‘ਚ ਬੇਰੁਜਗਾਰੀ ਦੇ ਮੁੱਦੇ ‘ਤੇ ਭਾਰਤੀ ਜਨਤਾ ਪਾਰਟੀ (ਭਾਜਪਾ) ‘ਤੇ ਨਿਸਾਨਾ ਵਿੰਨ੍ਹਦਿਆਂ ਕਿਹਾ ਕਿ ‘ਡਬਲ ਇੰਜਣ’ ਵਾਲੀ ਸਰਕਾਰ ਦਾ ਮਤਲਬ ਬੇਰੁਜਗਾਰਾਂ ‘ਤੇ ‘ਦੋਹਰੀ ਮਾਰ’ ਹੈ। ਰਾਹੁਲ ਨੇ ‘ਐਕਸ’ ‘ਤੇ ਇਕ ਪੋਸਟ ‘ਚ ਦਾਅਵਾ ਕੀਤਾ ਕਿ ਅੱਜ ਉੱਤਰ ਪ੍ਰਦੇਸ ਦਾ ਹਰ ਤੀਜਾ ਨੌਜਵਾਨ ਬੇਰੁਜਗਾਰੀ ਦੀ ਬੀਮਾਰੀ ਤੋਂ ਪੀੜਤ ਹੈ। ਰਾਹੁਲ ਨੇ ਕਿਹਾ ਕਿ ਜਿੱਥੇ 1.5 ਲੱਖ ਤੋਂ ਵੱਧ ਸਰਕਾਰੀ ਅਸਾਮੀਆਂ ਖਾਲੀ ਹਨ, ਉੱਥੇ ਹੀ ਗ੍ਰੈਜੂਏਟ, ਪੋਸਟ ਗ੍ਰੈਜੂਏਟ ਅਤੇ ਹੋਲਡਰ ਘੱਟੋ-ਘੱਟ ਯੋਗਤਾ ਵਾਲੀਆਂ ਪੋਸਟਾਂ ਲਈ ਵੀ ਲਾਈਨ ਵਿਚ ਖੜ੍ਹੇ ਹਨ। ਰਾਹੁਲ ਨੇ ਕਿਹਾ ਕਿ ਡਬਲ ਇੰਜਣ ਵਾਲੀ ਸਰਕਾਰ ਦਾ ਮਤਲਬ ਬੇਰੁਜਗਾਰਾਂ ‘ਤੇ ‘ਦੂਹਰੀ ਮਾਰ’ ਹੈ। ਸਭ ਤੋਂ ਪਹਿਲਾਂ ਭਰਤੀ ਇਕ ਸੁਫਨਾ ਹੈ, ਜੇਕਰ ਭਰਤੀ ਨਿਕਲਦੀ ਹੈ ਤਾਂ ਪੇਪਰ ਲੀਕ ਹੋ ਜਾਂਦੇ ਹਨ, ਜੇਕਰ ਪੇਪਰ ਦਿੰਦੇ ਹਨ ਤਾਂ ਨਤੀਜਾ ਪਤਾ ਨਹੀਂ ਹੁੰਦਾ ਅਤੇ ਲੰਮਾ ਸਮਾਂ ਇੰਤਜਾਰ ਕਰੋ। ਨਤੀਜੇ ਐਲਾਨੇ ਜਾਣ ਤੋਂ ਬਾਅਦ ਵੀ ਉਨ੍ਹਾਂ ਨੂੰ ਭਰਤੀ ਲਈ ਅਕਸਰ ਅਦਾਲਤਾਂ ‘ਚ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਫੌਜ ਤੋਂ ਲੈ ਕੇ ਰੇਲਵੇ ਅਤੇ ਸਿੱਖਿਆ ਤੋਂ ਲੈ ਕੇ ਪੁਲਸ ਤੱਕ ਭਰਤੀ ਲਈ ਸਾਲਾਂਬੱਧੀ ਉਡੀਕ ਕਰਨ ਤੋਂ ਬਾਅਦ ਲੱਖਾਂ ਵਿਦਿਆਰਥੀ ‘ਓਵਰਏਜ’ ਹੋ ਗਏ ਹਨ। ਰਾਹੁਲ ਨੇ ਕਿਹਾ ਕਿ ਨਿਰਾਸਾ ਦੇ ਇਸ ਚੱਕਰਵਿਊ ‘ਚ ਫਸਿਆ ਵਿਦਿਆਰਥੀ ਡਿਪਰੈਸਨ ਦਾ ਸ?ਿਕਾਰ ਹੋ ਰਿਹਾ ਹੈ ਅਤੇ ਟੁੱਟ ਰਿਹਾ ਹੈ। ਰਾਹੁਲ ਨੇ ਦਾਅਵਾ ਕੀਤਾ ਕਿ ਇਸ ਸਭ ਤੋਂ ਦੁਖੀ ਹੋ ਕੇ ਨੌਜਵਾਨ ਜਦੋਂ ਉਹ ਆਪਣੀਆਂ ਮੰਗਾਂ ਨੂੰ ਲੈ ਕੇ ਸੜਕਾਂ ‘ਤੇ ਨਿਕਲਦਾ ਹੈ, ਤਾਂ ਉਸ ਨੂੰ ਪੁਲਸ ਦੇ ਡੰਡਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਹੁਲ ਨੇ ਕਿਹਾ ਕਿ ਇਕ ਵਿਦਿਆਰਥੀ ਲਈ ਨੌਕਰੀ ਸਿਰਫ ਆਮਦਨੀ ਦਾ ਸਾਧਨ ਨਹੀਂ ਹੈ, ਸਗੋਂ ਜੀਵਨ ਵੀ ਹੈ। ਉਸ ਦੇ ਪਰਿਵਾਰ ਵਿਚ ਬਦਲਾਅ ਦਾ ਸੁਫਨਾ ਹੈ ਅਤੇ ਇਸ ਸੁਫਨੇ ਦੇ ਟੁੱਟਣ ਨਾਲ ਪੂਰੇ ਪਰਿਵਾਰ ਦੀਆਂ ਉਮੀਦਾਂ ਟੁੱਟ ਜਾਂਦੀਆਂ ਹਨ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਕਾਂਗਰਸ ਦੀਆਂ ਨੀਤੀਆਂ ਨੌਜਵਾਨਾਂ ਦੇ ਸੁਫਨਿਆਂ ਨਾਲ ਇਨਸਾਫ ਕਰਨਗੀਆਂ, ਅਸੀਂ ਉਨ੍ਹਾਂ ਦੀ ਤਪੱਸਿਆ ਨੂੰ ਵਿਅਰਥ ਨਹੀਂ ਜਾਣ ਦੇਵਾਂਗੇ।





## ਪਤੀ-ਪਤਨੀ ਦੇ ਝਗੜੇ ਨੂੰ ਸ਼ਾਂਤ ਕਰਵਾਉਣਾ ਪਿਆ ਮਹਿੰਗਾ, ਵਿਅਕਤੀ ਨੂੰ ਮੌਤ ਦੇ ਘਾਟ ਉਤਾਰਿਆ

ਤਰਨਤਾਰਨ 19 ਫਰਵਰੀ। ਜ਼ਿਲ੍ਹੇ ਦੇ ਥਾਣਾ ਸਰਹਾਲੀ ਅਧੀਨ ਪੈਂਦੇ ਪਿੰਡ ਜੱਟਾਂ ਵਿਖੇ ਦੇਰ ਸ਼ਾਮ ਗੁਆਂਢ 'ਚ ਹੁੰਦੇ ਪਤੀ-ਪਤਨੀ ਦੇ ਝਗੜੇ ਨੂੰ ਸ਼ਾਂਤ ਕਰਵਾਉਣ ਗਏ ਇਕ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ। ਪਿੰਡ ਜੱਟਾਂ ਦੀ ਸਾਬਕਾ ਮੈਂਬਰ ਪੰਚਾਇਤ ਸੁਖਰਾਜ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਲਜਿੰਦਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਜੱਟਾਂ ਜੋ ਰਾਜ ਗਿਰੀ ਦਾ ਕੰਮ-ਕਾਜ ਕਰਦਾ ਹੈ ਦੇ ਸਰੀਕੇ 'ਚ ਗੁਆਂਢ ਰਹਿੰਦੇ ਸਰਬਜੀਤ ਸਿੰਘ ਵੱਲੋਂ ਸੋਮਵਾਰ ਦੇਰ ਸ਼ਾਮ ਆਪਣੀ ਪਤਨੀ ਦੀ ਕੁੱਟਮਾਰ ਕੀਤੀ ਜਾ ਰਹੀ ਸੀ। ਜਿਸ ਨੂੰ ਸ਼ਾਂਤ ਕਰਵਾਉਣ ਲਈ ਬਲਜਿੰਦਰ ਸਿੰਘ ਉਨ੍ਹਾਂ ਦੇ ਘਰ ਜਾ ਪੁੱਜਾ। ਬਲਜਿੰਦਰ ਸਿੰਘ ਵੱਲੋਂ ਇਸ ਦੌਰਾਨ ਸਰਬਜੀਤ ਸਿੰਘ ਨੂੰ ਮਾੜਾ-ਚੰਗਾ ਬੋਲਣ ਤੋਂ ਬਾਅਦ ਆਪਣੇ ਘਰ ਵਾਪਸ ਪਰਤ ਗਿਆ। ਕੁਝ ਸਮੇਂ ਬਾਅਦ ਸਰਬਜੀਤ ਸਿੰਘ ਆਪਣੇ 2 ਭਰਾਵਾਂ ਅਤੇ 4 ਭਤੀਜਿਆਂ ਸਣੇ ਬਲਜਿੰਦਰ ਸਿੰਘ ਦੇ ਘਰ ਦਾਖਲ ਹੋਏ ਤੇ ਤੇਜਧਾਰ ਹਥਿਆਰਾਂ ਨਾਲ ਬਲਜਿੰਦਰ ਸਿੰਘ 'ਤੇ ਹਮਲਾ ਕਰਦੇ ਹੋਏ ਉਸ ਨੂੰ ਜ਼ਖਮੀ ਕਰ ਦਿੱਤਾ ਗਿਆ। ਜ਼ਖਮੀ ਹਾਲਤ 'ਚ ਜਦੋਂ ਬਲਜਿੰਦਰ ਸਿੰਘ ਨੂੰ ਹਸਪਤਾਲ ਵਿਖੇ ਇਲਾਜ ਲਈ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮ੍ਰਿਤਕ ਆਪਣੇ ਪਿੱਛੇ ਧਰਮ ਪਤਨੀ ਪ੍ਰਭਜੀਤ ਕੌਰ ,9 ਸਾਲਾ ਲੜਕਾ ਅਤੇ 11 ਸਾਲਾ ਲੜਕੀ ਨੂੰ ਛੱਡ ਗਿਆ ਹੈ। ਥਾਣਾ ਸਰਹਾਲੀ ਦੇ ਮੁਖੀ ਇੰਸਪੈਕਟਰ ਸੁਖਬੀਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਲਾਸ਼ ਨੂੰ ਕਬਜੇ 'ਚ ਲੈਂਦੇ ਹੋਏ ਮੁਲਜਮਾਂ ਖਿਲਾਫ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸਿਹਤ ਨਾਲ ਖਿਲਵਾੜ: ਛਾਪੇਮਾਰੀ ਦੌਰਾਨ ਹਜਾਰ ਲੀਟਰ ਨਕਲੀ ਦੁੱਧ ਬਰਾਮਦ, ਮੁਲਜਮ 24 ਸਾਲਾਂ ਤੋਂ ਕਰ ਰਿਹੈ ਇਹ ਕੰਮ

ਮਲੋਟ 19 ਫਰਵਰੀ। ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਵੱਡੀ ਕਾਰਵਾਈ ਕਰਦਿਆਂ ਮਲੋਟ ਐਡਵਰਡਗੰਜ ਗੈਸਟ ਹਾਊਸ ਨੇੜੇ ਸਿੰਥੈਟਿਕ ਦੁੱਧ ਤਿਆਰ ਕਰਨ ਵਾਲੀ ਫੈਕਟਰੀ ਤੇ ਛਾਪੇਮਾਰੀ ਕਰਕੇ ਕਈ ਸੈਂਕੜੇ ਲੀਟਰ ਨਕਲੀ ਦੁੱਧ ਅਤੇ ਕਰੀਮ ਬਰਾਮਦ ਕੀਤੀ ਹੈ। ਉਕਤ ਵਿਅਕਤੀ ਪਿਛਲੇ 24 ਸਾਲਾਂ ਤੋਂ ਇਹ ਕੰਮ ਕਰ ਰਿਹਾ ਸੀ। ਜਾਣਕਾਰੀ ਮੁਤਾਬਕ ਸਿਹਤ ਅਧਿਕਾਰੀ ਡਾ.ਅਭਿਨਵ ਖੋਸਲ ਨੇ ਟੀਮ ਦੇ ਨਾਲ ਛਾਪੇਮਾਰੀ ਕੀਤੀ, ਜਿਥੇ ਟੀਮ ਨੂੰ ਨਕਲੀ ਦੁੱਧ ਤਿਆਰ ਕਰਨ ਦਾ ਸਾਜੋ-ਸਾਮਾਨ ਬਰਾਮਦ ਹੋਇਆ। ਬਾਅਦ ਵਿਚ ਡੀ. ਐੱਚ. ਓ. ਊਸਾ ਗੋਇਲ ਸਮੇਤ ਅਧਿਕਾਰੀ ਮੌਕੇ 'ਤੇ ਪੁੱਜੇ ਅਤੇ ਕਾਰਵਾਈ ਨੂੰ ਅੰਜਾਮ ਦਿੱਤਾ। ਇਸ ਸਬੰਧੀ ਜ਼ਿਲ੍ਹਾ ਸਿਹਤ ਅਧਿਕਾਰੀ ਊਸਾ ਗੋਇਲ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸਹਿਰ ਅੰਦਰ ਸੁਨਾਮ ਜ਼ਿਲ੍ਹੇ ਨਾਲ ਸਬੰਧਤ ਬਹਾਦਰ ਸਿੰਘ ਨਾਂ ਦਾ ਵਿਅਕਤੀ ਡੇਅਰੀ ਦੀ ਆੜ ਹੇਠ ਦੁੱਧ ਤਿਆਰ ਕਰਨ ਅਤੇ ਅੱਗੇ ਵੇਚਣ ਦਾ ਕੰਮ ਕਰਦਾ ਹੈ। ਸਿਹਤ ਵਿਭਾਗ ਨੇ ਪੁਲਸ ਦੀ ਮਦਦ ਨਾਲ ਕਾਰਵਾਈ ਕਰਕੇ ਛਾਪੇਮਾਰੀ ਕਰਕੇ ਕੈਂਟਰਾਂ ਵਿਚ 1000 ਲੀਟਰ ਦੇ ਕਰੀਬ ਤਿਆਰ ਦੁੱਧ ਅਤੇ ਕਰੀਮ ਬਰਾਮਦ ਕੀਤੀ ਹੈ। ਇਹ ਵਿਅਕਤੀ ਇਕ ਲੀਟਰ ਰਿਫਾਇੰਡ ਵਿਚ ਥੋੜਾ



ਜਿਹਾ ਦੁੱਧ ਪਾ ਕੇ 20 ਲੀਟਰ ਦੁੱਧ ਤਿਆਰ ਕਰਕੇ ਅੱਗੇ ਭੇਜਦਾ ਸੀ। ਉਕਤ ਵਿਅਕਤੀ ਨੇ ਟੀਮ ਨੂੰ ਦੁੱਧ ਤਿਆਰ ਕਰਕੇ ਵੀ ਦਿਖਾਇਆ। ਸਿਹਤ ਅਧਿਕਾਰੀ ਨੇ ਦੱਸਿਆ ਕਿ ਇਹ ਵਿਅਕਤੀ ਸੁਨਾਮ ਤੋਂ ਹਰ ਸਾਲ ਸਰਦੀਆਂ ਵਿਚ ਆਕੇ ਇਹ ਕੰਮ ਕਰਦਾ ਹੈ ਅਤੇ ਹਰ ਸਾਲ ਆਪਣਾ ਟਿਕਾਣਾ ਬਦਲ ਲੈਂਦਾ ਹੈ। ਉਨ੍ਹਾਂ ਕਿਹਾ ਸੈਂਪਲ ਤੋਂ ਬਾਅਦ ਪੁਲਸ ਕਾਰਵਾਈ ਕੀਤੀ ਜਾਵੇਗੀ। ਉਧਰ ਉਕਤ ਵਿਅਕਤੀ ਨੇ ਦੱਸਿਆ ਕਿ ਉਹ ਉਸ ਕੋਲ ਲਾਈਸੈਂਸ ਨਹੀਂ ਪਰ ਦੁੱਧ ਅੱਗੇ ਭੇਜਣ ਦਾ ਕੰਮ ਕਰਦਾ ਹੈ। ਪਹਿਲਾਂ ਵੀ ਉਸ ਦਾ ਸੈਂਪਲ ਕਈ ਵਾਰ ਭਰਿਆ ਗਿਆ ਹੈ। ਉੱਧਰ ਸਿਟੀ ਮਲੋਟ ਪੁਲਸ ਵੱਲੋਂ ਨਕਲੀ ਦੁੱਧ ਦਾ ਕਾਰੋਬਾਰ ਕਰਨ ਵਾਲੇ ਇਸ ਵਿਅਕਤੀ ਵਿਰੁੱਧ ਕਨੂੰਨੀ ਕਾਰਵਾਈ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲਾ ਦਰਜ ਕਰਕੇ ਉਕਤ ਵਿਅਕਤੀ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ। ਇਹ ਵੀ ਜ਼ਿਕਰਯੋਗ ਹੈ ਕਿ ਕੁਝ ਦੋਧੀਆਂ ਵੱਲੋਂ ਨਕਲੀ ਦੁੱਧ ਤਿਆਰ ਕਰਕੇ ਘਰਾਂ ਵਿਚ ਸਪਲਾਈ ਕੀਤਾ ਜਾ ਰਿਹਾ ਹੈ ਜਿਸ ਨੂੰ ਲੈ ਕੇ ਸਹਿਰ ਵਿਚ ਕਾਫੀ ਰੋਲਾ ਹੈ । ਅੱਜ ਸਿਹਤ ਅਧਿਕਾਰੀ ਨੇ ਮਲੋਟ ਅੰਦਰ ਛਾਪੇਮਾਰੀ ਦੌਰਾਨ ਇਹ ਵੀ ਅਪੀਲ ਕੀਤੀ ਕਿ ਅਗਰ ਕਿਸੇ ਵਿਅਕਤੀ ਦੇ ਧਿਆਨ ਵਿਚ ਅਜਿਹਾ ਮਾਮਲਾ ਆਉਂਦਾ ਹੈ ਤਾਂ ਉਹ ਇਸ ਦੀ ਜਾਣਕਾਰੀ ਸਿਹਤ ਵਿਭਾਗ ਨੂੰ ਦੇਵੇ। ਸ਼ਿਕਾਇਤ ਕਰਨ ਵਾਲੇ ਦਾ ਨਾਂ ਗੁਪਤ ਰੱਖਿਆ ਜਾਵੇਗਾ।

## ਅਜਨਾਲਾ ਵਿਖੇ ਨਸ਼ਾ ਤਸਕਰ ਤੇ ਪੁਲਸ ਵਿਚਾਲੇ ਮੁਕਾਬਲਾ, ਚੱਲੀਆਂ ਗੋਲੀਆਂ

ਅਜਨਾਲਾ 19 ਫਰਵਰੀ। ਨਸ਼ਾ ਤਸਕਰਾਂ ਅਤੇ ਪੁਲਸ ਵਿਚਾਲੇ ਵੱਡਾ ਮੁਕਾਬਲਾ ਹੋਇਆ ਹੈ। ਗੋਲੀਆਂ ਦੀ ਆਵਾਜ਼ ਨਾਲ ਪਿੰਡ ਦੇ ਲੋਕ ਸਹਿਮ ਚੁੱਕੇ ਹਨ। ਪੁਲਸ ਅਤੇ ਨਸ਼ਾ ਤਸਕਰਾਂ ਵਿਚਾਲੇ ਗੋਲੀਆਂ ਵੀ ਚਲਾਈਆਂ ਗਈਆਂ ਸਨ। ਮਿਲੀ ਜਾਣਕਾਰੀ ਅਨੁਸਾਰ ਐੱਸ.ਟੀ.ਐੱਫ ਦੀ ਟੀਮ ਕਾਫੀ ਸਮੇਂ ਤੋਂ ਨਸ਼ਾ ਤਸਕਰਾਂ ਦੇ ਪਿੱਛੇ ਲੱਗੀ ਹੋਈ ਸੀ ਤਾਂ ਜਦੋਂ ਐੱਸ.ਟੀ.ਐੱਫ ਦੀ ਟੀਮ ਨੇ ਆਪਣੀਆਂ ਗੱਡੀਆਂ ਨਸ਼ਾ ਤਸਕਰਾਂ ਦੇ ਪਿੱਛੇ ਲਗਾਈਆਂ ਤਾਂ ਮੁਲਜਮਾਂ ਨੇ ਗੱਡੀਆਂ ਨੂੰ ਅਚਾਨਕ ਖੇਤਾਂ 'ਚ ਮੋੜ ਲਿਆ। ਜਿੱਥੇ ਪੁਲਸ ਅਤੇ ਨਸ਼ਾ ਤਸਕਰਾਂ ਵਿਚਾਲੇ ਜਬਰਦਸਤ ਮੁਕਾਬਲਾ ਹੋਇਆ। ਇਸ ਦੌਰਾਨ ਨਸ਼ਾ ਤਸਕਰਾਂ ਦੀ ਗੱਡੀ ਆਈ-20 ਦੱਸੀ ਜਾ ਰਹੀ ਹੈ ਜੋ ਪੂਰੀ ਤਰ੍ਹਾਂ ਨਾਲ ਟੁੱਟ ਗਈ ਸੀ। ਗੱਡੀ ਦੀ ਜਾਂਚ ਦੌਰਾਨ ਉਸ 'ਚੋਂ 1 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ ਹੈ।

# 'ਅਸ਼ੀਰਵਾਦ' ਸਕੀਮ ਦੇ ਲਾਭਪਾਤਰੀਆਂ ਲਈ ਅਹਿਮ ਖਬਰ, ਮੰਤਰੀ ਬਲਜੀਤ ਕੌਰ ਨੇ ਕੀਤਾ ਵੱਡਾ ਐਲਾਨ

ਚੰਡੀਗੜ੍ਹ- 19 ਫਰਵਰੀ। 'ਅਸ਼ੀਰਵਾਦ' ਸਕੀਮ ਦੇ ਲਾਭਪਾਤਰੀਆਂ ਲਈ ਅਹਿਮ ਖਬਰ ਸਾਹਮਣੇ ਆਈ ਹੈ। ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਜਾਰੀ ਕੀਤੀ ਜਾਵੇਗੀ। ਇਸ ਦਾ ਪ੍ਰਗਟਾਵਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਕੈਬਨਿਟ ਮੰਤਰੀ ਨੇ ਹੋਰ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਰਾਜ ਵਿੱਚ ਅਸੀਰਵਾਦ ਸਕੀਮ ਤਹਿਤ ਮਾਰਚ 2022 ਤੋਂ ਅਨੁਸੂਚਿਤ ਜਾਤੀਆਂ ਦੇ 21662 ਲਾਭਪਾਤਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾ ਦੇ 13385 ਲਾਭਪਾਤਰੀ, ਕੁੱਲ 35047 ਲਾਭਪਾਤਰੀਆਂ ਦੀਆਂ ਦਰਖਾਸਤਾਂ ਪੈਂਡਿੰਗ ਸਨ, ਜਿਨ੍ਹਾਂ ਦੀ ਕੁੱਲ 17849.37 ਲੱਖ ਰੁਪਏ ਦੇਣਦਾਰੀ ਬਣਦੀ ਸੀ। ਮੌਜੂਦਾ ਸਰਕਾਰ ਵੱਲੋਂ ਫਰਵਰੀ 2022 ਤੱਕ ਕੁੱਲ 35047 ਲਾਭਪਾਤਰੀਆਂ ਨੂੰ 17849.37 ਲੱਖ ਰੁਪਏ ਦਾ ਲਾਭ ਦੇ ਦਿਤਾ ਗਿਆ ਹੈ। ਮਾਰਚ 2022 ਤੋਂ ਜਨਵਰੀ 2023 ਤੱਕ ਅਨੁਸੂਚਿਤ ਜਾਤੀਆਂ ਦੇ 33983 ਲਾਭਪਾਤਰੀਆਂ ਲਈ 17331.33 ਲੱਖ ਰੁਪਏ ਅਤੇ ਪੱਛੜੀਆਂ ਸ਼੍ਰੇਣੀਆਂ ਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ 16206 ਰਹਿੰਦੇ ਲਾਭਪਾਤਰੀਆਂ 8265.06 ਲੱਖ ਰੁਪਏ ਕੁੱਲ 50189 ਲਾਭਪਾਤਰੀਆਂ ਲਈ 25596.39 ਲੱਖ ਰੁਪਏ ਦੀ ਵਿੱਤੀ ਸਹਾਇਤਾ ਜਲਦ ਹੀ ਦਿੱਤੀ ਜਾ ਰਹੀ ਹੈ। ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਸਬੰਧੀ ਲਾਭਪਾਤਰੀ ਘਰ ਬੈਠੇ ਹੀ ਵਿੱਤੀ ਲਾਭ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਅਸੀਰਵਾਦ ਸਕੀਮ ਸਬੰਧੀ ਪੋਰਟਲ ਦੀ 15 ਨਵੰਬਰ 2022 ਨੂੰ ਸ਼ੁਰੂਆਤ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਹ ਪੋਰਟਲ ਬਿਨਾਂ ਹਾਜ਼ਰ ਹੋਏ ਸੰਪਰਕ ਰਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਯਕੀਨੀ ਬਣਾਵੇਗਾ। ਆਸ਼ੀਰਵਾਦ ਸਕੀਮ ਸਬੰਧੀ ਪੋਰਟਲ ਸ਼ੁਰੂ



ਹੋਣ ਨਾਲ ਸਿਸਟਮ ਵਿੱਚ ਪਾਰਦਰਸ਼ਤਾ ਅਤੇ ਤੇਜੀ ਨੂੰ ਯਕੀਨੀ ਬਣਾਇਆ ਜਾ ਸਕੇਗਾ। ਲਾਭਪਾਤਰੀਆਂ ਆਫਲਾਈਨ/ਆਨਲਾਈਨ ਦੋਨੋ ਢੰਗਾਂ ਨਾਲ 31 ਮਾਰਚ 2023 ਤੱਕ ਦਰਖਾਸਤਾਂ ਦੇ ਸਕਦੇ ਹਨ। ਆਨਲਾਈਨ ਦਰਖਾਸਤਾਂ ਪ੍ਰਾਪਤ ਕਰਨ ਦੀ ਮੁਕੰਮਲ ਪ੍ਰਕਿਰਿਆ ਅਪ੍ਰੈਲ 2023 ਤੋਂ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ 51000 ਰੁਪਏ ਦੀ ਵਿੱਤੀ ਸਹਾਇਤਾ ਸਗਨ ਵਜੋਂ ਦਿੱਤੀ ਜਾਂਦੀ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਇਹ ਵਿੱਤੀ ਸਹਾਇਤਾ ਇਕ ਪਰਿਵਾਰ ਦੀਆਂ ਦੋ ਲੜਕੀਆਂ ਜੋ ਪੰਜਾਬ ਰਾਜ ਦੇ ਵਸਨੀਕ ਹੋਣ ਅਤੇ ਉਨ੍ਹਾਂ ਦੀ ਸਲਾਨਾ ਆਮਦਨ 32790 ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ, ਨੂੰ ਦਿੱਤੀ ਜਾਂਦੀ ਹੈ।

## ਚੀਨੀ ਸਰਹੱਦ ਤੱਕ ਵਿਛੇਗੀ ਭਾਰਤ ਦੀ ਰੇਲਵੇ ਲਾਈਨ

ਨਵੀਂ ਦਿੱਲੀ 19 ਫਰਵਰੀ। ਸਰਕਾਰ ਨੇ ਰੇਲਵੇ ਦੇ ਮਾਧਿਅਮ ਨਾਲ ਗੁਆਂਢੀ ਦੇਸ਼ ਚੀਨ, ਨੇਪਾਲ, ਬੰਗਲਾਦੇਸ਼, ਮਿਆਂਮਾਰ ਅਤੇ ਭੂਟਾਨ ਨਾਲ ਸੰਪਰਕ ਨੂੰ ਸਸ਼ਕਤ ਬਣਾਉਣ ਦੀਆਂ ਯੋਜਨਾਵਾਂ ਨੂੰ ਚਲਾਉਣ ਦਾ ਫੈਸਲਾ ਕੀਤਾ ਹੈ ਜਿਸ ਵਿਚ ਸਿੱਕਮ ਵਿਚ ਤਿੱਬਤ ਦੀ ਸਰਹੱਦ 'ਤੇ ਨਾਥੂ ਲਾ ਦੱਰੇ ਤੱਕ ਰੇਲਵੇ ਲਾਈਨ ਵਿਛਾਉਣ ਦੀ ਯੋਜਨਾ ਸ਼ਾਮਲ ਹੈ। ਸੂਤਰਾਂ ਮੁਤਾਬਕ ਇਸ ਵਾਰ ਬਜਟ ਵਿਚ ਰੇਲਵੇ ਦੇ ਪ੍ਰਾਵਧਾਨਾਂ ਵਿਚ ਨੇਪਾਲ ਨਾਲ 7 ਰੇਲਵੇ ਲਿੰਕ, ਭੂਟਾਨ ਦੇ ਨਾਲ ਦੋ ਲਿੰਕ, ਮਿਆਂਮਾਰ ਨਾਲ ਘੱਟ ਤੋਂ ਘੱਟ ਇਕ ਅਹਿਮ ਲਿੰਕ ਅਤੇ ਬੰਗਲਾਦੇਸ਼ ਦੀ ਚਟਗਾਓਂ ਬੰਦਰਗਾਹ ਨਾਲ ਤ੍ਰਿਪੁਰਾ ਦੇ ਬਿਲੋਨੀਆ ਤੱਕ ਰੇਲਵੇ ਲਿੰਕ ਤੋਂ ਇਲਾਵਾ ਸਿੱਕਮ ਵਿਚ ਰੰਗਪੋ ਤੋਂ ਗੰਗਟੋਕ ਤੱਕ 69 ਕਿਲੋਮੀਟਰ ਲੰਬਾ ਅਤੇ ਗੰਗਟੋਕ ਤੋਂ ਨਾਥੂ ਲਾ ਤੱਕ 260 ਕਿਲੋਮੀਟਰ ਤੱਕ ਰੇਲਵੇ ਲਿੰਕ ਦੇ ਸੰਪਰਕ ਲਈ ਸ਼ੁਰੂਆਤੀ ਸਰਵੇਖਣ ਲਈ ਲੋੜੀਂਦੀ ਰਾਸ਼ੀ ਵੰਡੀ ਗਈ ਹੈ।

ਇਹ ਰੇਲਵੇ ਲਿੰਕ ਭਾਰਤ ਦੀ ਰਣਨੀਤਕ ਲੋੜਾਂ ਨੂੰ ਪੂਰਾ ਕਰੇਗਾ ਅਤੇ ਨਾਲ ਹੀ ਸ਼ਾਂਤੀ ਮੌਕੇ ਤਿੱਬਤ ਦੇ ਨਾਲ ਸਰਹੱਦੀ ਵਪਾਰ ਦੇ ਵਿਸਤਾਰ ਦੇ ਮੌਕੇ ਵੀ ਖੋਲ੍ਹੇਗਾ।

## ਨਸ਼ਿਆਂ ਨੇ ਬੁਝਾਇਆ ਇਕ ਹੋਰ ਘਰ ਦਾ ਚਿਰਾਗ, ਚਿੱਟੇ ਦੀ ਓਵਰਡੋਜ ਨਾਲ 26 ਸਾਲਾ ਨੌਜਵਾਨ ਦੀ ਮੌਤ

ਜੋਧਾਂ 19 ਫਰਵਰੀ। ਭਿਆਨਕ ਨਸ਼ੇ ਚਿੱਟੇ ਦੀ ਵਰਤੋਂ ਕਾਰਨ ਨੌਜਵਾਨ ਆਏ ਦਿਨ ਮੌਤ ਦੇ ਮੂੰਹ 'ਚ ਜਾ ਰਹੇ ਹਨ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਜਿਹੀ ਹੀ ਘਟਨਾ ਬੀਤੀ ਰਾਤ ਨੇੜਲੇ ਪਿੰਡ ਲੋਹਗੜ੍ਹ ਵਿਖੇ ਵਾਪਰੀ, ਜਿਸ 'ਚ 26 ਸਾਲਾ ਨੌਜਵਾਨ ਦੀ ਚਿੱਟੇ ਦਾ ਸੇਵਨ ਕਰਨ ਨਾਲ ਮੌਤ ਹੋ ਗਈ। ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮ੍ਰਿਤਕ ਦੀ ਲਾਸ਼ ਥਾਣੇ 'ਚ ਰੱਖ ਕੇ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਗੁਰਦਾਸ ਸਿੰਘ ਅਤੇ ਉਸ ਦੇ ਰਿਸ਼ਤੇਦਾਰ ਜਸਕਰਨ ਸਿੰਘ ਖ਼ਿਲਾਫ ਕਾਰਵਾਈ ਕਰਨ ਲਈ ਜੋਧਾਂ ਪੁਲਸ ਥਾਣੇ 'ਚ ਰੋਸ ਪ੍ਰਦਰਸ਼ਨ ਵੀ ਕੀਤਾ। ਇਸ ਸਬੰਧੀ ਮ੍ਰਿਤਕ ਨੌਜਵਾਨ ਗੁਰਪ੍ਰੀਤ ਸਿੰਘ ਦੇ ਪਿਤਾ ਹਰਜਿੰਦਰ ਸਿੰਘ ਅਤੇ ਚਾਚਾ ਜਗਜੀਤ ਸਿੰਘ ਵਾਸੀ ਲੋਹਗੜ੍ਹ ਨੇ ਦੱਸਿਆ ਕਿ ਪਿੰਡ 'ਚ ਹੀ ਗੁਰਦਾਸ ਸਿੰਘ ਦੇ ਘਰ ਲੋਹੜੀ ਸਮਾਗਮ 'ਤੇ ਡੀ. ਜੇ. ਲੱਗਿਆ ਹੋਇਆ ਸੀ। ਰਾਤ ਸਮੇਂ ਪਿੰਡ ਵਾਸੀ ਗੁਰਦਾਸ ਸਿੰਘ ਅਤੇ ਉਸ ਦਾ ਰਿਸ਼ਤੇਦਾਰ ਜਸਕਰਨ ਸਿੰਘ ਮੇਰੇ ਪੁੱਤਰ ਗੁਰਪ੍ਰੀਤ ਸਿੰਘ ਨੂੰ ਸਾਡੀ ਟਾਟਾ ਏਸ ਗੱਡੀ ਸਮੇਤ ਲੈ ਗਏ ਪਰ ਕੁਝ ਸਮੇਂ ਬਾਅਦ ਹੀ ਘਰ ਕੋਲ ਹੀ ਖਾਲੀ ਪਲਾਟ 'ਚ ਨਸ਼ੇ ਦਾ ਟੀਕਾ ਲਗਾਉਣ ਕਾਰਨ ਮੇਰੇ ਪੁੱਤ ਦੀ ਮੌਤ ਹੋ ਗਈ। ਹਰਜਿੰਦਰ ਸਿੰਘ ਨੇ ਦੱਸਿਆ ਕਿ ਮੇਰੇ ਬੇਟੇ ਗੁਰਪ੍ਰੀਤ ਸਿੰਘ ਦਾ ਕੁਝ ਸਾਲ ਪਹਿਲਾਂ ਹੀ ਵਿਆਹ ਹੋਇਆ ਸੀ, ਉਸ ਦੇ ਡੇਢ ਕੁ ਸਾਲ ਦਾ ਬੇਟਾ ਵੀ ਹੈ। ਪਰਿਵਾਰ ਵਾਲਿਆਂ ਅਤੇ ਪਿੰਡ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਤੋਂ ਗੁਰਪ੍ਰੀਤ ਸਿੰਘ ਦੀ ਮੌਤ ਲਈ ਜ਼ਿੰਮੇਵਾਰ ਦੋਵਾਂ ਹੀ ਵਿਅਕਤੀਆਂ ਗੁਰਦਾਸ ਸਿੰਘ ਅਤੇ ਜਸਕਰਨ ਸਿੰਘ ਖਿਲਾਫ ਸਖਤ ਕਾਨੂੰਨੀ ਕਰਵਾਈ ਕੀਤੀ ਜਾਵੇ। ਏ. ਐੱਸ. ਆਈ. ਬਲਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਪਿਤਾ ਹਰਜਿੰਦਰ ਸਿੰਘ ਦੇ ਬਿਆਨਾਂ 'ਤੇ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ, ਜੋ ਵੀ ਵਿਅਕਤੀ ਇਸ 'ਚ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮ੍ਰਿਤਕ ਗੁਰਪ੍ਰੀਤ ਸਿੰਘ ਦੀ ਲਾਸ਼ ਨੂੰ ਪੋਸਟਮਾਰਟਮ ਲਈ ਪ੍ਰੇਮਜੀਤ ਹਸਪਤਾਲ ਸੁਧਾਰ ਭੇਜ ਦਿੱਤਾ ਗਿਆ।

## ਪੰਜਾਬ ਦੇ ਅਧਿਆਪਕਾਂ ਲਈ ਚੰਗੀ ਖਬਰ, ਜਲਦ ਮਿਲ ਸਕਦੀ ਹੈ ਇਹ ਵੱਡੀ ਖੁਸ਼ਖਬਰੀ

ਪਟਿਆਲਾ 19 ਫਰਵਰੀ। ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ 'ਚ ਕੰਮ ਕਰਦੇ ਅਧਿਆਪਕਾਂ ਅਤੇ ਸੇਵਾ-ਮੁਕਤ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦਾ ਲਾਭ ਜਲਦ ਮਿਲੇਗਾ। ਇਹ ਭਰੋਸਾ ਸਿੱਖਿਆ ਵਿਭਾਗ ਪੰਜਾਬ ਦੇ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਪੰਜਾਬ ਸਟੇਟ ਏਡਿਡ ਸਕੂਲ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ 'ਚ ਦਿੱਤਾ, ਜੋ ਮਿੰਨੀ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ। ਮੀਟਿੰਗ 'ਚ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਸਕੱਤਰ ਕਮਲ ਕਿਸ਼ੋਰ ਯਾਦਵ, ਆਈ. ਏ. ਐੱਸ., ਮੈਡਮ ਗੌਰੀ ਪਰਾਸ਼ਰ ਜੋਸ਼ੀ ਆਈ. ਏ. ਐੱਸ. ਵਿਸ਼ੇਸ਼ ਸਿੱਖਿਆ ਸਕੱਤਰ, ਸਹਾਇਕ ਡਾਇਰੈਕਟਰ ਮਹੇਸ਼ ਕੁਮਾਰ, ਸੁਪਰਡੈਂਟ ਸਿੱਖਿਆ-3 ਅਤੇ ਹੋਰ ਅਧਿਕਾਰੀ ਹਾਜਰ ਸਨ ਜਦਕਿ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਐੱਨ. ਐੱਨ. ਸੈਣੀ ਅਤੇ ਸੂਬਾ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਦੀ ਅਗਵਾਈ ਵਾਲੇ ਪ੍ਰਤੀਨਿਧੀ ਮੰਡਲ ਨੇ ਹਿੱਸਾ ਲਿਆ। ਜਾਣਕਾਰੀ ਦਿੰਦਿਆਂ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਹਰਦੀਪ ਸਿੰਘ ਰੂਪਨਗਰ ਨੇ ਦੱਸਿਆ ਕਿ ਮੀਟਿੰਗ 'ਚ ਸਿੱਖਿਆ ਸਕੱਤਰ ਨੇ ਛੇਵਾਂ ਤਨਖਾਹ ਕਮਿਸ਼ਨ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ ਕਿਉਂਕਿ ਵਿੱਤ ਮੰਤਰੀ ਵੱਲੋਂ ਪਹਿਲਾਂ ਹੀ ਸਿਧਾਂਤਕ ਤੌਰ 'ਤੇ ਇਸ ਸਬੰਧੀ ਸਹਿਮਤੀ ਦੇ ਦਿੱਤੀ ਗਈ ਹੈ। ਏਡਿਡ ਸਕੂਲਾਂ 'ਚ ਕੰਮ ਕਰਦੇ ਸੀ ਐਂਡ ਵੀ. ਕੇਡਰ ਦੇ ਅਧਿਆਪਕਾਂ ਦੀ ਦਸੰਬਰ 2023 ਤੱਕ ਰੁਕੀ ਤਨਖਾਹ ਨੂੰ 4400 ਰੁਪਏ ਗਰੇਡ ਪੇਅ ਨਾਲ ਜਾਰੀ ਕਰਨ ਦੇ ਆਦੇਸ਼ ਵੀ ਕੀਤੇ ਗਏ। ਏਡਿਡ ਸਕੂਲਾਂ ਦੇ ਅਧਿਆਪਕਾਂ ਦੀ ਤਬਾਦਲਾ ਨੀਤੀ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ। ਇਸ ਸਬੰਧੀ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ, ਜਦਕਿ ਏਡਿਡ ਸਕੂਲਾਂ 'ਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਮੁਫਤ ਵਰਦੀਆਂ ਦੇਣ, ਸੀ. ਪੀ. ਐੱਫ. ਦੇ ਪੋਸਟ ਆਡਿਟ ਇਤਰਾਜ਼ਾ ਅਤੇ ਹੋਰ ਮਸਲਿਆਂ ਬਾਰੇ ਵੀ ਲੋੜੀਂਦੇ ਆਦੇਸ਼ ਜਾਰੀ ਕੀਤੇ ਗਏ।

## ਮੁਕਤਸਰ ਪੁਲਸ ਦੇ ਸ਼ਿਕੰਜੇ 'ਚ ਗੈਂਗਸਟਰ ਜੱਗੂ ਭਗਵਾਨਪੁਰੀਆ, ਮਿਲਿਆ 2 ਦਿਨਾ ਰਿਮਾਂਡ

ਸ੍ਰੀ ਮੁਕਤਸਰ ਸਾਹਿਬ 19 ਫਰਵਰੀ। ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ ਦਿੱਲੀ ਤੋਂ ਟਰਾਂਜਿਟ ਰਿਮਾਂਡ 'ਤੇ ਲਿਆ ਕੇ ਮਾਣਯੋਗ ਅਦਾਲਤ 'ਚ ਪੇਸ਼ ਕੀਤਾ ਗਿਆ। ਜਿੱਥੇ ਮਾਣਯੋਗ ਅਦਾਲਤ ਨੇ ਸੁਣਵਾਈ ਕਰਦਿਆਂ ਉਸ ਨੂੰ 2 ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਹੁਣ ਗੈਂਗਸਟਰ ਜੱਗੂ ਭਗਵਾਨਪੁਰੀਆ ਨੂੰ 26 ਜਨਵਰੀ ਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਜਾਵੇਗਾ। ਦੱਸ ਦੇਈਏ ਕਿ ਸ੍ਰੀ ਮੁਕਤਸਰ ਸਾਹਿਬ ਥਾਣਾ ਸਿਟੀ ਵਿਚ ਦਰਜ ਐੱਫ. ਆਈ. ਆਰ. ਦੇ ਮਾਮਲੇ 'ਚ ਜੱਗੂ ਭਗਵਾਨਪੁਰੀਆ ਨੂੰ ਮੁਕਤਸਰ ਲਿਆਂਦਾ ਗਿਆ ਹੈ। ਇਹ ਮਾਮਲਾ ਸਾਲ 2021 ਵਿਚ ਦਰਜ ਕੀਤਾ ਗਿਆ ਸੀ , ਜਿਸ ਵਿੱਚ ਬਿਆਨਕਰਤਾ ਨੇ ਦੋਸ਼ ਲਗਾਏ ਸਨ ਕਿ ਜੱਗੂ ਭਗਵਾਨਪੁਰੀਆ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਮ 'ਤੇ 30 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ ਤੇ ਨਾ ਦੇਣ 'ਤੇ ਉਸ ਦੇ ਮੁੰਡੇ ਨੂੰ ਮਾਰਨ ਜੀ ਧਮਕੀ ਦਿੱਤੀ ਸੀ। ਇਸ ਸਬੰਧੀ ਪੁਲਸ ਨੇ ਲਾਰੈਂਸ ਬਿਸ਼ਨੋਈ ਦੇ ਨਾਮ 'ਤੇ 22 ਮਾਰਚ 2021 ਨੂੰ ਮਾਮਲਾ ਦਰਜ ਕੀਤਾ ਸੀ। ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਮਾਮਲੇ 'ਚ ਪੁਲਸ ਪਹਿਲਾਂ ਲਾਰੈਂਸ ਬਿਸ਼ਨੋਈ ਨੂੰ ਵੀ ਰਿਮਾਂਡ 'ਤੇ ਲੈ ਕੇ ਆਈ ਸੀ ਤੇ ਉਸ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਚੁੱਕੀ ਹੈ।

## ਭਿਆਨਕ ਹਾਦਸੇ ਨੇ ਘਰ 'ਚ ਪੁਆਏ ਵੈਣ, ਵਿਆਹ ਸਮਾਗਮ ਤੋਂ ਪਰਤ ਰਹੇ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ

ਤਲਵੰਡੀ ਭਾਈ 19 ਫਰਵਰੀ। ਬੀਤੀ ਦੇਰ ਰਾਤ ਸ਼ੇਰ ਖਾਂ ਵਿਖੇ ਵਾਪਰੇ ਭਿਆਨਕ ਹਾਦਸੇ 'ਚ ਇਕ ਨੌਜਵਾਨ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਸ਼ੇਰ ਖਾਂ ਦੇ ਬੱਸ ਸਟੈਂਡ ਨੇੜੇ ਵਾਪਰਿਆ। ਮ੍ਰਿਤਕ ਦੀ ਪਛਾਣ ਜਸ਼ਨਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਸਾਂਦੇ ਹਾਸ਼ਮ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਜਸ਼ਨਪ੍ਰੀਤ ਬੀਤੀ ਰਾਤ ਵਿਆਹ ਦੇ ਜਾਗੋ ਸਮਾਗਮ ਤੋਂ ਵਾਪਸ ਪਰਤ ਰਿਹਾ ਸੀ। ਇਸ ਦੌਰਾਨ ਜਦੋਂ ਉਹ ਪਿੰਡ ਸ਼ੇਰ ਖਾਂ ਦੇ ਬੱਸ ਸਟੈਂਡ ਕੋਲ ਪੁੱਜਾ ਤਾਂ ਉਸਦੀ ਕਾਰ ਅਚਾਨਕ ਬਿਜਲੀ ਦੇ ਖੰਭੇ ਨਾਲ ਟਕਰਾ ਕੇ ਇਕ ਦਰਖੱਤ ਨਾਲ ਟਕਰਾਉਂਦਿਆਂ ਖੇਤਾਂ 'ਚ ਜਾ ਵੜੀ। ਜਿਸ ਕਾਰਨ ਗੰਭੀਰ ਸੱਟਾਂ ਵੱਜਣ ਕਾਰਨ ਉਸ ਦੀ ਮੌਤ ਹੋ ਗਈ। ਦੁਖਦਾਇਕ ਗੱਲ ਇਹ ਹੈ ਕਿ ਮ੍ਰਿਤਕ ਨੌਜਵਾਨ ਜਸ਼ਨਪ੍ਰੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤ ਸੀ। ਪੁੱਤ ਦੀ ਮੌਤ ਦੀ ਖਬਰ ਮਿਲਣ ਤੋਂ ਬਾਅਦ ਪਰਿਵਾਰ ਵਾਲਿਆਂ ਦਾ ਰੋ-ਰੋ ਬੁਰਾ ਹਾਲ ਹੈ।

## ਘਰ ਦੇ ਬਾਹਰ ਗੱਡੀਆਂ ਖੜ੍ਹੀਆਂ ਕਰਨ ਵਾਲੇ ਹੋ ਜਾਣ ਸਾਵਧਾਨ, ਰਾਤੋ-ਰਾਤ ਹੋ ਗਿਆ ਕਾਰਾ


ਗੁਰਦਾਸਪੁਰ 19 ਫਰਵਰੀ। ਬਟਾਲਾ ਪੁਲਸ ਅਧੀਨ ਪੈਂਦੇ ਕਸਬਾ ਕਾਦੀਆਂ ਵਿਖੇ ਸ਼ਾਤਰ ਚੋਰਾਂ ਨੇ ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਨਿਸਾਨਾ ਬਣਾ ਕੇ ਦੇਰ ਰਾਤ 5 ਗੱਡੀਆਂ ਦੇ ਟਾਇਰ ਅਤੇ ਮਿਊਜ਼ਿਕ ਸਿਸਟਮ ਚੋਰੀ ਕਰ ਲਏ, ਜਿਸ ਤੋਂ ਬਾਅਦ ਗੱਡੀਆਂ ਨੂੰ ਇੱਟਾਂ ਦੇ ਸਹਾਰੇ ਖੜ੍ਹਾ ਕਰਕੇ ਫਰਾਰ ਹੋ ਗਏ। ਇਹ ਸਾਰੀ ਘਟਨਾ ਸੀਸੀਟੀਵੀ 'ਚ ਕੈਦ ਹੋ ਗਈ। ਕਾਦੀਆਂ ਦੇ ਰਹਿਣ ਵਾਲੇ ਗੱਡੀਆਂ ਦੇ ਮਾਲਕ ਗਿੰਨੀ ਭਾਟੀਆ ਸਾਬਕਾ ਐੱਮਸੀ ਤੇ ਨਿਖਿਲ ਭਾਟੀਆ ਨੇ ਦੱਸਿਆ ਕਿ ਬੀਤੀ ਰਾਤ ਐਕਟਿਵਾ 'ਤੇ ਆਏ 2 ਚੋਰ ਘਰਾਂ ਦੇ ਬਾਹਰ ਖੜ੍ਹੀਆਂ ਗੱਡੀਆਂ ਨੂੰ ਨਿਸਾਨਾ ਬਣਾਉਂਦਿਆਂ ਗੱਡੀਆਂ ਦੇ ਟਾਇਰ, ਅਲੋਏ ਵ੍ਹੀਲ ਅਤੇ ਮਿਊਜ਼ਿਕ ਸਿਸਟਮ ਚੋਰੀ ਕਰਕੇ ਲਏ ਅਤੇ ਗੱਡੀਆਂ ਨੂੰ ਇੱਟਾਂ ਦੇ ਸਹਾਰੇ ਖੜ੍ਹਾ ਕਰਕੇ ਫਰਾਰ ਹੋ ਗਏ। ਘਟਨਾ ਬੀਤੀ ਰਾਤ 3 ਵਜੇ ਦੇ ਕਰੀਬ ਦੀ ਹੈ, ਜੋ ਕਿ ਸੀਸੀਟੀਵੀ 'ਚ ਰਿਕਾਰਡ ਹੋ ਗਈ ਹੈ। ਪੀੜਤਾਂ ਨੇ ਅਪੀਲ ਕੀਤੀ ਕਿ ਪੁਲਸ ਨੂੰ ਇਨ੍ਹਾਂ ਚੋਰਾਂ 'ਤੇ ਨਕੇਲ ਕੱਸਦਿਆਂ ਇਨ੍ਹਾਂ ਨੂੰ ਕਾਬੂ ਕਰਨਾ ਚਾਹੀਦਾ ਹੈ ਤਾਂ ਕਿ ਆਮ ਜਨਤਾ ਨੂੰ ਅਜਿਹੀਆਂ ਵਾਰਦਾਤਾਂ ਤੋਂ ਨਿਜਾਤ ਮਿਲ ਸਕੇ। ਉਥੇ ਹੀ ਇਸ ਮਾਮਲੇ 'ਚ ਪੁਲਸ ਨੂੰ ਸ਼ਿਕਾਇਤ ਦਰਜ ਕਾਰਵਾਈ ਗਈ ਹੈ।

## ਚੋਰੀ ਦਾ ਮੋਟਰਸਾਈਕਲ ਵੇਚਣ ਜਾ ਰਹੇ ਦੋ ਨੌਜਵਾਨਾਂ 'ਚੋਂ ਇਕ ਕਾਬੂ

ਬਟਾਲਾ 19 ਫਰਵਰੀ। ਚੋਰੀ ਦਾ ਮੋਟਰਸਾਈਕਲ ਵੇਚਣ ਜਾ ਰਹੇ ਦੋ ਨੌਜਵਾਨਾਂ 'ਚੋਂ ਇਕ ਨੂੰ ਥਾਣਾ ਰੰਗੜ ਨੰਗਲ ਦੀ ਪੁਲਸ ਨੇ ਕਾਬੂ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਚਰਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਰੰਗੜ ਨੰਗਲ ਮੋੜ, ਪਿੰਡ ਚੌਧਰੀਵਾਲ ਵਿਖੇ ਸਪੈਸ਼ਲ ਚੈਕਿੰਗ ਨਾਕਾਬੰਦੀ ਕੀਤੀ ਹੋਈ ਸੀ ਕਿ ਗੁਪਤਚਰ ਨੇ ਗੁਪਤ ਸੂਚਨਾ ਦਿੱਤੀ ਕਿ ਦੋ ਨੌਜਵਾਨ ਬਿਕਰਮਜੀਤ ਸਿੰਘ ਉਰਫ ਬਿੱਕਾ ਪੁੱਤਰ ਸੁੱਚਾ ਸਿੰਘ ਵਾਸੀ ਵੈਰੋਨੰਗਲ ਅਤੇ ਦਵਿੰਦਰ ਸਿੰਘ ਉਰਫ ਵਿੱਕੀ ਪੁੱਤਰ ਹਰਜਿੰਦਰ ਸਿੰਘ ਵਾਸੀ ਰੰਗੜ ਨੰਗਲ ਵੱਡੀਆਂ ਚੋਰੀਆਂ ਕਰਨ ਦੇ ਆਦੀ ਹਨ, ਇਸ ਵੇਲੇ ਦੋਵੇਂ ਚੋਰੀ ਦੇ ਹੀਰੋ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਚੌਧਰੀਵਾਲ ਤੋਂ ਰੰਗੜ ਨੰਗਲ ਨੂੰ ਆ ਰਹੇ ਹਨ ਅਤੇ ਇਨ੍ਹਾਂ ਨੇ ਚੋਰੀ ਕੀਤਾ ਮੋਟਰਸਾਈਕਲ ਮਹਿਤਾ ਚੌਕ ਨੂੰ ਵੇਚਣ ਜਾਣਾ ਹੈ।

# ਵਿਆਹ ਦਾ ਦਬਾਅ ਬਣਾਉਣ 'ਤੇ ਸੋਸਾਇਟੀ ਦੇ ਗਾਰਡ ਨੇ ਔਰਤ ਦਾ ਕਤਲ ਕਰ ਝਾੜੀਆਂ 'ਚ ਸੁੱਟੀ ਲਾਸ਼

ਠਾਣੇ 19 ਫਰਵਰੀ। ਨਵੀਂ ਮੁੰਬਈ 'ਚ ਇਕ ਰਿਹਾਇਸ਼ੀ ਸੋਸਾਇਟੀ 'ਚ ਕੰਮ ਕਰਨ ਵਾਲੇ 40 ਸਾਲਾ ਸੁਰੱਖਿਆ ਗਾਰਡ ਨੇ ਇਕ ਵਿਆਹੁਤਾ ਔਰਤ ਦਾ ਕਤਲ ਕੇ ਲਾਸ਼ ਝਾੜੀਆਂ 'ਚ ਸੁੱਟ ਦਿੱਤੀ। ਪੁਲਸ ਨੇ ਵੀਰਵਾਰ ਨੂੰ ਦੱਸਿਆ ਕਿਹਾ ਕਿ ਉਸ ਦੇ ਪਤੀ ਨੇ ਪੁਲਸ ਨੂੰ ਦੱਸਿਆ ਕਿ ਉਹ ਮੁੰਬਈ ਦੇ ਮਾਨਖੁਰਦ ਇਲਾਕੇ 'ਚ ਸਫਾਈ ਕਰਮੀ ਦਾ ਕੰਮ ਕਰਦੀ ਸੀ ਅਤੇ ਲਾਪਤਾ ਹੋ ਗਈ ਸੀ। ਪੁਲਸ ਨੂੰ ਬਾਅਦ 'ਚ ਪੀੜਤਾ ਦਾ ਮੋਬਾਇਲ ਫੋਨ ਮਿਲਿਆ ਅਤੇ ਪਤਾ




ਲੱਗਾ ਕਿ ਦੋਸ਼ੀ ਦੇ ਔਰਤ ਨਾਲ ਨਾਜਾਇਜ ਸੰਬੰਧ ਸਨ। ਦੋਸ਼ੀ ਰਾਜਕੁਮਾਰ ਬਾਬੂਰਾਮ ਪਾਲ ਨੂੰ ਮੰਗਲਵਾਰ ਨੂੰ ਗ੍ਰਿਫਤਾਰ ਕੀਤਾ ਨੇ ਦੱਸਿਆ ਕਿ ਨਵੀਂ ਮੁੰਬਈ 'ਚ ਮਿਲੀ ਲਾਸ਼ ਅਤੇ ਮੁੰਬਈ ਨਾਲ ਲੱਗਦੇ ਟਰਾਂਬੇ ਥਾਣੇ 'ਚ ਇਕ ਔਰਤ ਦੀ ਗੁੰਮਸ਼ੁਦਗੀ ਦੀ ਰਿਪੋਰਟ ਤੋਂ ਮਿਲੀ ਸੂਚਨਾ ਦੇ ਮੇਲ ਖਾਣ ਤੋਂ ਬਾਅਦ ਪੁਲਸ ਨੇ ਆਪਣੀ ਜਾਂਚ ਤੇਜ ਕੀਤੀ। ਪੁਲਸ ਨੇ ਲਾਪਤਾ ਔਰਤ ਦੇ ਪਰਿਵਾਰ ਦੇ ਮੈਂਬਰਾਂ ਤੋਂ ਪੁੱਛ-ਗਿੱਛ ਕੀਤੀ। ਅਧਿਕਾਰੀ ਨੇ ਲੱਗਾ ਕਿ ਔਰਤ ਦਾ ਸੁਰੱਖਿਆ ਗਾਰਡ ਪਾਲ ਨਾਲ ਪ੍ਰੇਮ ਸੰਬੰਧ ਸੀ। ਅਧਿਕਾਰੀ ਨੇ ਦੱਸਿਆ ਕਿ ਫੜੇ ਜਾਣ 'ਤੇ ਪਾਲ ਨੇ ਪੁੱਛ-ਗਿੱਛ ਗਿਆ। ਉਨ੍ਹਾਂ ਦੱਸਿਆ ਕਿ ਔਰਤ ਪਾਲ 'ਤੇ ਵਾਰ-ਵਾਰ ਵਿਆਹ ਲਈ ਦਬਾਅ ਬਣਾ ਰਹੀ ਸੀ, ਜਿਸ ਤੋਂ ਤੰਗ ਆ ਕੇ ਉਹ ਉਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਸੀਨੀਅਰ ਪੁਲਸ ਇੰਸਪੈਕਟਰ ਵਿਸ਼ਵਨਾਥ ਕੋਲੇਕਰ ਨੇ ਕਿਹਾ ਕਿ 12 ਫਰਵਰੀ ਨੂੰ ਅਣਪਛਾਤੀ ਔਰਤ ਦੀ ਲਾਸ਼ ਮਿਲੀ ਸੀ, ਜਿਸ ਦੀ ਉਮਰ ਕਰੀਬ 35 ਤੋਂ 40 ਸਾਲ ਵਿਚਾਲੇ ਸੀ। ਔਰਤ ਦੀ ਲਾਸ਼ ਠਾਣੇ ਜ਼ਿਲ੍ਹੇ 'ਚ ਨਵੀਂ ਮੁੰਬਈ ਸ਼ਹਿਰ ਦੇ ਕੋਪਰਖੈਰਨ ਇਲਾਕੇ 'ਚ ਇਕ ਸੋਸਾਇਟੀ ਕੋਲ ਝਾੜੀਆਂ 'ਚ ਅਤੇ ਸਬੂਤ ਮਿਟਾਉਣ ਲਈ ਲਾਸ਼ ਝਾੜੀਆਂ 'ਚ ਸੁੱਟ ਦਿੱਤੀ ਗਈ ਸੀ। ਕੋਪਰਖੈਰਨ ਪੁਲਸ ਨੇ ਲਾਸ਼ ਪੋਸਟਮਾਰਟਮ ਲਈ ਭੇਜੀ ਅਤੇ ਅਣਪਛਾਤੇ ਵਿਅਕਤੀ ਖ਼ਿਲਾਫ ਭਾਰਤੀ ਦੰਡਾਵਲੀ ਦੀ ਧਾਰਾ (302 ਕਤਲ) ਅਤੇ 201 (ਅਪਰਾਧ ਦਾ ਸਬੂਤ ਮਿਟਾਉਣ) ਦੇ ਅਧੀਨ ਮਾਮਲਾ ਦਰਜ ਕੀਤਾ। ਅਧਿਕਾਰੀ ਨੇ ਦੱਸਿਆ ਕਿ ਨਵੀਂ ਮੁੰਬਈ 'ਚ ਮਿਲੀ ਲਾਸ਼ ਅਤੇ ਮੁੰਬਈ ਨਾਲ ਲੱਗਦੇ ਟਰਾਂਬੇ ਥਾਣੇ 'ਚ ਇਕ ਔਰਤ ਦੀ ਗੁੰਮਸ਼ੁਦਗੀ ਦੀ ਰਿਪੋਰਟ ਤੋਂ ਮਿਲੀ ਸੂਚਨਾ ਦੇ ਮੇਲ ਖਾਣ ਤੋਂ ਬਾਅਦ ਪੁਲਸ ਨੇ ਆਪਣੀ ਜਾਂਚ ਤੇਜ ਕੀਤੀ। ਪੁਲਸ ਨੇ ਲਾਪਤਾ ਔਰਤ ਦੇ ਪਰਿਵਾਰ ਦੇ ਮੈਂਬਰਾਂ ਤੋਂ ਪੁੱਛ-ਗਿੱਛ ਕੀਤੀ। ਅਧਿਕਾਰੀ ਨੇ ਕਿਹਾ ਕਿ ਉਸ ਦੇ ਪਤੀ ਨੇ ਪੁਲਸ ਨੂੰ ਦੱਸਿਆ ਕਿ ਉਹ ਮੁੰਬਈ ਦੇ ਮਾਨਖੁਰਦ ਇਲਾਕੇ 'ਚ ਸਫਾਈ ਕਰਮੀ ਦਾ ਕੰਮ ਕਰਦੀ ਸੀ ਅਤੇ ਲਾਪਤਾ ਹੋ ਗਈ ਸੀ।

ਪੁਲਸ ਨੂੰ ਬਾਅਦ 'ਚ ਪੀੜਤਾ ਦਾ ਮੋਬਾਇਲ ਫੋਨ ਮਿਲਿਆ ਅਤੇ ਪਤਾ ਲੱਗਾ ਕਿ ਔਰਤ ਦਾ ਸੁਰੱਖਿਆ ਗਾਰਡ ਪਾਲ ਨਾਲ ਪ੍ਰੇਮ ਸੰਬੰਧ ਸੀ।

## ਰੈਸਟੋਰੈਂਟ 'ਚ ਨਾਬਾਲਗ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਹੁੱਕਾ, ਦੋ ਗ੍ਰਿਫਤਾਰ

ਅੰਮ੍ਰਿਤਸਰ 19 ਫਰਵਰੀ। ਲਾਰੈਂਸ ਰੋਡ ਸਥਿਤ ਰੀਚ ਮਿਕਸ ਰੈਸਟੋਰੈਂਟ ਵਿਚ ਚੱਲ ਰਹੀ ਚੁੱਕਾ ਬਾਰ ਦਾ ਪਰਦਾਫਾਸ਼ ਕਰ ਕੇ ਪੁਲਸ ਨੇ ਰਾਜੇਸ਼ ਅਰੋੜਾ ਅਤੇ ਮੋਹਿਕ ਅਰੋੜਾ ਨੂੰ ਗ੍ਰਿਫਤਾਰ ਕੀਤਾ ਹੈ। ਦੋਨੋਂ ਮੁਲਜ਼ਮ ਆਪਣੇ ਰੈਸਟੋਰੈਂਟ ਵਿਚ ਨਾਬਾਲਗ ਬੱਚਿਆਂ ਨੂੰ ਹੁੱਕਾ ਸਰਵ ਕਰ ਰਹੇ ਸਨ। ਇਹ ਖੁਲਾਸਾ ਏ. ਸੀ. ਪੀ. ਨਾਰਥ ਵਰਿੰਦਰ ਸਿੰਘ ਖੋਸਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸਬ-ਇੰਸਪੈਕਟਰ ਨੂੰ ਸੂਚਨਾ ਮਿਲੀ ਸੀ ਕਿ ਰੈਸਟੋਰੈਂਟ ਵਿਚ ਹੁੱਕਾ ਬਾਰ ਚੱਲ ਰਿਹਾ ਹੈ, ਜਿਸ 'ਤੇ ਏ. ਐੱਸ. ਆਈ. ਰਾਜ ਕੁਮਾਰ, ਏ. ਐੱਸ. ਆਈ. ਜਸਵੀਰ ਸਿੰਘ ਅਤੇ ਏ. ਐੱਸ. ਆਈ. ਰਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਵੱਲੋਂ ਛਾਪੇਮਾਰੀ ਕੀਤੀ ਗਈ। ਹੁਣ ਇਹ ਰੇਲ ਗੱਡੀਆਂ 24 ਫਰਵਰੀ ਤੱਕ ਰੱਦ ਰਹਿਣਗੀਆਂ। ਰੇਲਵੇ ਵਿਭਾਗ ਵਲੋਂ ਜਾਰੀ ਸੂਚਨਾ ਦੇ ਮੁਤਾਬਕ ਇਸ ਰੱਦੀਕਰਨ 'ਚ ਰੇਲ ਮੰਡਲ ਫਿਰੋਜ਼ਪੁਰ ਦੀਆਂ 12 ਰੇਲਗੱਡੀਆਂ ਫਿਰੋਜ਼ਪੁਰ-ਜਲੰਧਰ-ਫਿਰੋਜ਼ਪੁਰ ਸਪੈਸ਼ਲ, ਫਾਜ਼ਿਲਕਾ-ਕੋਟਕਪੂਰਾ-ਫਾਜ਼ਿਲਕਾ ਸਪੈਸ਼ਲ, ਜਲੰਧਰ ਸਿਟੀ-ਹੁਸ਼ਿਆਰਪੁਰ-ਜਲੰਧਰ ਸਿਟੀ ਸਪੈਸ਼ਲ, ਅੰਮ੍ਰਿਤਸਰ-ਡੇਰਾ ਬਾਬਾ ਨਾਨਕ-ਅੰਮ੍ਰਿਤਸਰ ਸਪੈਸ਼ਲ ਸ਼ਾਮਲ ਹਨ।


**ਕੌਮੀ ਪੱਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪੱਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814
Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma



**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, SHASHIKALA DAGA W/O VINOD NAHATA residing at 1002 TOWER 4 LOTUS ZING SECTOR 168 NOIDA GAUTAM BUDH NAGAR UP-201301 have changed my name to SHASHI NAHATA for all future purpose.

**NAME CHANGE**
I, Shabana w/o Mohammad Tasleem R/o H.No-3873, 2nd Floor, Khirki Tafazzul Hussain, Kalan Mahal, Darya Ganj, Delhi-110002, have changed my name to Shabana Begum for all future purposes

**PUBLIC NOTICE**
It is for general information that I Jitender Singh S/o Surta residing at H.N.80, Moti Bagh Village, Delhi-110021 declare that name of mine has been wrongly written as Jitendar Singh in my minor daughter namely Bhumi Bhakar aged 17 years in her 10th Class Certificate. The actual name of mine is Jitender Singh which may be amended accordingly.

**NAME CHANGE**
I, Tasleem s/o Naeem R/o H.No-3873, 2nd Floor, Khirki Tafazzul Hussain, Kalan Mahal, Darya Ganj, Delhi-110002, have changed my name to Mohammad Tasleem for all future purposes

**NAME CHANGE**
I, Sushil Kumar s/o Shyam Sunder Saini R/o 788, Saini Mohalla, Shahabad Mohammadpur, New Delhi-110061, have changed my name to Sushil Kumar Saini for all future purposes

**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I Parmanand S/o Hira Nand R/o House No-116,Gadaipur, South Delhi,Delhi-110030, Have Changed My Name To Parmanand Sachwani For All Purpose

**NAME CHANGE**
I, Furqan Ul Haq Faruqi S/O Salman Ul Haq Faruqi Residing At House No B-3, 2nd Floor , Jamia Apartment, Nai Basti Abul Fazal Enclave Part-1, Jamia Nagar, Okhla, South Delhi, 110025. Have Changed My Name From Furqan Ul Haq Faruqi to Furqan Ul Haq Farooqui for all future Purposes.

**NAME CHANGE**
I, SANDYA K W/O NO-15348651Y HAV GAURAV CHAUHAN R/O NEAR RAILWAY STATION ROAD, VPO+TEH-CHANDAUSI, DIST-SAMBAL, UTTAR PRADESH-244412, have changed my name from SANDYA K to K SANDHYA for all future purposes vide affidavit dated 15/12/2022 before Notary Public, Delhi.

**NAME CHANGE**
I, ISHA AJAY AGRAWAL D/O AJAY SHYAMSUNDER AGRAWAL R/O 61-D, MASJID MOTH DDA FLATS PHASE-2, GREATER KAILASH, DELHI-110048 have changed my name to ISHA AGRAWAL.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**NAME CHANGE**
I, Gulshan Kumar S/O Nobet Rai Pahwa R/O House No-1167/23 DLF Colony Rohtak Haryana -124001 have changed my name from Gulshan Kumar to Gulshan Kumar Pahwa for all future purpose.

**NAME CHANGE**
I, Shyam Sunder s/o Late Balwant Singh Saini R/o 788, Saini Mohalla, Shahabad Moham madpur, New Delhi-110061, have changed my name to Shyam Sunder Saini for all future purposes

**NAME CHANGE**
I, PRATIMA DEVI wife of NO-14648339Y HAV PARMESHWAR MAHTO R/O VPO-RELADIH, TEH-BUNDU, DISTT-RANCHI, JHARKHAND-835204 have changed my name from PRATIMA DEVI to PRATIMA MAHTO for all future purposes vide Affidavit dated 15/12/2022 Before Notary Public, Delhi.

**NAME CHANGE**
I, TARUN KUMAR S/O KHAN CHAND GOGIA residing at B-40, 1ST FLOOR, OPP RANA PRATAP BAGH, CC COLONY, MALKA GANJ, DELHI-110007 have changed my name to TARUN KUMAR GOGIA for all future purposes.

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**NAME CHANGE**
I, Rashida W/o Mohammad Shabbir Residing At House Noroyal Apartment, Plot No-L3, G/F 4565/16, Ansari Road, Darya Ganj, New Delhi-110002. Have Changed My Name From Rashida to Rashida Begum for all future purposes.

**PUBLIC NOTICE**
**TO WHOMSOVER IT MAY CONCERN**
This is to inform the general public that my clients Smt. Rajesh Pawar w/o Sh. Suresh Pawar along with her husband namely Sh. Suresh Pawar both are resident of 280/24, Naharpur, Sector-7, Rohini, Delhi- 110085, have disowned and severed all their relations with their Son and Daughter-in-law namely Mr. Sanjay Pawar and Ms. Sonia Kaur Pawar respectively, due to their disrespectful conducts and not disclosing the Mental Disorder of Ms. Sonia Kaur before the marriage by the Ms. Sonia Kaur & her Family to the Mr. Sanjay Pawar & my clients. Anybody dealing with them shall do so at his/her own risk and my clients shall not be responsible for the same, in any manner, whatsoever.
YOGITA SHIWAL ADVOCATE
DELHI HIGH COURT
M.NO: 8700614973

## ਬੈਂਕ 'ਚ ਕਲਰਕ ਦੀ ਨੌਕਰੀ ਕਰਨ ਵਾਲੇ ਦੀ ਬਦਲੀ ਕਿਸਮਤ, ਰਾਤੋ-ਰਾਤ ਬਣ ਗਿਆ ਕਰੋੜਪਤੀ

ਗੁਰਦਾਸਪੁਰ 19 ਫਰਵਰੀ। ਜੇ ਹੋਵੇ ਪਰਮਾਤਮਾ ਦੀ ਨਜਰ ਸਵੱਲੀ ਤਾਂ ਪਲਾਂ ਵਿਚ ਹੀ ਫਰਸ਼ ਤੋਂ ਅਰਸ਼ 'ਤੇ ਪਹੁੰਚਣ 'ਚ ਕੁਝ ਪਲ ਹੀ ਲੱਗਦੇ ਹਨ। ਅਜਿਹੀ ਤਾਜਾ ਮਿਸਾਲ ਅੱਜ ਗੁਰਦਾਸਪੁਰ ਦੇ ਕਸਬਾ ਡੇਰਾ ਬਾਬਾ ਨਾਨਕ ਦੇ ਖੇਤੀਬਾੜੀ ਵਿਕਾਸ ਬੈਂਕ ਦੇ ਕਲਰਕ ਰੁਪਿੰਦਰਜੀਤ ਸਿੰਘ ਤੋਂ ਮਿਲਦੀ ਹੈ। ਜਦੋਂ ਇਕ ਘੰਟੇ ਬਾਅਦ ਹੀ ਕਿਸਮਤ ਬਦਲਦੇ ਹੋਏ ਇਕ ਕਰੋੜ ਰੁਪਏ ਦਾ ਇਨਾਮ ਨਿਕਲ ਗਿਆ। ਜਾਣਕਾਰੀ ਮੁਤਾਬਕ ਡੇਰਾ ਬਾਬਾ ਨਾਨਕ ਦੇ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਮੁਲਾਜ਼ਮ ਰੁਪਿੰਦਰਜੀਤ ਸਿੰਘ ਜੋ ਬੈਂਕ ਚ ਬਤੌਰ ਕਲਰਕ ਦੇ ਤੋਰ ਤੇ ਨੌਕਰੀ ਕਰਦਾ ਹੈ। ਇਸ ਸਬੰਧੀ ਕਲਰਕ ਰੁਪਿੰਦਰਜੀਤ ਸਿੰਘ ਨੇ ਦੱਸਿਆ ਕਿ ਉਸ ਨੇ 12 ਵਜੇ ਦੇ ਕਰੀਬ ਜਦੋਂ ਉਹ ਬੈਂਕ 'ਚ ਡਿਊਟੀ ਕਰ ਰਿਹਾ ਸੀ ਤਾਂ ਇਕ ਲਾਟਰੀ ਪਾਉਣ ਵਾਲੇ ਏਜੰਟ ਤੋਂ ਨਾਗਾਲੈਂਡ ਸਟੇਟ ਨਾਲ ਸਬੰਧਿਤ 25 ਲਾਟਰੀਆਂ 6 ਰੁਪਏ ਦੇ ਹਿਸਾਬ ਨਾਲ ਲਾਟਰੀ ਦੀ ਕਾਪੀ ਖਰੀਦੀ ਅਤੇ ਕੁਝ ਸਮੇਂ ਬਾਅਦ ਹੀ ਉਸੇ ਲਾਟਰੀ ਏਜੰਟ ਦਾ ਫੋਨ ਆਇਆ ਕਿ ਉਸਦਾ ਪਹਿਲਾ ਇਨਾਮ ਇਕ ਕਰੋੜ ਦਾ ਲੱਗ ਗਿਆ ਹੈ ਅਤੇ ਉਹ ਇਕ ਕਰੋੜ ਦੀ ਰਾਸ਼ੀ ਦਾ ਜੇਤੂ ਹੋ ਗਿਆ ਹੈ । ਇਸ ਬਾਰੇ ਉਸਨੂੰ ਜਿਥੇ ਬੈਂਕ 'ਚ ਸਟਾਫ ਵਲੋਂ ਵਧਾਈਆਂ ਦਿਤੀਆਂ ਜਾ ਰਹੀਆਂ ਹਨ, ਉਥੇ ਹੀ ਪਰਿਵਾਰ ਅਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਵੀ ਵਧਾਈ ਦੇ ਫੋਨ ਆ ਰਹੇ ਹਨ। ਜਦਕਿ ਉਸ ਨੂੰ ਤਾਂ ਇਹ ਇਕ ਸੁਫਨੇ ਵਾਂਗ ਲੱਗ ਰਿਹਾ ਹੈ। ਰੁਪਿੰਦਰਜੀਤ ਦਾ ਕਹਿਣਾ ਹੈ ਕਿ ਇਹ ਜਿੱਤ ਦੇ ਪੈਸੇ ਨਾਲ ਉਹ ਆਪਣੇ ਬੱਚਿਆਂ ਆਪਣੇ ਪਰਿਵਾਰ ਦੇ ਚੰਗੇ ਭਵਿੱਖ ਲਈ ਖਰਚ ਕਰੇਗਾ ਅਤੇ ਲੋੜਵੰਦ ਲੋਕਾਂ ਦੀ ਵੀ ਮਦਦ ਕਰੇਗਾ। ਇੱਥੇ ਹੀ ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਡੇਰਾ ਬਾਬਾ ਨਾਨਕ ਨਾਲ ਸਬੰਧਿਤ ਪਿੰਡ ਧਿਆਨਪੁਰ 'ਚ ਵੀ ਇਕ ਦੁਕਾਨਦਾਰ ਦੀ ਢਾਈ ਕਰੋੜ ਰੁਪਏ ਦੀ ਲਾਟਰੀ ਨਿਕਲੀ ਸੀ। ਡੇਰਾ ਬਾਬਾ ਨਾਨਕ ਖੇਤਰ 'ਚ ਦੂਸਰੀ ਕਰੋੜਾਂ ਦੀ ਲਾਟਰੀ ਨਿਕਲਣ ਕਾਰਨ ਚਰਚਾ ਪਈ ਜਾ ਰਹੀ ਹੈ।

# ਨਹਿਰ ਕਿਨਾਰੇ ਹੋਏ ਕਬਜਿਆਂ ਕਾਰਨ ਗੰਦੀ ਹੋ ਰਹੀ ਹੈ ਨਹਿਰ, 20 ਫੁੱਟ ਦੀ ਸੜਕ 10 ਫੁੱਟ ਦੀ ਰਹਿ ਗਈ

ਜਲੰਧਰ 19 ਫਰਵਰੀ। ਜਲੰਧਰ-ਅੰਮ੍ਰਿਤਸਰ ਹਾਈਵੇ ਨਾਲ ਲੱਗਦੀ ਬਿਸਤ ਦੁਆਬ ਨਹਿਰ ਦੇ ਕੰਢੇ ਵਸੇ ਪਰਸੂਰਾਮ ਨਗਰ ਦੇ ਲੋਕਾਂ ਨੇ ਨਹਿਰ ਦੇ ਕਿਨਾਰੇ ਕਬਜਾ ਕੀਤਾ ਹੋਇਆ ਹੈ। ਇਸ ਦੇ ਨਾਲ ਹੀ ਉਹ ਨਹਿਰ 'ਚ ਗੰਦਗੀ ਫੈਲਾਉਣ ਤੋਂ ਗੁਰੇਜ ਨਹੀਂ ਕਰ ਰਹੇ। ਕਬਜਾਧਾਰੀਆਂ ਨੇ ਨਹਿਰ ਨੂੰ ਆਪਣੀ ਜਾਇਦਾਦ ਸਮਝਣਾ ਸ਼ੁਰੂ ਕਰ ਦਿੱਤਾ ਹੈ ਪਰ ਸਫਾਈ ਦੀ ਜ਼ਿੰਮੇਵਾਰੀ ਨਹਿਰੀ ਵਿਭਾਗ 'ਤੇ ਛੱਡ ਦਿੱਤੀ ਗਈ ਹੈ ਪਰ ਨਹਿਰੀ ਵਿਭਾਗ ਵੀ ਇਨ੍ਹਾਂ ਕਬਜ਼ਿਆਂ ਖ਼ਿਲਾਫ ਕੋਈ ਕਾਰਵਾਈ ਨਹੀਂ ਕਰ ਰਿਹਾ। ਪਰਸੂਰਾਮ ਨਗਰ ਤੋਂ ਗਦਈਪੁਰ ਪੁਲੀ ਤੱਕ ਹੁਣ 20 ਫੁੱਟ ਚੌੜੀ ਸੜਕ ਵੀ ਬਣਾਈ ਗਈ ਹੈ ਪਰ ਇਨ੍ਹਾਂ ਕਬਜ਼ਿਆਂ ਕਾਰਨ ਸੜਕ ਸਿਰਫ 10 ਫੁੱਟ ਹੀ ਰਹਿ ਗਈ ਹੈ, ਕਿਉਂਕਿ ਉਸ ਦਾ ਸਾਮਾਨ ਨਹਿਰ ਦੇ ਕੰਢੇ ਰੱਖਿਆ ਹੋਇਆ ਹੈ ਅਤੇ ਉਹ ਸਾਰਾ ਦਿਨ ਉੱਥੇ ਬੈਠਾ ਰਹਿੰਦਾ ਹੈ। 2 ਸਾਲ ਪਹਿਲਾਂ ਸਥਾਨਕ ਲੋਕਾਂ ਨੇ ਇਨ੍ਹਾਂ ਕਬਜ਼ਿਆਂ ਤੋਂ ਨੂੰ ਹਟਾ ਕੇ ਸਾਮਾਨ ਨਹਿਰ 'ਚ ਸੁੱਟ ਦਿੱਤਾ ਸੀ। ਇਸ ਦੇ ਬਾਵਜੂਦ ਮੁੜ ਉਹੀ ਸਥਿਤੀ ਪੈਦਾ ਹੋ ਗਈ ਹੈ। ਪਿੰਡ ਰੰਧਾਵਾ ਮਸੰਦਾਂ ਦੇ ਅਮਰੀਕ ਸਿੰਘ ਮੀਕਾ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਸੜਕ ਦੀ ਸਫਾਈ ਰੱਖਣ ਲਈ ਕਈ ਵਾਰ ਅਪੀਲ ਕੀਤੀ ਗਈ ਸੀ ਪਰ ਅਜਿਹਾ ਨਹੀਂ ਕਰ ਰਿਹਾ। ਇਨ੍ਹਾਂ ਲੋਕਾਂ ਨੇ ਸੜਕ ਦੇ ਦੋਵੇਂ ਪਾਸੇ ਆਪਣਾ ਕਬਾੜ



ਰੱਖਿਆ ਹੋਇਆ ਹੈ। ਕਈ ਵਾਰ ਸ਼ਾਮ ਨੂੰ ਇਸ ਸੜਕ ਤੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਨਹਿਰ ਨੂੰ ਇੰਨਾ ਗੰਦਾ ਕਰ ਦਿੱਤਾ ਗਿਆ ਹੈ ਕਿ ਇਸ ਦੀ ਸਫਾਈ ਕਰਨ ਵਾਲੇ ਮਨਰੇਗਾ ਮਜਦੂਰ ਵੀ ਪ੍ਰੇਸ਼ਾਨ ਹੋ ਜਾਂਦੇ ਹਨ। ਉਨ੍ਹਾਂ ਦੇ ਘਰਾਂ 'ਚੋਂ ਜੋ ਵੀ ਕੂੜਾ ਨਿਕਲਦਾ ਹੈ। ਸਭ ਕੁਝ ਨਹਿਰ 'ਚ ਹੀ ਸੁੱਟਿਆ ਜਾ ਰਿਹਾ ਹੈ। ਜਗਜੀਤ ਸਿੰਘ, ਸਮਰ ਸਿੰਘ ਤੇ ਰੋਸ਼ਨ ਲਾਲ ਨੇ ਦੱਸਿਆ ਕਿ ਨਹਿਰ ਦੇ ਕਿਨਾਰੇ ਪੱਕੇ ਕਰਨ ਲਈ ਇੱਟਾਂ ਪਾ ਕੇ ਪੱਕਾ ਕੀਤਾ ਗਿਆ ਸੀ ਪਰ ਇਨ੍ਹਾਂ ਲੋਕਾਂ ਦੇ ਘਰ ਕਿੱਥੇ ਹਨ। ਇੱਥੋਂ ਤੱਕ ਕਿ ਇਸ ਦੇ ਸਾਹਮਣੇ ਵਾਲੀ ਨਹਿਰ ਦੇ ਕੰਢਿਆਂ ਤੋਂ ਇੱਟਾਂ ਵੀ ਗਾਇਬ ਹੋ ਗਈਆਂ ਹਨ ਤੇ ਮਿੱਟੀ ਵੀ। ਇਸ ਸਬੰਧੀ ਨਹਿਰੀ ਵਿਭਾਗ ਨੂੰ ਸ਼ਿਕਾਇਤ ਵੀ ਭੇਜੀ ਗਈ ਸੀ ਪਰ ਇਸ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਸਕੀ। ਨਹਿਰੀ ਵਿਭਾਗ ਨੇ ਸਿਰਫ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਇਨ੍ਹਾਂ ਲੋਕਾਂ ਦੇ ਘਰ ਨਹਿਰ ਦੇ ਕੰਢੇ ਹੋ ਸਕਦੇ ਹਨ ਪਰ ਪਾਣੀ ਨੂੰ ਕੂੜਾ ਜਾਂ ਦੂਸ਼ਿਤ ਨਾ ਕਰੋ। ਸੂਤਰਾਂ ਦਾ ਕਹਿਣਾ ਹੈ ਕਿ ਮੰਤਰੀ ਵੀ ਇਨ੍ਹਾਂ ਕਬਜ਼ਿਆਂ 'ਤੇ ਬਹੁਤ ਮਿਹਰਬਾਨ ਹੈ, ਜਿਸ ਕਾਰਨ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ, ਜਦੋਂ ਵੀ ਕੋਈ ਅਧਿਕਾਰੀ ਮੌਕੇ 'ਤੇ ਆ ਕੇ ਉਨ੍ਹਾਂ ਨੂੰ ਪੁੱਛਦਾ ਹੈ ਤਾਂ ਇਹ ਲੋਕ ਮੰਤਰੀਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਗੱਲ ਕਰਵਾਉਂਦੇ ਹਨ, ਜੇਕਰ ਨਹਿਰੀ ਵਿਭਾਗ ਆਪਣੇ ਸਾਹਮਣੇ ਨਹਿਰ 'ਚ ਫੈਲੀ ਗੰਦਗੀ ਨੂੰ ਸਹੀ ਢੰਗ ਨਾਲ ਦੇਖ ਲਵੇ ਤਾਂ ਨਹਿਰ ਪੂਰੀ ਤਰ੍ਹਾਂ ਸਾਫ ਹੋ ਜਾਵੇਗੀ। ਇਨ੍ਹਾਂ ਲੋਕਾਂ ਵੱਲੋਂ ਸੁੱਟੀ ਗੰਦਗੀ ਹੋਰ ਵੀ ਵਧ ਜਾਂਦੀ ਹੈ। ਇਸ ਨਾਲ ਵਾਤਾਵਰਣ ਵੀ ਪ੍ਰਦੂਸ਼ਿਤ ਹੁੰਦਾ ਹੈ।

# ਬਰੇਨ ਡੈੱਡ 28 ਸਾਲਾ ਅਨੁਜ ਦੀ ਕਿਡਨੀ ਤੇ ਕਾਰਨੀਆਂ ਕੀਤੇ ਡੋਨੇਟ, 12 ਸਾਲ ਡਾਇਲਾਸਿਸ ਤੋਂ ਬਾਅਦ 44 ਸਾਲਾ ਨੂੰ ਮਿਲੀ ਕਿਡਨੀ

ਚੰਡੀਗੜ੍ਹ 19 ਫਰਵਰੀ। ਪੀ. ਜੀ. ਆਈ. 'ਚ ਬਰੇਨ ਡੈੱਡ ਮਰੀਜ਼ ਦੇ ਅੰਗਦਾਨ ਹੋਏ, ਜਿਸ ਕਾਰਨ 3 ਮਰੀਜ਼ਾਂ ਨੂੰ ਨਵਾਂ ਜੀਵਨ ਮਿਲਿਆ। ਯਮੁਨਾਨਗਰ ਦੇ ਰਹਿਣ ਵਾਲੇ 28 ਸਾਲਾ ਅਨੁਜ ਕੁਮਾਰ ਨੂੰ ਸਿਰ ਵਿਚ ਗੰਭੀਰ ਸੱਟ ਲੱਗਣ ਤੋਂ ਬਾਅਦ ਪੀ. ਜੀ. ਆਈ. ਲਿਆਂਦਾ ਗਿਆ ਸੀ। ਇਲਾਜ ਮਿਲਣ ਦੇ ਬਾਵਜੂਦ ਉਸਨੂੰ ਬਚਾਇਆ ਨਹੀਂ ਜਾ ਸਕਿਆ। ਪਰਿਵਾਰ ਨੇ ਹਿੰਮਤ ਵਾਲਾ ਫੈਸਲਾ ਲੈਂਦੇ ਹੋਏ ਅਨੁਜ ਦੇ ਅੰਗਦਾਨ ਕਰਨ ਦਾ ਫ਼ੈਸਲਾ ਲਿਆ। ਨੈਫਰੋਲਾਜੀ ਵਿਭਾਗ ਦੇ ਪ੍ਰੋ. ਐੱਚ. ਐੱਸ. ਕੋਹਲੀ ਨੇ ਰਿਸੀਪੀਐਂਟ ਸਬੰਧੀ ਦੱਸਿਆ ਕਿ ਇਕ ਕਿਡਨੀ ਇਕ 44 ਸਾਲਾ ਵਿਅਕਤੀ, ਜੋ 2011 ਤੋਂ ਡਾਇਲਿਸਿਸ 'ਤੇ ਹੈ, ਨੂੰ ਟਰਾਂਸਪਲਾਂਟ ਕੀਤੀ ਗਈ। ਡੋਨਰ ਨਾ ਹੋਣ ਕਾਰਨ ਉਨ੍ਹਾਂ ਨੇ ਨੈਫਰੋਲਾਜੀ ਵਿਭਾਗ ਵਿਚ ਕੈਡਵੇਰਿਕ ਕਿਡਨੀ ਟਰਾਂਸਪਲਾਂਟ ਲਈ ਰਜਿਸਟਰੇਸ਼ਨ ਕਰਵਾਈ। ਜਦੋਂਕਿ ਦੂਜਾ ਰਿਸੀਪੀਐਂਟ 41 ਸਾਲਾ ਔਰਤ ਹੈ। ਇਹ ਔਰਤ ਦੋ ਬੱਚਿਆਂ ਦੀ ਮਾਂ ਹੈ। ਉੱਥੇ ਹੀ ਇਕ ਮਰੀਜ਼ ਨੂੰ ਕਾਰਨੀਆ ਟਰਾਂਸਪਲਾਂਟ ਹੋਇਆ ਹੈ। ਡਾਇਰੈਕਟਰ ਪੀ. ਜੀ. ਆਈ. ਡਾ. ਵਿਵੇਕ ਲਾਲ ਦਾ ਕਹਿਣਾ ਹੈ ਕਿ ਅਜਿਹੇ ਪਰਿਵਾਰ ਨੂੰ ਸਾਡਾ ਸਾਰਿਆਂ ਦਾ ਸਲਾਮ ਹੈ, ਜੋ ਇਸ ਮੁਸ਼ਕਿਲ ਸਮੇਂ ਵਿਚ ਵੀ ਆਪਣਾ ਦੁੱਖ ਭੁੱਲ ਕੇ ਦੂਜਿਆਂ ਸਬੰਧੀ ਸੋਚਦੇ ਹਨ। ਉਨ੍ਹਾਂ ਦੀ ਬਦੌਲਤ ਕਈ ਲੋਕਾਂ ਨੂੰ ਨਵਾਂ ਜੀਵਨ ਮਿਲਦਾ ਹੈ। ਪੀ. ਜੀ. ਆਈ. ਕਈ ਸਾਲਾਂ ਤੋਂ ਆਰਗਨ ਟਰਾਂਸਪਲਾਂਟ ਵਿਚ ਬਿਹਤਰ ਕੰਮ ਕਰ ਰਿਹਾ ਹੈ। ਉਹ ਭਾਵੇਂ ਬਰੇਨ ਡੈੱਡ ਮਰੀਜ਼ਾਂ ਦੇ ਆਰਗਨ ਟਰਾਂਸਪਲਾਂਟ ਕਰਨੇ ਹੋਣ, ਲਿਵਿੰਗ ਡੋਨਰ ਟਰਾਂਸਪਲਾਂਟ ਹੋਣ। ਪੀ. ਜੀ. ਆਈ. ਪੂਰੇ ਦੇਸ਼ ਵਿਚ ਇਕਲੌਤਾ ਸਰਕਾਰੀ ਹਸਪਤਾਲ ਹੈ, ਜੋ ਸਭਤੋਂ ਜ਼ਿਆਦਾ ਬਰੇਨ ਡੈੱਡ ਮਰੀਜ਼ਾਂ ਦੇ ਆਰਗਨ ਟਰਾਂਸਪਲਾਂਟ ਕਰ ਰਿਹਾ ਹੈ। ਰੋਟੋ ਡਿਪਾਰਟਮੈਂਟ ਦਾ ਵੀ ਵੱਡਾ ਯੋਗਦਾਨ ਹੈ। ਅਨੁਜ ਰੋਜ਼ਾਨਾ ਵਾਂਗ ਕੰਮ 'ਤੇ



ਜਾ ਰਿਹਾ ਸੀ। ਇਕ ਦਿਨ ਉਸਦੇ ਮੋਟਰਸਾਈਕਲ ਨੂੰ ਤੇਜ਼ ਰਫ਼ਤਾਰ ਦੋਪਹੀਆ ਵਾਹਨ ਨੇ ਟੱਕਰ ਮਾਰ ਦਿੱਤੀ। ਉਹ ਸੜਕ 'ਤੇ ਡਿੱਗ ਗਿਆ ਅਤੇ ਸਿਰ ਵਿਚ ਗੰਭੀਰ ਸੱਟ ਲੱਗਣ ਕਾਰਨ ਬੇਹੋਸ਼ ਹੋ ਗਿਆ। ਜਿਹੜੇ ਮੋਟਰਸਾਈਕਲ ਨਾਲ ਅਨੁਜ ਦੀ ਟੱਕਰ ਹੋਈ, ਉਸ 'ਤੇ ਤਿੰਨ ਵਿਅਕਤੀ ਸਵਾਰ ਸਨ। ਉਹ ਤਿੰਨੋ ਸ਼ਰਾਬ ਦੇ ਨਸ਼ੇ ਵਿਚ ਸਨ। ਜਿਸ ਸਮੇਂ ਇਹ ਹਾਦਸਾ ਹੋਇਆ, ਦੋ ਮੌਕੇ ਤੋਂ ਭੱਜ ਗਏ, ਜਦੋਂਕਿ ਅਨੁਜ ਅਤੇ ਹਾਦਸੇ ਵਿਚ ਜ਼ਖ਼ਮੀ ਹੋਰ ਵਿਅਕਤੀ ਨੂੰ ਅਨੁਜ ਦੇ ਜਾਣ-ਪਛਾਣ ਵਾਲੇ ਹਸਪਤਾਲ ਲੈ ਗਏ। ਅਨੁਜ ਦੀ ਹਾਲਤਵੇਖ ਕੇ ਡਾਕਟਰਾਂ ਨੇ 7 ਜੁਲਾਈ ਨੂੰ ਉਸਨੂੰ ਪੀ. ਜੀ. ਆਈ. ਰੈਫਰ ਕਰ ਦਿੱਤਾ। ਅਨੁਜ ਨੂੰ ਬੇਹਦ ਗੰਭੀਰ ਹਾਲਤ ਵਿਚ ਪੀ. ਜੀ. ਆਈ. ਲਿਆਂਦਾ ਗਿਆ ਸੀ। ਇਲਾਜ ਦੇ ਬਾਵਜੂਦ ਹਾਲਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ। ਸਾਰੇ ਪ੍ਰੋਟੋਕਾਲ ਤੋਂ ਬਾਅਦ ਬਰੇਨ ਡੈੱਥ ਸਰਟੀਫਿਕੇਸ਼ਨ ਕਮੇਟੀ ਦੀਆਂ ਦੋ ਬੈਠਕਾਂ ਤੋਂ ਬਾਅਦ 9 ਦਿਨ ਜ਼ਿੰਦਗੀ ਅਤੇ ਮੌਤ ਵਿਚਕਾਰ ਜੰਗ ਲੜਨ ਤੋਂ ਬਾਅਦ 15 ਜੁਲਾਈ ਨੂੰ ਉਸਨੂੰ ਬਰੇਨ ਡੈੱਡ ਐਲਾਨ ਕੀਤਾ ਗਿਆ। ਬਰੇਨ ਡੈੱਡ ਐਲਾਨ ਹੋਣ ਉਪਰੰਤ ਟਰਾਂਸਪਲਾਂਟ ਕੋਰਡੀਨੇਟਰ ਨੇ ਆਰਗਨ ਡੋਨੇਸ਼ਨ ਲਈ ਪਰਿਵਾਰ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਰਜ਼ਾਮੰਦੀ ਦੇ ਦਿੱਤੀ। ਆਪਣੇ ਬੇਟੇ ਨੂੰ ਗੁਆਉਣ ਦੇ ਦੁੱਖ ਦੇ ਬਾਵਜੂਦ ਪਿਤਾ ਅਮਰਨਾਥ ਸਿੰਘ ਨੇ ਉਸਦੇ ਅੰਗਦਾਨ ਕਰਨ ਦਾ ਫੈਸਲਾ ਲਿਆ। ਉਹ ਹਮੇਸ਼ਾ ਲੋਕਾਂ ਦੀ ਮਦਦ ਕਰਦਾ ਸੀ। ਇਹ ਆਖਰੀ ਮੌਕਾ ਸੀ ਕਿ ਉਸ ਕਾਰਨ ਦੂਜਿਆਂ ਦੀ ਮਦਦ ਕੀਤੀ ਜਾ ਸਕੇ। ਇਹੀ ਸੋਚਕੇ ਅਸੀਂ ਇਹ ਫੈਸਲਾ ਲਿਆ। ਸਾਡਾ ਫੈਸਲਾ ਕਈ ਲੋਕਾਂ ਦੀ ਜਾਨ ਬਚਾਉਣ ਵਿਚ ਮਦਦ ਕਰ ਸਕਦਾ ਹੈ

ਤਾਂ ਅਸੀਂ ਅੱਗੇ ਵਧਣ ਦਾ ਫੈਸਲਾ ਕੀਤਾ। ਅਨੁਜ ਦੀ ਕਿਡਨੀ ਅਤੇ ਕਾਰਨੀਆ ਜ਼ਰੂਰਤਮੰਦਾਂ ਨੂੰ ਟਰਾਂਸਪਲਾਂਟ ਹੋਏ ਹਨ। ਅਨੁਜ ਦੇ ਅੰਗ ਪਰਿਵਾਰ ਨੇ ਦਾਨ ਕਰਨ ਦੇ ਨਾਲ ਹੀ ਅਨੁਜ ਦੇ ਜੀਜੇ ਨੇ ਵੀ ਆਪਣੇ ਅੰਗ ਦਾਨ ਕਰਨ ਦੀ ਸਹੁੰ ਚੁੱਕੀ।

# ਹੜ੍ਹਾਂ ਦਰਮਿਆਨ ਰਾਹਤ ਭਰੀ ਖਬਰ: ਅੱਜ ਤੋਂ ਆਮ ਵਾਂਗ ਚੱਲਣਗੀਆਂ ਇਸ ਟਰੈਕ ਤੋਂ ਸਾਰੀਆਂ ਰੇਲ ਗੱਡੀਆਂ

ਫਿਰੋਜ਼ਪੁਰ 19 ਫਰਵਰੀ। ਸਤਲੁਜ ਦਰਿਆ ਵਿਚ ਹੜ੍ਹਾਂ ਕਾਰਨ ਪਿਛਲੇ ਇਕ ਹਫਤੇ ਤੋਂ ਰੇਲਵੇ ਟਰੈਕ 'ਤੇ ਪਾਣੀ ਭਰਨ ਕਾਰਨ ਬੰਦ ਪਏ ਫਿਰੋਜ਼ਪੁਰ-ਜਲੰਧਰ ਰੇਲ ਰੂਟ ਨੂੰ ਮੰਗਲਵਾਰ ਸ਼ਾਮ ਬਹਾਲ ਕਰ ਲਿਆ ਗਿਆ ਹੈ। ਅੱਜ 22 ਜੁਲਾਈ ਤੋਂ ਇਸ ਰੂਟ 'ਤੇ ਸਾਰੀਆਂ ਮੁਸਾਫਰ ਅਤੇ ਐਕਸਪ੍ਰੈੱਸ ਗੱਡੀਆਂ ਆਮ ਵਾਂਗ ਦੌੜਨਾ ਸ਼ੁਰੂ ਕਰ ਦੇਣਗੀਆਂ। ਡੀ. ਆਰ. ਐੱਮ. ਸੀਮਾ ਸ਼ਰਮਾ ਨੇ ਦੱਸਿਆ ਕਿ ਫਿਰੋਜ਼ਪੁਰ ਤੋਂ ਜਲੰਧਰ ਅਤੇ ਹੁਸ਼ਿਆਰਪੁਰ ਤੱਕ ਆਉਣ-ਜਾਣ ਵਾਲੀਆਂ ਕੁੱਲ 14 ਸਾਧਾਰਣ ਰੇਲਗੱਡੀਆਂ ਨੂੰ ਬੁੱਧਵਾਰ ਤੋਂ ਆਮ ਵਾਂਗ ਬਹਾਲ ਕੀਤਾ ਜਾ ਰਿਹਾ ਹੈ, ਜਦਕਿ ਟਰੈਕ 'ਤੇ ਪਾਣੀ ਭਰਣ ਕਾਰਨ ਰੂਟ ਬਦਲ ਕੇ ਚੱਲ ਰਹੀਆਂ 7 ਮੇਲ/ਐਕਸਪ੍ਰੈੱਸ ਗੱਡੀਆਂ ਨੂੰ ਵੀ ਬੁੱਧਵਾਰ ਤੋਂ ਏਸੇ ਟਰੈਕ 'ਤੇ ਆਮ ਵਾਂਗ ਚਲਾਇਆ ਜਾ ਰਿਹਾ ਹੈ। ਇਥੇ ਦੱਸ ਦੇਈਏ ਕਿ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਕੀਮਤੀ ਮਨੁੱਖੀ ਜਾਨਾਂ ਅਤੇ ਜਾਇਦਾਦਾਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੀ ਮਸ਼ੀਨਰੀ ਸੂਬੇ ਵਿਚ ਹੜ੍ਹ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੇ ਮੁੜ-ਵਸੇਬੇ ਲਈ ਜੰਗੀ ਪੱਧਰ 'ਤੇ ਕੰਮ ਕਰ ਰਹੀ ਹੈ। ਸੂਬੇ ਵਿਚ ਰਾਹਤ ਕਾਰਜਾਂ ਨੂੰ ਤੇਜ਼ ਕਰਦੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ 26,280



ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 18 ਜੁਲਾਈ ਨੂੰ ਸਵੇਰੇ 8 ਵਜੇ ਤਕ 1432 ਪਿੰਡ ਹੜ੍ਹ ਤੋਂ ਪ੍ਰਭਾਵਿਤ ਹਨ। ਸੂਬੇ ਵਿਚ ਕੁਲ 155 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿਚ 3,828 ਲੋਕ ਠਹਿਰੇ ਹੋਏ ਹਨ। ਜ਼ਿਕਰਯੋਗ ਹੈ ਕਿ ਤਰਨ ਤਾਰਨ, ਫਿਰੋਜ਼ਪੁਰ, ਫਤਿਹਗੜ੍ਹ ਸਾਹਿਬ, ਫਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐੱਸ. ਏ. ਐੱਸ. ਨਗਰ, ਜਲੰਧਰ, ਸੰਗਰੂਰ, ਐੱਸ. ਬੀ. ਐੱਸ. ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜ਼ਿਲ੍ਹੇ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ।

## ਦਰਿਆ ਬਿਆਸ ਇਕ ਵਾਰ ਫਿਰ ਪੂਰੇ ਉਫਾਨ 'ਤੇ, ਆਰਜੀ ਬੰਨ੍ਹ ਟੁੱਟੇ, ਫਸਲਾਂ 'ਚ ਵੜਿਆ ਪਾਣੀ


ਸੁਲਤਾਨਪੁਰ ਲੋਧੀ 19 ਫਰਵਰੀ। ਪਹਾੜੀ ਖੇਤਰ 'ਚ ਹੋ ਰਹੀ ਬਾਰਿਸ਼ ਤੇ ਬਦਲ ਫਟਣ ਨਾਲ ਬਿਆਸ ਦਰਿਆ ਇਕ ਵਾਰ ਫਿਰ ਪੂਰੇ ਉਫਾਨ 'ਤੇ ਹੈ। ਦਰਿਆ ਬਿਆਸ 'ਚ ਪਾਣੀ ਦਾ ਪੱਧਰ ਦੋਬਾਰਾ ਵਧਣ ਨਾਲ ਹੁਣ ਮੰਡ ਖੇਤਰ ਅਤੇ ਦਰਿਆ ਦੇ ਨਾਲ ਲੱਗਦੇ ਪਿੰਡਾਂ ਦੇ ਕਿਸਾਨਾਂ 'ਚ ਬੇਹੱਦ ਖੌਫ ਅਤੇ ਦਹਿਸ਼ਤ ਪਾਈ ਜਾ ਰਹੀ ਹੈ। ਦਰਿਆ ਬਿਆਸ ਦੀ ਮਾਰ ਤੋਂ ਬਚਣ ਲਈ ਨਜ਼ਦੀਕ ਲੱਗਦੇ ਪਿੰਡਾਂ ਸੁੱਬਦੁਲਾਪੁਰ, ਪੱਸਣ ਕਦੀਮ, ਸ਼ੇਰਪੁਰ ਡੋਗਰਾ ਆਦਿ 'ਚ ਲੋਕਾਂ ਵੱਲੋਂ ਲਗਾਏ ਆਰਜੀ ਬੰਨ੍ਹ ਟੁੱਟ ਗਏ ਹਨ ਅਤੇ ਪਾਣੀ ਨੇ ਫਸਲਾਂ ਨੂੰ ਘੇਰ ਲਿਆ ਹੈ। ਕਈ ਕਿਸਾਨਾਂ ਦੀ ਮੱਕੀ ਦੀ ਫਸਲ ਹਾਲੇ ਵੀ ਕਟਾਈ ਲਈ ਪਈ ਸੀ ਉਹ ਵੀ ਪਾਣੀ 'ਚ ਡੁੱਬ ਗਈ ਹੈ। ਇਸ ਤੋਂ ਇਲਾਵਾ ਝੋਨੇ ਦੀ ਫਸਲ ਜੋ ਪਹਿਲਾਂ ਪਾਣੀ ਦਾ ਪੱਧਰ ਨੀਵਾਂ ਹੋਣ ਕਰਕੇ ਵਿਖਾਈ ਦੇਣ ਲੱਗ ਪਈ ਸੀ, ਦੋਬਾਰਾ ਪਾਣੀ ਦੀ ਮਾਰ ਹੇਠ ਆ ਗਈ ਹੈ, ਜਿਸ ਨਾਲ ਕਿਸਾਨਾਂ ਦੇ ਚਿਹਰਿਆਂ 'ਤੇ ਮਾਯੂਸੀ ਛਾਈ ਪਈ ਹੈ ਗੌਰਤਲਬ ਹੈ ਕਿ ਸਤਲੁਜ ਦਰਿਆ ਵੱਲੋਂ ਪਾਣੀ ਦੀ ਮਾਰ ਮਾਰਨ ਤੋਂ ਪਹਿਲਾਂ ਦਰਿਆ ਬਿਆਸ 'ਚ ਪਾਣੀ ਦਾ ਪੱਧਰ ਬਹੁਤ ਵਧ ਗਿਆ ਸੀ, ਜਿਸ ਨਾਲ ਸਾਰੀਆਂ ਫਸਲਾਂ ਡੁੱਬਣ ਤੇ ਹਰੀਕੇ ਤੋਂ ਦਰ ਖੋਲ੍ਹਣ ਨਾਲ ਪਾਣੀ ਦਾ ਪੱਧਰ ਕਾਫੀ ਘੱਟ ਹੋਣ 'ਤੇ ਫਸਲਾਂ ਦਾ ਬਚਾਅ ਹੋ ਗਿਆ ਸੀ। ਹੁਣ ਦੁਬਾਰਾ ਬਿਆਸ 'ਚ ਪਾਣੀ ਦਾ ਪੱਧਰ ਵਧਣਾਂ ਕਿਸਾਨ ਇਸ ਨੂੰ ਖਤਰੇ ਦੀ ਘੰਟੀ ਮੰਨ ਰਹੇ ਹਨ। ਇਸ ਲਈ



ਬਚਾਅ ਲਈ ਪ੍ਰਸ਼ਾਸਨ ਨੂੰ ਹੁਣ ਤੋਂ ਹੀ ਪੁਖਤਾ ਪ੍ਰਬੰਧ ਕਰਨ ਦੀ ਲੋੜ ਹੈ। ਕਿਸਾਨਾਂ ਮੁਤਾਬਕ ਅੱਜ 3 ਜਗ੍ਹਾ ਤੋਂ ਆਰਜੀ ਬੰਨ੍ਹ ਟੁੱਟਣ ਨਾਲ ਜੋ ਸਥਿਤੀ ਪੈਦਾ ਹੋ ਗਈ ਹੈ, ਜੇ ਉਹ ਇਸ ਤਰ੍ਹਾਂ ਹੀ ਜਾਰੀ ਰਹੀ ਤਾਂ ਮੰਡ ਖੇਤਰ ਅਤੇ ਉਸਦੇ ਆਲੇ ਦੁਆਲੇ ਦਾ ਸਾਰਾ ਖੇਤਰ ਦੁਬਾਰਾ ਪਾਣੀ ਦੀ ਮਾਰ ਹੇਠਾਂ ਆ ਜਾਵੇਗਾ, ਜਿਸ ਨੂੰ ਹੁਣ ਰੋਕਣਾ ਸਰਕਾਰ ਅਤੇ ਪ੍ਰਸ਼ਾਸਨ ਦੇ ਹੱਥ ਹੈ। ਇਸ ਸਬੰਧੀ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਬਾਊਪੁਰ ਨੇ ਦੱਸਿਆ ਕਿ ਦਰਿਆ ਬਿਆਸ ਦਾ ਖਤਰਾ ਹਰ ਵੇਲੇ ਮੰਡ ਖੇਤਰ ਦੇ ਕਿਸਾਨਾਂ ਨੂੰ ਬਣਿਆ ਰਹਿੰਦਾ ਹੈ। ਸਾਉਣ ਦਾ ਮੌਸਮ ਸ਼ੁਰੂ ਹੋ ਚੁੱਕਿਆ ਹੈ ਅਤੇ ਡੈਮ ਤੋਂ ਦੁਬਾਰਾ ਪਾਣੀ ਛੱਡਣ ਨਾਲ ਕਿਸਾਨਾਂ ਦੇ ਦੁਬਾਰਾ ਸਾਹ ਸੂਤੇ ਗਏ ਹਨ। ਉਨ੍ਹਾਂ ਦੱਸਿਆ ਕਿ ਆਰਜੀ ਬੰਨ੍ਹ ਜੋ ਸਾਡੀਆਂ ਜਮੀਨਾਂ ਨੂੰ ਬਚਾਉਣ ਲਈ ਲਗਾਏ ਗਏ ਸੰਨ, ਉਹ ਦੋਬਾਰਾ ਪਾਣੀ ਦੀ ਮਾਰ ਹੇਠ ਆ ਕੇ ਟੁੱਟ ਗਏ ਹਨ। ਕਿਸਾਨ ਸੰਘਰਸ਼ ਕਮੇਟੀ ਨੇ ਕਿਹਾ ਕਿ ਹਾਲੇ ਵੀ ਸਮਾਂ ਹੈ ਸਰਕਾਰ ਸਮੇਂ ਤੋਂ ਪਹਿਲਾਂ ਜਾਗੇ ਅਤੇ ਹਰੀਕੇ ਤੋਂ ਬਰਾਬਰ ਪਾਣੀ ਰਿਲੀਜ਼ ਕਰ ਦੇਵੇ, ਜੇ ਸਰਕਾਰ ਨੇ ਦੇਰੀ ਕੀਤੀ ਤਾਂ ਸੱਤਲੁਜ 'ਚ ਪਾਣੀ ਦੀ ਮਾਰ ਹੇਠ ਆਏ ਪਿੰਡਾਂ ਵਾਂਗ ਇਹ ਖੇਤਰ ਵੀ ਜਬਰਦਸਤ ਹੜ੍ਹ ਦੀ ਮਾਰ ਹੇਠ ਆ ਜਾਵੇਗਾ, ਜਿਸ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋਵੇਗਾ। 'ਜਗ ਬਾਣੀ' ਨਾਲ ਗਲਬਾਤ ਕਰਦੇ ਹੋਏ ਕਿਸਾਨ ਚਰਨਜੀਤ ਸਿੰਘ ਗਿੱਲ, ਹਰਦੀਪ ਸਿੰਘ ਮੈਂਬਰ ਪੰਚਾਇਤ, ਸੀਤਲ ਰਾਮ, ਸਲਵਿੰਦਰ ਸਿੰਘ, ਸੁਰਿੰਦਰ ਸਿੰਘ ਥਿੰਦ, ਹਰਜਿੰਦਰਸਿੰਘ ਬੱਬੂ ਪ੍ਰਧਾਨ, ਮਲਕੀਤ ਸਿੰਘ, ਮਨਪ੍ਰੀਤ ਸਿੰਘ ਨੇ ਦੱਸਿਆ ਕਿ ਬਿਆਸ ਦੱਰਿਆ 'ਚ ਪਾਣੀ ਦਾ ਪੱਧਰ ਵਧਣ ਨਾਲ ਸਾਰੀਆਂ ਫਸਲਾਂ ਡੁੱਬ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇ ਇਹੀ ਹਲਾਤ ਰਹੇ ਤਾਂ ਬਹੁਤ ਨੁਕਸਾਨ ਹੋਵੇਗਾ।

# ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਲੈ ਗਿਆ ਡਰਾਈਵਰ

ਜਲੰਧਰ 19 ਫਰਵਰੀ। ਸਟਰੀਟ ਡਾਗ ਨੂੰ ਟਾਟਾ 407 ਦੇ ਪਿੱਛੇ ਰੱਸੀ ਨਾਲ ਬੰਨ੍ਹ ਕੇ ਸ਼ਹਿਰ ਦੀਆਂ ਗਲੀਆਂ ਵਿਚ ਘੁਮਾਉਣ ਦੀ ਵੀਡੀਓ ਨੇ ਲੋਕਾਂ ਦੇ ਦਿਲਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ। ਜ਼ਿਦਾ ਡਾਗ ਨੂੰ ਟਾਟਾ 407 ਦੇ ਪਿੱਛੇ ਬੰਨ੍ਹ ਕੇ ਉਸਨੂੰ ਘੜੀਸਦਿਆਂ ਲਿਜਾਣ ਦੀ ਜਦੋਂ ਵੀਡੀਓ ਵਾਇਰਲ ਹੋਈ ਤਾਂ ਐਨੀਮਲ ਪ੍ਰੋਟੈਕਸ਼ਨ ਫਾਊਂਡੇਸ਼ਨ ਨੇ ਪੁਲਸ ਕਮਿਸ਼ਨਰ ਦਫਤਰ ਜਾ ਕੇ ਵੀਡੀਓ ਕਲਿੱਪ




ਸਮੇਤ ਸ਼ਿਕਾਇਤ ਦਰਜ ਕਰਵਾਈ ਅਤੇ ਡਰਾਈਵਰ ਵੱਲੋਂ ਕੀਤੇ ਇਸ ਅਣਮਨੁੱਖੀ ਕਾਰਜ ਲਈ ਉਸ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਹਾਲਾਂਕਿ ਵੀਡੀਓ ਕਿਸ ਇਲਾਕੇ ਦਾ ਹੈ, ਇਹ ਅਜੇ ਸਪੱਸ਼ਟ ਨਹੀਂ ਹੋ ਸਕਿਆ। ਇਸ ਮਾਮਲੇ ਨੂੰ ਥਾਣਾ ਨੰਬਰ 8 ਦੇ ਇੰਚਾਰਜ ਪ੍ਰਦੀਪ ਸਿੰਘ ਨੂੰ ਮਾਰਕ ਕੀਤਾ ਗਿਆ ਹੈ। ਪੁਲਸ ਨੇ ਮਾਮਲੇ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਫਾਊਂਡੇਸ਼ਨ ਦੇ ਸੰਸਥਾਪਕ ਯੁਵੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਇਕ 11 ਸੈਕਿੰਡ ਦੀ ਵੀਡੀਓ ਆਈ ਸੀ, ਜਿਸ ਵਿਚ ਟਾਟਾ 407 (ਪੀ. ਬੀ. 08 ਸੀ. ਪੀ. 7206) ਆਪਣੇ ਵਾਹਨ ਦੇ ਪਿੱਛੇ ਸਟਰੀਟ ਡਾਗ ਨੂੰ ਰੱਸੀ ਨਾਲ ਬੰਨ੍ਹ ਕੇ ਘੜੀਸਦਾ ਹੋਇਆ ਲਿਜਾ ਰਿਹਾ ਸੀ। ਡਾਗ ਦਾ ਸਿਰ ਵੀ ਵਾਰ-ਵਾਰ ਸੜਕ 'ਤੇ ਟਕਰਾ ਰਿਹਾ ਸੀ ਪਰ ਡਰਾਈਵਰ ਗੱਡੀ ਨੂੰ ਭਜਾਉਂਦਾ ਰਿਹਾ। ਟਾਟਾ 407 ਦੇ ਪਿੱਛੇ ਆ ਰਹੇ ਇਕ ਬਾਈਕ ਸਵਾਰ ਨੌਜਵਾਨ ਨੇ ਇਹ ਵੀਡੀਓ ਬਣਾ ਕੇ ਵਾਇਰਲ ਕਰ ਦਿੱਤੀ, ਜਿਸ ਤੋਂ ਬਾਅਦ ਫਾਊਂਡੇਸ਼ਨ ਦੇ ਸੰਸਥਾਪਕ ਨੇ ਸ਼ਿਕਾਇਤ ਦਰਜ ਕਰਵਾਈ। ਯੁਵੀ ਸਿੰਘ ਨੇ ਕਿਹਾ ਕਿ ਡਰਾਈਵਰ ਵੱਲੋਂ ਕੀਤੇ ਇਸ ਘਿਨੌਣੇ ਕੰਮ ਨੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਦੇ ਨਾਲ-ਨਾਲ ਮਨੁੱਖਤਾ ਦੇ ਸਿਧਾਂਤਾਂ ਨੂੰ ਤਾਰ-ਤਾਰ ਕੀਤਾ ਹੈ। ਉਨ੍ਹਾਂ ਟਾਟਾ 407 ਦੇ ਡਰਾਈਵਰ ਵਿਰੁੱਧ ਪਸ਼ੂ ਭਲਾਈ ਕਾਨੂੰਨਾਂ ਦੀ ਉਲੰਘਣਾ ਕਰਨ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਟਾਟਾ 407 ਨੂੰ ਵੀ ਜ਼ਬਤ ਕੀਤਾ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕਿਤੇ ਵੀ ਬੇਸਹਾਰਾ ਪਸ਼ੂਆਂ ਖ਼ਿਲਾਫ ਕੋਈ ਵੀ ਜ਼ੁਲਮ ਕਰਦਾ ਹੈ ਤਾਂ ਉਸਦੀ ਜਾਣਕਾਰੀ ਪੁਲਸ ਨੂੰ ਦਿੱਤੀ ਜਾਵੇ ਤਾਂ ਕਿ ਬੇਜ਼ੁਬਾਨਾਂ ਨੂੰ ਬਚਾਇਆ ਜਾ ਸਕੇ।

## ਲੁਧਿਆਣਾ 'ਚ ਖੁੱਲ੍ਹੇਗਾ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ

ਲੁਧਿਆਣਾ 19 ਫਰਵਰੀ। ਲੁਧਿਆਣਾ 'ਚ ਜਲਦੀ ਹੀ ਪੰਜਾਬ ਦਾ ਪਹਿਲਾ ਸਭ ਤੋਂ ਵੱਡਾ ਡਾਇਲਸਿਸ ਸੈਂਟਰ ਖੁੱਲ੍ਹਣ ਜਾ ਰਿਹਾ ਹੈ। ਹੈਲਪਫੁੱਲ ਐੱਨ. ਜੀ. ਓ. ਵੈਲਫੇਅਰ ਸੋਸਾਇਟੀ ਵਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਜ਼ਿਲ੍ਹੇ 'ਚ ਖੁੱਲ੍ਹਣ ਵਾਲੇ ਇਸ ਸੈਂਟਰ 'ਚ ਮੁਫਤ ਇਲਾਜ ਹੋਵੇਗਾ। ਇਹ ਸੈਂਟਰ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ 'ਚ ਇਹ ਡਾਇਲਸਿਸ ਸੈਂਟਰ ਖੋਲ੍ਹਿਆ ਜਾਵੇਗਾ। ਸੋਮਵਾਰ ਨੂੰ ਐੱਨ. ਜੀ. ਓ. ਦੇ ਸੰਸਥਾਪਕ ਦੀਪਕ ਗਰਗ, ਅਸ਼ੋਕ ਮਿੱਤਲ, ਰਾਕੇਸ਼ ਜੈਨ, ਸਤੀਸ਼ ਸੋਨੂੰ ਸਿੰਗਲਾ, ਅਤੇ ਬਾਕਿਆਂ ਨੇ ਐੱਮ. ਓ. ਯੂ. ਚਿੱਠੀ ਸਿਵਲ ਸਰਜਨ ਹਤਿੰਦਰ ਕੌਰ ਨੂੰ ਸੌਂਪੀ। ਇਸ ਮੌਕੇ ਸਿਵਲ ਸਰਜਨ ਨੇ ਐੱਨ. ਜੀ. ਓ. ਵੱਲੋਂ ਕੀਤੇ ਜਾ ਰਹੇ ਇਸ ਕੰਮ ਦੀ ਤਾਰੀਫ ਕੀਤੀ। ਉੱਥੇ ਹੀ ਦੀਪਕ ਗਰਗ ਨੇ ਕਿਹਾ ਕਿ ਇਸ ਸੈਂਟਰ ਨਾਲ ਗਰੀਬ ਵਰਗ ਦੇ ਪੀੜਤ ਮਰੀਜਾਂ ਨੂੰ ਮੁਫਤ ਡਾਇਲਸਿਸ ਦੀ ਸਹੂਲਤ ਨਾਲ ਰਾਹਤ ਮਿਲੇਗੀ। ਇਸ ਸੈਂਟਰ ਦੇ ਸ਼ੁਰੂਆਤ 'ਚ 15 ਡਾਇਲਸਿਸ ਮਸ਼ੀਨਾਂ ਹੋਣਗੀਆਂ ਅਤੇ ਜਲਦੀ ਹੀ 25 ਮਸ਼ੀਨਾਂ ਕਰ ਲਈਆਂ ਜਾਣਗੀਆਂ। ਇੱਥੇ ਕਿਸੇ ਤਰ੍ਹਾਂ ਦਾ ਵੀ ਕੋਈ ਕੈਸ਼ ਕਾਊਂਟਰ ਨਹੀਂ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਸੈਂਟਰ ਬਹੁਤ ਹੀ ਆਧੁਨਿਕ ਤਰੀਕੇ ਨਾਲ ਬਣਾਇਆ ਜਾ ਰਿਹਾ ਹੈ।



*ਮੌਜੂਦਾ ਦੌਰ 'ਚ ਸਰਕਾਰੀ ਤੋਂ ਲੈ ਕੇ ਨਿੱਜੀ ਖੇਤਰ ਤਕ ਖੇਤੀ ਨਾਲ ਸਬੰਧਤ ਮਾਹਿਰਾਂ ਦੀ ਮੰਗ ਵਧ ਰਹੀ ਹੈ। ਜੇ ਤੁਸੀਂ ਵੀ ਐਗਰੀਕਲਚਰ ਇੰਡਸਟਰੀ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਤਾਂ ਐਗਰੀ-ਬਿਜ਼ਨਸ ਤੁਹਾਡੇ ਲਈ ਇਕ ਬਿਹਤਰੀਨ ਬਦਲ ਸਿੱਧ ਹੋ ਸਕਦਾ ਹੈ। ਹਾਲ ਹੀ ਦੇ ਵਰ੍ਹਿਆਂ ਦੌਰਾਨ ਮੈਨੇਜਮੈਂਟ ਨਾਲ ਸਬੰਧਤ ਨੌਜਵਾਨਾਂ ਲਈ ਐਗਰੀ-ਬਿਜ਼ਨਸ ਬੇਸ਼ੁਮਾਰ ਮੌਕੇ ਲੈ ਕੇ ਆਇਆ ਹੈ...*



# ਵੱਡੀਆਂ ਸੰਭਾਵਨਾਵਾਂ ਵਾਲਾ ਖੇਤਰ ਐਗਰੀ-ਬਿਜ਼ਨਸ

ਫਲਾਂ, ਸਬਜ਼ੀਆਂ ਅਤੇ ਅਨਾਜ ਦੇ ਵੱਡੇ ਉਤਪਾਦਕ ਅਤੇ ਬਰਾਮਦਕਾਰ ਹੋਣ ਦੇ ਨਾਤੇ ਭਾਰਤੀ ਖੇਤੀ ਦਾ ਅੱਜ ਦੁਨੀਆ ਵਿਚ ਵੱਖਰਾ ਮੁਕਾਮ ਹੈ। ਫੁੱਲਾਂ, ਮਸਾਲਿਆਂ, ਅਨਾਜ, ਤੇਲ ਬੀਜਾਂ ਅਤੇ ਸਬਜ਼ੀਆਂ ਦੀ ਬਰਾਮਦ ਸਮਰਥਾ ਵਿਚ ਭਾਰਤ ਲਗਾਤਾਰ ਵਾਧਾ ਕਰ ਰਿਹਾ ਹੈ। ਐਗਰੀ-ਬਿਜ਼ਨਸ ਯਾਨੀ ਖੇਤੀ ਕਾਰੋਬਾਰ ਦੀ ਪੜ੍ਹਾਈ ਅਤੇ ਸਿਖਲਾਈ ਪ੍ਰਾਪਤ ਪੇਸ਼ੇਵਰਾਂ ਦੀ ਵਧਦੀ ਹੋਈ ਅਹਿਮੀਅਤ ਭਾਰਤੀ ਖੇਤੀ ਦੇ ਵਿਸਥਾਰ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੀ ਵਧਾ ਰਹੀ ਹੈ। ਖੇਤੀ ਜਾਂ ਕਿਰਸਾਨੀ ਹੁਣ ਗੁਜ਼ਾਰੇ ਦਾ ਜ਼ਰੀਆ ਹੀ ਨਹੀਂ ਰਹਿ ਗਿਆ, ਬਲਕਿ ਇਸ ਖੇਤਰ ਤੋਂ ਕਾਰੋਬਾਰੀ ਪੱਧਰ 'ਤੇ ਵੱਡੀ ਕਾਮਯਾਬੀ ਦੀ ਵੱਡੀਆਂ ਉਮੀਦਾਂ ਹਨ। ਇਹੀ ਕਾਰਨ ਹੈ ਕਿ ਕਾਰੋਬਾਰੀ ਪਿਛੋਕੜ ਵਾਲੇ ਲੋਕਾਂ ਲਈ ਇਸ ਖੇਤਰ ਵਿਚ ਮਾਰਕੀਟਿੰਗ, ਮਰਚੈਂਡਾਈਜ਼ਿੰਗ, ਸੇਲਜ਼ ਰਿਪਰਜ਼ੈਂਟੇਟਿਵ, ਅਕਾਊਂਟੈਂਟ, ਐਗਰੀਕਲਚਰ ਇਕਨਾਮਿਸਟ, ਫਾਈਨਾਂਸ ਮੈਨੇਜਰ, ਕਮੋਡਿਟੀ ਟਰੇਡਰ ਦੇ ਤੌਰ 'ਤੇ ਪਛਾਣ ਬਣਾਉਣ ਦੇ ਬਹੁਤ ਸਾਰੇ ਮੌਕੇ ਹਨ। ਜੇ ਸਵੈ ਰੁਜ਼ਗਾਰ ਦੀਆਂ ਸੰਭਾਵਨਾਵਾਂ ਨੂੰ ਵੇਖੀਏ ਤਾਂ ਇਸ ਖੇਤਰ ਵਿਚ ਬਿਜ਼ਨਸ ਆਪਰੇਸ਼ਨ, ਫਾਰਮਿੰਗ, ਪ੍ਰੋਸੈਸਿੰਗ, ਮਨੂਫੈਕਚਰਿੰਗ ਐਂਡ ਪੈਕੇਜਿੰਗ ਅਤੇ ਡਿਸਟ੍ਰੀਬਿਊਸ਼ਨ ਦੇ ਖੇਤਰਾਂ 'ਚ ਬਹੁਤ ਸਾਰੇ ਮੌਕੇ ਮੌਜੂਦ ਹਨ।

### ਐਗਰੀ-ਬਿਜ਼ਨਸ 'ਚ ਮੌਕੇ

*ਫੂਡ ਪ੍ਰੋਡਕਸ਼ਨ ਅਤੇ ਪ੍ਰੋਸੈਸਿੰਗ ਇੰਡਸਟਰੀ ਵਿਚ ਹਾਲ ਹੀ 'ਚ ਆਈਆਂ ਤਬਦੀਲੀਆਂ ਕਾਰਨ ਖੇਤੀ ਖੇਤਰ ਦਾ ਦਾਇਰਾ ਅਤੇ ਵੱਡੀ ਗਿਣਤੀ ਵਿਚ ਮੁਹਾਰਤ ਪ੍ਰਾਪਤ ਪੇਸ਼ੇਵਰਾਂ ਦੀ ਮੰਗ ਵਧੀ ਹੈ। ਐਗਰੀਕਲਚਰ ਗ੍ਰੈਜੂਏਟ ਜਾਂ ਐਗਰੀ-ਬਿਜ਼ਨਸ ਐਕਸਪਰਟ ਲਈ ਸਰਕਾਰੀ, ਗ਼ੈਰ-ਸਰਕਾਰੀ ਅਤੇ ਸਵੈ ਰੁਜ਼ਗਾਰ ਲਈ ਬਹੁਤ ਸਾਰੇ ਮੌਕੇ ਹਨ। ਐਗਰੀ-ਬਿਜ਼ਨਸ ਦੀ ਪੜ੍ਹਾਈ ਕਰਨ ਤੋਂ ਬਾਅਦ ਐਗਰੀ-ਬਿਜ਼ਨਸ ਕੰਪਨੀਆਂ, ਖੇਤੀ ਸੰਸਥਾਵਾਂ, ਇਨਪੁਟ ਡੀਲਰ, ਐੱਨਜੀਓ, ਐਗਰੀ-ਇੰਟਰਪ੍ਰੇਨੇਓਰ ਅਤੇ ਕੋਆਪ੍ਰੇਟਿਵ 'ਚ ਕੰਮ ਕਰ ਸਕਦੇ ਹੋ।*

### ਐਗਰੀ-ਬਿਜ਼ਨਸ 'ਚ ਕਰ ਸਕਦੇ ਹੋ ਐੱਮਬੀਏ

ਜੇ ਤੁਹਾਡੀ ਰੁਚੀ ਭਾਰਤੀ ਖੇਤੀ ਗੇ ਪ੍ਰਯੋਗਿਕ ਅਤੇ ਖੋਜ ਪਹਿਲੂਆਂ ਨੂੰ ਨੇੜਿਓਂ ਜਾਨਣ ਵਿਚ ਹੈ ਤਾਂ ਯਕੀਨਨ ਐਗਰੀ-ਬਿਜ਼ਨਸ 'ਚ ਐੱਮਬੀਏ ਅਤੇ ਪੀਐੱਚਡੀ ਦੀ ਪੜ੍ਹਾਈ ਤੁਹਾਡੇ ਲਈ ਮਦਦਗਾਰ ਸਿੱਧ ਹੋ ਸਕਦੀ ਹੈ। ਦੋ ਸਾਲਾ ਐੱਮਬੀਏ ਇਨ ਐਗਰੀ-ਬਿਜ਼ਨਸ ਦੇ ਦੌਰਾਨ ਖੇਤੀ ਸੋਮਿਆਂ ਅਤੇ ਉਤਪਾਦਾਂ ਦੇ ਵਿਕਾਸ, ਸੰਭਾਲ ਅਤੇ ਕਾਰੋਬਾਰ ਆਦਿ ਉੱਪਰ ਵਿਸ਼ੇਸ਼ ਤੌਰ 'ਤੇ ਫੋਕਸ ਕੀਤਾ ਜਾ ਸਕਦਾ ਹੈ। ਇਸ ਕੋਰਸ ਦਾ ਮੁੱਖ ਉਦੇਸ਼ ਫਾਈਨਾਂਸ, ਲੈਂਡਿੰਗ, ਕਮੋਡਿਟੀ ਟ੍ਰੇਨਿੰਗ, ਮਾਈਕਰੋ ਫਾਈਨਾਂਸ, ਸਪਲਾਈ ਚੇਨ ਮੈਨੇਜਮੈਂਟ, ਟੈਕਸੇਸ਼ਨ, ਮਾਰਕੀਟਿੰਗ (ਵਿਸ਼ੇਸ਼ ਤੌਰ 'ਤੇ ਰੂਰਲ ਮਾਰਕੀਟਿੰਗ) ਆਦਿ ਦੇ ਰੂ-ਬ-ਰੂ ਕਰਵਾਉਣਾ ਹੈ।

### ਮੁੱਖ ਸੰਸਥਾਵਾਂ

- ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
- ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ।
- ਜੀਬੀ ਪੰਤ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨਾਲੋਜੀ।
- ਨੈਸ਼ਨਲ ਇੰਸਟੀਚਿਊਟ ਆਫ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ।
- ਬਨਾਰਸ ਹਿੰਦੂ ਯੂਨੀਵਰਸਿਟੀ, ਵਾਰਣਸੀ। •

### ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ 'ਚ ਕਰੋ ਪੀਜੀ ਡਿਪਲੋਮਾ

*__ਨੈਸ਼ਨਲ__ ਇੰਸਟੀਚਿਊਟ ਆਫ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ (ਮੈਨੇਜ) ਨੇ ਤੇਜ਼ੀ ਨਾਲ ਵਿਕਸਿਤ ਹੋ ਰਹੇ ਖੇਤੀ ਖੇਤਰ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੇ ਮਕਸਦ ਨਾਲ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਕਈ ਅਹਿਮ ਕੋਰਸ ਸ਼ੁਰੂ ਕੀਤੇ ਹਨ। 'ਮੈਨੇਜ' ਭਾਰਤ ਸਰਕਾਰ ਦੇ ਖੇਤੀ ਅਤੇ ਕਿਸਾਨ ਕਲਿਆਣ ਮੰਤਰਾਲੇ ਅਧੀਨ ਕੰਮ ਕਰਨ ਵਾਲੀ ਖ਼ੁਦਮੁਖਤਿਆਰ ਰੈਗੁਲੇਟਰੀ ਹੈ। ਇਹ ਪੇਸ਼ੇਵਰਾਂ ਨੂੰ ਸਿਖਲਾਈ, ਸਲਾਹ, ਮੈਨੇਜਮੈਂਟ, ਖੋਜ ਅਤੇ ਸੂਚਨਾ ਸੇਵਾਵਾਂ ਦੇ ਖੇਤਰ 'ਚ ਮੁਹਾਰਤ ਦਿੰਦੀ ਹੈ। 'ਮੈਨੇਜ' ਵੱਲੋਂ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ, ਆਨਲਾਈਨ ਪੀਜੀਡੀਏਈਐੱਮ-ਮੂਕ, ਡਿਪਲੋਮਾ ਇਨ ਐਗਰੀਕਲਚਰਲ ਸਰਵਿਸਿਜ਼ ਅਤੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਮੈਨੇਜਮੈਂਟ (ਐਗਰੀ-ਬਿਜ਼ਨਸ ਮੈਨੇਜਮੈਂਟ) ਸਮੇਤ ਕਈ ਕੋਰਸ ਕਰਵਾਏ ਜਾਂਦੇ ਹਨ।*

*__ਕੋਰਸ :__ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਐਗਰੀਕਲਚਰਲ ਐਕਸਟੈਂਸ਼ਨ ਮੈਨੇਜਮੈਂਟ (ਪੀਜੀਡੀਏਈਐੱਮ)- ਦੋ ਸਮੈਸਟਰ।*

*__ਯੋਗਤਾ :__ ਐਗਰੀਕਲਚਰ ਜਾਂ ਅਲਾਇਡ ਵਿਸ਼ਿਆਂ (ਹਾਰਟੀਕਲਚਰ, ਵੈਟਰਨਰੀ, ਫਿਸ਼ਰੀਜ਼ ਆਦਿ) 'ਚ ਗ੍ਰੈਜੂਏਟ ਜਾਂ ਸਰਕਾਰੀ ਜਾਂ ਗ਼ੈਰ ਸਰਕਾਰੀ ਖੇਤਰਾਂ ਦੇ ਖੇਤੀ ਨਾਲ ਸਬੰਧਤ ਪ੍ਰੋਫਾਈਲ 'ਚ ਕੰਮ ਕਰਨ ਵਾਲੇ ਗ੍ਰੈਜੂਏਟ ਅਪਲਾਈ ਕਰ ਸਕਦੇ ਹਨ।*


*__ਚੋਣ :__ ਉਮੀਦਵਾਰ ਦੀ ਚੋਣ ਲਿਖਤੀ ਪ੍ਰੀਖਿਆ ਅਤੇ ਅਸਾਈਨਮੈਂਟ 'ਚ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਜਾਵੇਗੀ। ਲਿਖਤੀ ਪ੍ਰੀਖਿਆ ਲਈ 70 ਅੰਕ ਅਤੇ ਅਸਾਈਨਮੈਂਟ ਲਈ 30 ਅੰਕ ਨਿਰਧਾਰਤ ਕੀਤੇ ਗਏ ਹਨ। ਪ੍ਰੀਖਿਆ ਦਾ ਮਾਧਿਅਮ ਹਿੰਦੀ ਜਾਂ ਅੰਗਰੇਜ਼ੀ ਹੋਵੇਗਾ।*

**ਅਪਲਾਈ ਕਰਨ ਦੀ ਆਖ਼ਰੀ ਤਰੀਕ**

*31 ਦਸੰਬਰ 2017*

**ਵਧੇਰੇ ਜਾਣਕਾਰੀ ਲਈ ਵੇਖੋ**

http://www.manage.gov.in/pgdaem/brochure-2017-18.pdf



## ਨੌਕਰੀਆਂ

**ਸੈਂਟਰਲ ਬੈਂਕ ਆਫ ਇੰਡੀਆ**
ਅਸਾਮੀਆਂ - 18
ਅਹੁਦਾ - **ਸਕਿਓਰਿਟੀ ਅਫਸਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **22 ਦਸੰਬਰ 2017**
ਵੈੱਬਸਾਈਟ - www.crentralbankofindia.co.in.

**ਇੰਡੀਅਨ ਨੇਵੀ**
ਅਸਾਮੀਆਂ - 168
ਅਹੁਦਾ - **ਚਾਰਜਮੈਨ ਤੇ ਸਿਵਲੀਅਨ ਪਰਸਨਲ ਪੋਸਟਸ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **26 ਦਸੰਬਰ 2017**
ਵੈੱਬਸਾਈਟ - www.hqwncrecruitment.com.

**ਲਾਈਫ ਇੰਸ਼ੋਰੈਂਸ ਕੰਪਨੀ ਇੰਡੀਆ**
ਅਸਾਮੀਆਂ - 260
ਅਹੁਦਾ - **ਗਰੁੱਪ-ਬੀ ਨਾਨ-ਗਜ਼ਟਿਡ ਐਡਵਾਈਜ਼ਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **31 ਦਸੰਬਰ 2017**
ਵੈੱਬਸਾਈਟ - www.licindia.in

**ਏਅਰਪੋਰਟ ਅਥਾਰਿਟੀ ਆਫ ਇੰਡੀਆ**
ਅਸਾਮੀਆਂ - 170
ਅਹੁਦਾ - **ਜੂਨੀਅਰ ਅਸਿਸਟੈਂਟ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **31 ਦਸੰਬਰ 2017**
ਵੈੱਬਸਾਈਟ - www.aai.aero

**ਏਅਰਲਾਈਨ ਅਲਾਈਡ ਸਰਵਿਸਿਜ਼ ਲਿਮਟਿਡ**
ਅਸਾਮੀਆਂ - 33
ਅਹੁਦਾ - **ਟੈਕਨੀਕਲ ਅਸਿਸਟੈਂਟ ਤੇ ਹੋਰ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **03 ਜਨਵਰੀ 2018**
ਵੈੱਬਸਾਈਟ - www.airindia.in

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ**
ਅਸਾਮੀਆਂ - 853
ਅਹੁਦਾ - **ਜੂਨੀਅਰ ਇੰਜੀਨੀਅਰ, ਸਬ ਸਟੇਸ਼ਨ ਅਟੈਂਡੈਂਟ**
ਅਪਲਾਈ ਕਰਨ ਦੀ ਆਖ਼ਰੀ ਤਰੀਕ - **08 ਜਨਵਰੀ 2018**
ਵੈੱਬਸਾਈਟ - www.pspcl.in.

## ਸਰਵੇਖਣ

### ਐਡਵਾਂਸ ਤਕਨਾਲੋਜੀ ਤੋਂ ਖ਼ੁਸ਼ ਹਨ 64 ਫ਼ੀਸਦੀ ਭਾਰਤੀ

**ਤਕਨਾਲੋਜੀ** ਦੇ ਖੇਤਰ ਦੀ ਮਹਾਰਥੀ ਸੰਸਥਾ 'ਸਿਸਕੋ' ਵੱਲੋਂ ਕੀਤੇ ਗਏ ਇਕ ਸਰਵੇਖਣ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ 60 ਫ਼ੀਸਦੀ ਤੋਂ ਜ਼ਿਆਦਾ ਭਾਰਤੀ ਕਰਮਚਾਰੀ ਐਡਵਾਂਸ ਤਕਨਾਲੋਦੀ ਨੂੰ ਰੁਜ਼ਗਾਰ ਦੇ ਲਿਹਾਜ਼ ਨਾਲ ਫ਼ਾਇਦੇਮੰਦ ਮੰਨਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਐਡਵਾਂਸ ਤਕਨਾਲੋਜੀ ਰੁਜ਼ਗਾਰ ਵਿਚ ਵਾਧੇ 'ਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਸਿਸਕੋ ਵੱਲੋਂ ਕਰਵਾਏ ਗਏ ਇਸ ਸਰਵੇਖਣ ਵਿਚ ਭਾਰਤ, ਅਮਰੀਕਾ, ਬਰਤਾਨੀਆ, ਕੈਨੇਡਾ, ਫਰਾਂਸ, ਜਰਮਨੀ, ਬ੍ਰਾਜ਼ੀਲ, ਮੈਕਸੀਕੋ, ਆਸਟ੍ਰੇਲੀਆ ਅਤੇ ਚੀਨ ਦੇ 2270 ਵ੍ਹਾਈਟ-ਕਾਲਰ ਕਰਮਚਾਰੀਆਂ ਨੂੰ ਸ਼ਾਮਲ ਕੀਤਾ ਗਿਆ ਸੀ।

**57** ਫ਼ੀਸਦੀ ਕਰਮਚਾਰੀਆਂ ਦਾ ਮੰਨਣਾ ਹੈ ਕਿ ਵਰਚੁਅਲ ਅਸਿਸਟੈਂਟ ਨਾਲ ਉਤਪਾਦਕਤਾ ਵਧਦੀ ਹੈ, ਜਦਕਿ 51 ਫ਼ੀਸਦੀ ਕਰਮਚਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਇਕਾਗਰਤਾ ਵਧਦੀ ਹੈ।

**64** ਫ਼ੀਸਦੀ ਭਾਰਤੀ ਇਸ ਗੱਲ ਨਾਲ ਸਹਿਮਤ ਹਨ ਕਿ ਐਡਵਾਂਸ ਤਕਨਾਲੋਜੀ ਨਾਲ ਕਈ ਗੁਣਾ ਜ਼ਿਆਦਾ ਰੁਜ਼ਗਾਰ ਦੇ ਮੌਕੇ ਮਿਲਦੇ ਹਨ। 81 ਫ਼ੀਸਦੀ ਚੀਨੀ ਅਤੇ 69 ਫ਼ੀਸਦੀ ਬ੍ਰਾਜ਼ੀਲ ਦੇ ਕਰਮਚਾਰੀਆਂ ਦਾ ਵੀ ਮੰਨਣਾ ਹੈ ਕਿ ਤਕਨਾਲੋਜੀ ਨਾਲ ਰੁਜ਼ਗਾਰ ਵਿਚ ਵਾਧਾ ਹੋ ਸਕਦਾ ਹੈ।

**93** ਫ਼ੀਸਦੀ ਭਾਰਤੀ ਕਰਮਚਾਰੀ ਵਰਕ-ਪਲੇਸ 'ਤੇ ਤਕਨਾਲੋਜੀ ਅਤੇ ਵਰਚੁਅਲ ਅਸਿਸਟੈਂਸ ਨੂੰ ਸਕਾਰਾਤਮਕ ਨਜ਼ਰੀਏ ਨਾਲ ਵੇਖਦੇ ਹਨ। •


*__ਸੀ++ ਕੰਪਿਊਟਰ ਪ੍ਰੋਗਰਾਮਿੰਗ ਲੈਂਗੁਏਜ਼ ਹੈ। ਇਸ ਨੂੰ 1980 ਵਿਚ ਯੂਐੱਸਏ ਦੀ ਬੇਲ ਲੈਬੋਰੇਟਰੀ ਵਿਚ ਬਿਜਰਨੇ ਸਟ੍ਰੋਸਟਰੱਪ ਨੇ ਵਿਕਸਿਤ ਕੀਤਾ ਸੀ। ਜੇ ਤੁਸੀਂ ਘਰ ਰਹਿ ਕੇ ਹੀ ਇਸ ਕੰਪਿਊਟਰ ਭਾਸ਼ਾ ਨੂੰ ਸਿੱਖਣਾ ਚਾਹੁੰਦੇ ਹੋ ਤਾਂ ਕੁਝ ਐਪਸ ਤੁਹਡੇ ਮਦਦਗਾਰ ਸਿੱਧ ਹੋ ਸਕਦੇ ਹਨ...__*

# ਸਿੱਖੋ ਪ੍ਰੋਗਰਾਮਿੰਗ ਲੈਂਗੁਏਜ ਸੀ++

ਆਮ ਤੌਰ 'ਤੇ ਸਾਫਟਵੇਅਰ ਦੇ ਬੇਸਿਕ ਕੋਡ ਸੀ++ ਪ੍ਰੋਗਰਾਮਿੰਗ ਲੈਂਗੁਏਜ 'ਚ ਹੀ ਕੀਤੇ ਜਾਂਦੇ ਹਨ। ਇਹ 'ਸੀ' ਦੇ ਮੁਕਾਬਲੇ ਜ਼ਿਆਦਾ ਸੌਖੇ ਹਨ, ਜਿਸ ਕਾਰਨ ਪ੍ਰੋਗਰਾਮਿੰਗ ਕਰਨ 'ਚ ਆਸਾਨੀ ਰਹਿੰਦੀ ਹੈ। ਸੀ++ ਇਕ ਆਬਜੈਕਟਿਵ ਓਰੀਐਂਟਿਡ ਲੈਂਗੁਏਜ ਹੈ, ਜਿਸ ਨੂੰ 1980 ਵਿਚ ਯੂਐੱਸਏ ਦੀ ਬੇਲ ਲੈਬੋਰੇਟਰੀ ਵਿਚ ਬਿਜਰਨੇ ਸਟ੍ਰੋਸਟਰੱਪ ਨੇ ਡਿਵੈਲਪ ਕੀਤਾ ਸੀ। ਇਹ ਹਾਈ-ਲੈਵਲ ਲੈਂਗੁਏਜ ਵੀ ਹੈ। ਇਸ ਦੇ ਤਹਿਤ ਟੈਂਪਲੈਂਟਸ, ਫਾਈਲਜ਼, ਕੰਟਰੋਲ ਸਟ੍ਰਕਚਰ, ਆਬਜੈਕਟ ਓਰੀਐਂਟਿਡ ਸਿਸਟਮ ਡਿਵੈਲਪਮੈਂਟ, ਕਲਾਸਿਜ਼ ਅਤੇ ਆਬਜੈਕਟਸ, ਕੰਸਟ੍ਰਕਟਰ ਐਂਡ ਡਿਸਟ੍ਰਕਟਰ, ਇਨਹੈਰੀਟੈਂਸ, ਆਪਰੇਟਰ ਓਵਰਲੋਡਿੰਗ ਆਦਿ ਬਾਰੇ ਪੜ੍ਹਾਇਆ ਜਾਂਦਾ ਹੈ। ਜੇ ਤੁਸੀਂ ਘਰ ਬੈਠੇ ਇਹ ਲੈਂਗੁਏਜ ਸਿੱਖਣੀ ਚਾਹੁੰਦੇ ਹੋ ਤਾਂ ਕੁਝ ਐਪਸ ਇਸ 'ਚ ਤੁਹਾਡੀ ਮਦਦ ਕਰ ਸਕਦੇ ਹਨ।

### ਸੀ++ ਪ੍ਰੋਗਰਾਮਿੰਗ

ਜੇ ਤੁਸੀਂ ਕੰਪਿਊਟਰ ਸਾਇੰਸ ਦੇ ਖੇਤਰ 'ਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹੋ ਤਾਂ ਸੀ++ ਲੈਂਗੁਏਜ ਬਾਰੇ ਸਿੱਖਣਾ ਤੁਹਾਡੇ ਲਈ ਫ਼ਾਇਦੇਮੰਦ ਰਹੇਗਾ। ਇਹ ਸੀ++ ਪ੍ਰੋਗਰਾਮਿੰਗ ਟਿਊਟੋਰੀਅਲ ਐਪ ਹੈ, ਜਿਸ ਵਿਚ ਤੁਹਾਨੂੰ 140 ਪ੍ਰੋਗਰਾਮਾਂ ਬਾਰੇ ਦੱਸਿਆ ਜਾਂਦਾ ਹੈ। ਇਨ੍ਹਾਂ ਵਿੱਚੋਂ




ਜ਼ਿਆਦਾਤਰ ਐੱਫਏਕਿਊ 'ਤੇ ਆਧਾਰਿਤ ਹਨ, ਜੋ ਐਗਜ਼ਾਮ ਦੇ ਲਿਹਾਜ਼ ਨਾਲ ਵੀ ਫ਼ਾਇਦੇਮੰਦ ਸਿੱਧ ਹੋ ਸਕਦੇ ਹਨ। ਇਸ ਦਾ ਯੂਜ਼ਰ ਇੰਟਰਫੇਸ ਵੀ ਕਾਫੀ ਆਸਾਨ ਹੈ ਜਿਸ ਕਾਰਨ ਕੰਟੈਂਟ ਨੂੰ ਸਮਝਣ 'ਚ ਕਾਫੀ ਆਸਾਨੀ ਰਹਿੰਦੀ ਹੈ। ਇਸ ਵਿਚ ਚੈਪਟਰ-ਵਾਈਜ਼ ਟਿਊਟੋਰੀਅਲ ਦਿੱਤੇ ਗਏ ਹਨ। ਇਸ ਦੇ ਨਾਲ ਹੀ ਕੈਟੇਗਰੀ-ਵਾਈਜ਼ ਪ੍ਰਸ਼ਨ ਅਤੇ ਉੱਤਰ ਵੀ ਆਸਾਨੀ ਨਾਲ ਮਿਲ ਜਾਂਦੇ ਹਨ। ਪ੍ਰੋਗਰਾਮ ਅਤੇ ਟਿਊਟੋਰੀਅਲ ਨੂੰ ਇਕ ਹੀ ਕਲਿੱਕ ਵਿਚ ਕਿਸੇ ਨਾਲ ਸ਼ੇਅਰ ਵੀ ਕੀਤਾ ਜਾ ਸਕਦਾ ਹੈ। ਇਸ ਐਪ ਨੂੰ ਗੂਗਲ ਪਲੇਅ ਸਟੋਰ ਤੋਂ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

### ਲਰਨ ਸੀ++

ਇਹ ਐਪ ਤੁਹਾਨੂੰ ਖ਼ੁਦ ਹੀ ਪ੍ਰੋਗਰਾਮਿੰਗ ਸਿੱਖਣ ਦੀ ਸਹੂਲਤ ਦਿੰਦੀ ਹੈ। ਇਸ ਵਿਚ ਸੀ++ ਨਾਲ ਸਬੰਧਤ 80 ਲੈਸਨ 8 ਲੈਵਲਜ਼ 'ਚ ਦਿੱਤੇ ਗਏ ਹਨ, ਜਿਸ ਵਿਚ ਬੇਸਿਕ ਕੰਸੈਪਟ, ਡਾਟਾ ਟਾਈਪਸ, ਲੂਪਸ, ਫੰਕਸ਼ਨਜ਼, ਕਲਾਸਿਜ਼ ਐਂਡ ਆਬਜੈਕਟਸ, ਫਾਈਲਜ਼ ਆਦਿ ਬਾਰੇ ਦੱਸਿਆ ਗਿਆ ਹੈ। ਇਥੇ ਇਕ ਲੈਵਲ ਮੁਕੰਮਲ ਕਰਨ ਤੋਂ ਬਾਅਦ ਦੂਸਰੇ ਲੈਵਲ ਨੂੰ ਖੋਲ੍ਹ ਸਕਦੇ ਹੋ। ਇਸ ਵਿਚ ਕੁਇਜ਼ ਦੀ ਸਹੂਲਤ ਵੀ ਮੌਜੂਦ ਹੈ। ਇਹ ਐਪ ਵੀ ਗੂਗਲ ਪਲੇਅ ਸਟੋਰ 'ਤੇ ਮੌਜੂਦ ਹੈ ਅਤੇ ਇਸ ਨੂੰ ਮੁਫ਼ਤ ਡਾਊਨਲੋਡ ਕੀਤਾ ਜਾ ਸਕਦਾ ਹੈ।

### ਸੀ++ ਟਿਊਟੋਰੀਅਲ

ਇਸ ਦੇ ਲਈ ਮਾਹਿਰ ਪ੍ਰੋਗਰਾਮਰ ਹੋਣਾ ਜ਼ਰੂਰੀ ਨਹੀਂ ਹੈ। ਇਸ ਐਪ ਜ਼ਰੀਏ ਸੀ++ ਪ੍ਰੋਗਰਾਮਿੰਗ ਲੈਂਗੁਏਜ ਬਾਰੇ ਆਸਾਨੀ ਨਾਲ ਸਿੱਖਿਆ ਜਾ ਸਕਦਾ ਹੈ। ਇਹ ਉਨ੍ਹਾਂ ਵਿਦਿਆਰਥੀਆਂ ਲਈ ਵੀ ਜ਼ਰੂਰੀ ਹੈ, ਜੋ ਨੌਕਰੀ ਦੀ ਭਾਲ ਕਰ ਰਹੇ ਹਨ ਜਾਂ ਸੀ++ ਨਾਲ ਸਬੰਧਤ ਇਮਤਿਹਾਨ ਜਾਂ ਇੰਟਰਵਿਊ ਦੇਣ ਦੀ ਤਿਆਰੀ ਕਰ ਰਹੇ ਹਨ। ਇਸ ਵਿਚ ਸੀ++ ਨਾਲ ਸਬੰਧਤ 100 ਤੋਂ ਜ਼ਿਆਦਾ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ 'ਚ ਬੇਸਿਕ ਸੀ++, ਲੂਪ ਸਟੇਟਮੈਂਟਸ, ਮੈਥੇਮੈਟੀਕਲ ਆਪਰੇਸ਼ਨਜ਼, ਏਰੀ, ਐਡਵਾਂਸ ਕੰਸੈਪਟ, ਜਨਰਲ ਕੰਸੈਪਟ, ਪੈਟਰਨ ਐਗਜ਼ੈਂਪਲਜ਼ ਆਦਿ ਬਾਰੇ ਦੱਸਿਆ ਗਿਆ ਹੈ। ਇਸ ਵਿਚ ਦਿੱਤੇ ਗਏ ਟਿਊਟੋਰੀਅਲ ਦੀ ਮਦਦ ਨਾਲ ਇਸ ਲੈਂਗੁਏਜ ਦੇ ਬਾਰੇ ਕਾਫੀ ਕੁਝ ਆਸਾਨੀ ਨਾਲ ਸਿੱਖਿਆ ਜਾ ਸਕਦਾ ਹੈ। •


*ਸਮਾਜਿਕ ਅਤੇ ਸਿਆਸੀ ਤਬਦੀਲੀਆਂ ਨੂੰ ਬਾਰੀਕੀ ਨਾਲ ਸਮਝਣਾ ਅਤੇ ਕਲਾ ਦੇ ਆਪਣੇ ਹੁਨਰ ਨਾਲ ਉਸ ਨੂੰ ਕਾਗਜ਼ ਉੱਪਰ ਉਲੀਕਣਾ ਜੇ ਤੁਹਾਡਾ ਸ਼ੌਕ ਹੈ ਤਾਂ ਕਾਰਟੂਨਿਸਟ ਬਣ ਕੇ ਤੁਸੀਂ ਆਪਣੇ ਇਸ ਸ਼ੌਕ ਨੂੰ ਕਰੀਅਰ ਦਾ ਰੂਪ ਦੇ ਸਕਦੇ ਹੋ। ਤਕਨੀਕ ਦੇ ਇਸ ਯੁੱਗ ਵਿਚ ਜਿੰਨੀ ਤੇਜ਼ੀ ਨਾਲ ਮੀਡੀਆ ਦੇ ਵੱਖ-ਵੱਖ ਸਰੂਪਾਂ ਦਾ ਵਿਸਥਾਰ ਹੋ ਰਿਹਾ ਹੈ ਓਨੀ ਹੀ ਤੇਜ਼ੀ ਨਾਲ ਕਾਰਟੂਨਿਸਟ ਲਈ ਸੰਭਾਵਾਨਵਾਂ ਵੀ ਵਧ ਰਹੀਆਂ ਹਨ। ਰਚਨਾਤਮਿਕਤਾ ਨਾਲ ਜੁੜੇ ਇਸ ਖੇਤਰ 'ਚ ਸ਼ਾਮਲ ਹੋ ਕੇ ਤੁਸੀਂ ਬਿਹਤਰੀਨ ਮੁਕਾਮ ਹਾਸਲ ਕਰ ਸਕਦੇ ਹੋ...*

# ਕਾਰਟੂਨਿਸਟ ਬਣ ਕੇ ਕਰੀਅਰ ਨੂੰ ਦਿਓ ਖ਼ੂਬਸੂਰਤ ਆਕਾਰ

ਕਾਰਟੂਨ ਸ਼ਬਦ ਤੋਂ ਅਸੀਂ ਸਾਰੇ ਬਚਪਨ ਤੋਂ ਹੀ ਵਾਕਿਫ਼ ਹਾਂ। ਬਚਪਨ ਤੋਂ ਵੱਡੇ ਹੋਣ ਤਕ ਨਾ ਜਾਣੇ ਕਿੰਨੀ ਵਾਰ ਅਸੀਂ ਕਾਰਟੂਨ ਵੇਖਦਿਆਂ ਹੱਸੇ ਹੋਵਾਂਗੇ ਪਰ ਕਾਰਟੂਨ ਦਾ ਕੰਮ ਸਿਰਫ਼ ਲੋਕਾਂ ਨੂੰ ਹਸਾਉਣਾ ਹੀ ਨਹੀਂ ਹੈ, ਬਲਕਿ ਇਹ ਮਨੋਰਜਨ ਦੇ ਨਾਲ-ਨਾਲ ਲੋਕਾਂ ਨੂੰ ਜਾਣਕਾਰੀ ਵੀ ਦਿੰਦੇ ਹਨ। ਕਾਰਟੂਨ ਵਰਤਮਾਨ ਦੀ ਘਟਨਾਵਾਂ ਅਤੇ ਸਥਿਤੀਆਂ ਨੂੰ ਸੱਚਾਈ ਅਤੇ ਹਾਸੇ ਦੇ ਰੂਪ ਵਿਚ ਚਿਤਰਦੇ ਹੋਏ ਤੁਹਾਡੇ ਸਾਹਮਣੇ ਪੇਸ਼ ਕਰਦੇ ਹਨ। ਅੱਜ ਵੀ ਕਾਰਟੂਨ ਜ਼ਰੀਏ ਬੜੇ ਰੋਚਕ ਅੰਦਾਜ਼ 'ਚ ਸਿਆਸੀ, ਇਸ਼ਤਿਹਾਰਾਂ, ਸਮਾਜਿ ਅਤੇ ਖੇਡਾਂ ਨਾਲ ਸਬੰਧਤ ਮੁੱਦਿਆਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜੇ ਤੁਸੀਂ ਆਪਣੀ ਕਲਾ ਜ਼ਰੀਏ ਸਮਾਜਿਕ ਮੁੱਦਿਆਂ ਉੱਪਰ ਵਿਅੰਗ ਕਰਨ ਦੀ ਖ਼ੂਬੀ ਜਾਣਦੇ ਹੋ ਤਾਂ ਕਾਰਟੂਨਿਸਟ ਦੇ ਤੌਰ 'ਕੇ ਕਰੀਅਰ ਬਣਾ ਕੇ ਆਪਣੇ ਸੁਪਨਿਆਂ ਨੂੰ ਹਕੀਕੀ ਜਾਮਾ ਪਹਿਨਾ ਸਕਦੇ ਹੋ।

### ਕੌਣ ਬਣ ਸਕਦਾ ਹੈ ਕਾਰਟੂਨਿਸਟ?

ਕਾਰਟੂਨਿਸਟ ਇਕ ਤਰ੍ਹਾਂ ਦਾ ਇਲਸਟ੍ਰੇਟਰ ਜਾਂ ਗ੍ਰਾਫਿਕ ਕਲਾਕਾਰ ਹੁੰਦਾ ਹੈ, ਜੋ ਚਿੱਤਰਾਂ ਜ਼ਰੀਏ ਸਮਾਜ ਅਤੇ ਰਾਜਨੀਤੀ ਨਾਲ ਸਬੰਧਤ ਮੁੱਦਿਆਂ ਨੂੰ ਬੜੇ ਵਿਅੰਗਾਤਮਕ ਤਰੀਕੇ ਨਾਲ ਪ੍ਰਗਟ ਕਰ ਕੇ ਲੋਕਾਂ ਦਾ ਧਿਆਨ ਉਸ ਮੁੱਦੇ ਵੱਲ ਆਕਰਸ਼ਿਤ ਕਰਦੇ ਹਨ। ਕਾਰਟੂਨਿਸਟ ਬਣਨ ਲਈ ਕਿਸੇ ਵਿਸ਼ੇਸ਼ ਡਿਗਰੀ ਦੀ ਨਹੀਂ ਬਲਕਿ ਗਹਿਰ-ਗੰਭੀਰ ਨਜ਼ਰੀਏ, ਡੂੰਘੇ ਵਿਚਾਰਾਂ, ਚੰਗੀ ਡਰਾਇੰਗ, ਚੰਗੀ ਲਿਖਣ ਸ਼ੈਲੀ ਅਤੇ ਵਿਅੰਗਆਤਮਿਕ ਅੰਦਾਜ਼ ਦਾ ਹੋਣਾ ਜ਼ਰੂਰੀ ਹੈ। ਜੇ ਕੋਰਸ ਦੀ ਗੱਲ ਕਰੀਏ ਤਾਂ ਕੁਝ ਅਜਿਹੀਆਂ ਸੰਸਥਾਵਾਂ ਵੀ ਹਨ, ਜੋ ਮੁੱਖ ਤੌਰ 'ਤੇ ਕਾਰਟੂਨਿੰਗ ਦੇ ਕੋਰਸ ਕਰਵਾਉਂਦੀਆਂ ਹਨ ਪਰ ਕਾਰਟੂਨਿੰਗ 'ਚ ਰੁਚੀ ਅਤੇ ਇਸ ਕਲਾ ਨਾਲ ਕਰੀਅਰ ਬਣਾਉਣ ਦੀ ਇੱਛਾ ਰੱਖਣ ਵਾਲੇ ਨੌਜਵਾਨ ਇਸ ਕਲਾ ਨੂੰ ਫਾਈਨ ਆਰਟ, ਡਰਾਇੰਗ, ਪੇਂਟਿੰਗ ਆਦਿ ਦੇ ਕੋਰਸ ਕਰ ਕੇ ਸਿੱਖ ਸਕਦੇ ਹਨ।



### ਨਾਂ ਦੇ ਨਾਲ-ਨਾਲ ਕਮਾਈ ਵੀ

*ਇਕ ਕਾਰਟੂਨਿਸਟ ਦੀ ਕਮਾਈ ਪੂਰੀ ਤਰ੍ਹਾਂ ਉਸ ਦੀ ਰਚਨਾਤਮਿਕਤਾ ਅਤੇ ਹੁਨਰ ਉੱਪਰ ਨਿਰਭਰ ਕਰਦੀ ਹੈ। ਸ਼ੁਰੂਆਤੀ ਦੌਰ ਵਿਚ ਤੁਸੀਂ ਫ੍ਰੀਲਾਂਸਰ ਦੇ ਤੌਰ 'ਤੇ ਕੰਮ ਦੀ ਸ਼ੁਰੂਆਤ ਕਰ ਸਕਦੇ ਹੋ। ਇਸ ਦੌਰਾਨ 500 ਤੋਂ 1000 ਰੁਪਏ ਪ੍ਰਤੀ ਕਾਰਟੂਨ ਕਮਾ ਸਕਦੇ ਹੋ, ਜਦਕਿ ਕਿਸੇ ਸੰਸਥਾ 'ਚ ਨੌਕਰੀ ਕਰਨ 'ਤੇ ਸ਼ੁਰੂਆਤੀ ਦੌਰ ਵਿਚ ਤੁਸੀਂ 15 ਤੋਂ 20 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਪ੍ਰਾਪਤ ਕਰ ਸਕਦੇ ਹੋ। ਜਿਵੇਂ-ਜਿਵੇਂ ਤੁਹਾਡਾ ਹੁਨਰ ਅਤੇ ਨਾਂ ਵਧਦਾ ਜਾਂਦੇ ਹੈ, ਕਮਾਈ ਵਿਚ ਵੀ ਵਾਧਾ ਹੁੰਦਾ ਜਾਂਦਾ ਹੈ।*



### ਲੋੜੀਂਦੀ ਮੁਹਾਰਤ

ਇਕ ਨਾਮੀ ਕਾਰਟੂਨਿਸਟ ਦੇ ਤੌਰ 'ਤੇ ਆਪਣੀ ਪਛਾਣ ਬਣਾਉਣ ਲਈ ਕਲਾ ਦੀ ਮੁਹਾਰਤ ਦੇ ਨਾਲ-ਨਾਲ ਤੁਹਾਡੇ ਅੰਦਰ ਗਹਿਰ-ਗੰਭੀਰ ਵਿਚਾਰਾਂ ਦਾ ਹੋਣਾ ਵੀ ਲਾਜ਼ਮੀ ਹੈ, ਕਿਉਂਕਿ ਕਾਰਟੂਨ ਵਿਅੰਗਾਤਮਿਕ ਰੂਪ 'ਚ ਸਮਾਜ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਸੁਨੇਹਾ ਵੀ ਦਿੰਦੇ ਹਨ। ਇਸ ਲਈ ਇਕ ਕਾਰਟੂਨਿਸਟ ਅੰਦਰ ਸਿਆਸੀ ਪਾਰਟੀਆਂ ਦੇ ਮੁੱਦਿਆਂ ਬਾਰੇ ਸਮਝ, ਧਰਮ ਅਤੇ ਧਾਰਮਿਕ ਚਿੰਨ੍ਹਾਂ ਦਾ ਗਿਆਨ, ਸਮਾਜ 'ਚ ਹੋਣ ਵਾਲੀਆਂ ਤਬਦੀਲੀਆਂ ਨੂੰ ਗਹਿਰਾਈ ਨਾਲ ਸਮਝਣ ਦਾ ਗੁਣ ਹੋਣਾ ਬੇਹੱਦ ਜ਼ਰੂਰੀ ਹੈ। ਸਮੇਂ ਦੇ ਨਾਲ ਤਕਨਾਲੋਜੀ ਦੀ ਵਧਦੀ ਹੋਈ ਵਰਤੋਂ ਨੂੰ ਵੇਖਦੇ ਹੋਏ ਕਾਰਟੂਨਿਸਟ ਨੂੰ ਆਪਣੇ ਕੰਮ ਨੂੰ ਨਿਖਾਰਨ ਲਈ ਗ੍ਰਾਫਿਕ ਸਾਫਟਵੇਅਰਜ਼ ਬਾਰੇ ਵੀ ਚੰਗੀ ਜਾਣਕਾਰੀ ਹੋਣੀ ਚਾਹੀਦੀ ਹੈ।

### ਵਧ ਰਹੀਆਂ ਸੰਭਾਵਨਾਵਾਂ

ਜਿਵੇਂ-ਜਿਵੇਂ ਮੀਡੀਆ ਦਾ ਵਿਸਥਾਰ ਹੋ ਰਿਹਾ ਹੈ, ਤਿਵੇਂ-ਤਿਵੇਂ ਕਾਰਟੂਨਿਸਟ ਦੇ ਲਈ ਸੰਭਾਵਨਾਵਾਂ ਦੇ ਨਵੇਂ ਖੇਤਰ ਵੀ ਵਿਕਸਿਤ ਹੋ ਰਹੇ ਹਨ। ਪਬਲਿਸ਼ਿੰਗ ਸੰਸਥਾਵਾਂ, ਰਸਾਲਿਆਂ, ਅਖ਼ਬਾਰਾਂ, ਇਸ਼ਤਿਹਾਰ ਏਜੰਸੀਆਂ ਆਦਿ ਵਿਚ ਕਾਰਟੂਨਿਸਟਾਂ ਲਈ ਪਹਿਲਾਂ ਹੀ ਬਹੁਤ ਸਾਰੇ ਮੌਕੇ ਮੌਜੂਦ ਹਨ। ਇਸ ਤੋਂ ਇਲਾਵਾ ਬਲਾਗਜ਼ ਅਤੇ ਵੈੱਬਸਾਈਟਸ ਵਰਗੀਆਂ ਆਨਲਾਈਨ ਪਬਲੀਕੇਸ਼ਨਜ਼ ਦੇ ਆਉਣ ਨਾਲ ਇਨ੍ਹਾਂ ਵਿਚ ਵੀ ਨਵੇਂ ਮੌਕੇ ਪ੍ਰਾਪਤ ਹੋਣ ਲੱਗੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਇਲੈਕਟ੍ਰਾਨਿਕ ਮੀਡੀਆ ਵਿਚ ਵੀ ਕਾਰਟੂਨਿਸਟਾਂ ਦੀ ਮੰਗ ਤੇਜ਼ੀ ਨਾਲ ਵਧੀ ਹੈ। ਇਸ ਤੋਂ ਇਲਾਵਾ ਇਸ਼ਤਿਹਾਰਾਂ ਵਿਚ ਵੀ ਕਾਰਟੂਨਾਂ ਦੀ ਵਰਤੋਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੋਣ ਲੱਗੀ ਹੈ। ਅੱਜ ਬਹੁਕੌਮੀ ਕੰਪਨੀਆਂ ਵਿਸ਼ੇਸ਼ ਕਾਰਟੂਨਾਂ ਰਾਹੀਂ ਆਪਣੇ ਉਤਪਾਦਾਂ ਅਤੇ ਸੇਵਾਵਾਂ ਸਬੰਧੀ ਇਸ਼ਤਿਹਾਰਬਾਜ਼ੀ ਕਰਨ ਨੂੰ ਪਹਿਲ ਦੇ ਰਹੀਆਂ ਹਨ।

### ਮੁੱਖ ਸੰਸਥਾਵਾਂ

- ਏਪੀਜੇ ਇੰਸਟੀਚਿਊਟ ਆਫ ਡਿਜ਼ਾਈਨ, ਨਵੀਂ ਦਿੱਲੀ।
- ਦਿੱਲੀ ਕਾਲਜ ਆਫ ਆਰਟ, ਨਵੀਂ ਦਿੱਲੀ।
- ਸਰ ਜੇਜੇ ਸਕੂਲ ਆਫ ਆਰਟ, ਮੁੰਬਈ।
- ਨੈਸ਼ਨਲ ਇੰਸਟੀਚਿਊਟ ਆਫ ਡਿਜ਼ਾਈਨ, ਅਹਿਮਦਾਬਾਦ।
- ਕੇਰਲ ਕਾਰਟੂਨ ਅਕਾਦਮੀ, ਕੇਰਲ। •

# ਹਰਿਆਣਾ ਸਰਕਾਰ ਨੇ 800 ਮੈਗਾਵਾਟ ਬਿਜਲੀ ਦੀ ਖਰੀਦ ਲਈ ਐਮਬੀਪੀਐਲ ਦੇ ਨਾਲ ਕੀਤਾ ਐਮਓਯੂ

**➢ ਮਹਾਨਦੀ ਕੋਲਫੀਲਡਸ ਲਿਮੀਟੇ (ਐਮਸੀਐਲ) ਵੱਲੋਂ ਓੜੀਸਾ ਵਿਚ ਲਗਾਇਆ ਜਾ ਰਿਹਾ ਹੈ 1600 ਮੈਗਾਵਾਟ ਦਾ ਸੁਪਰ ਕ੍ਰਿਟੀਕਲ ਥਰਮਲ ਪਾਵਰ ਪਲਾਂਟ ➢ ਹਰਿਆਣਾ ਨੂੰ ਇਸ ਪਲਾਂਟ ਤੋਂ ਮਿਲੇਗੀ 800 ਮੈਗਾਵਾਟ ਬਿਜਲੀ**

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾਵਾਸੀਆਂ ਨੂੰ ਬਿਨ੍ਹਾਂ ਰੁਕਾਵਟ ਅਤੇ ਸੁਚਾਰੂ ਰੂਪ ਨਾਲ ਬਿਜਲੀ ਸਪਲਾਈ ਯਕੀਨੀ ਕਰਨ ਦੀ ਦਿਸ਼ਾ ਵਿਚ ਅੱਜ ਹਰਿਆਣਾ ਸਰਕਾਰ ਨੇ ਮਹਾਨਦੀ ਬੇਸਿਨ ਪਾਵਰ ਲਿਮੀਟੇਡ (ਐਮਬੀਪੀਐਲ) ਨਾਲ 800 ਮੇਗਾਵਾਟ ਬਿਜਲੀ ਦੀ ਖਰੀਦ ਲਈ ਸਮਝੌਤਾ ਮੈਮੋ 'ਤੇ ਹਸਤਾਖਰ ਕੀਤੇ ਹਨ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੀ ਮੌਜੂਦਗੀ ਵਿਚ ਹਰਿਆਣਾ ਵੱਲੋਂ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਦੇਸ਼ਕ ਡਾ. ਸਾਕੇਤ ਕੁਮਾਰ ਅਤੇ ਕੌਲ ਇੰਡੀਆ ਲਿਮੀਟੇਡ ਵੱਲੋਂ ਦੇਬਾਸ਼ੀਸ਼ ਨੰਦਾ ਨੇ ਐਮਓਯੂ ਦਾ ਆਦਾਨ ਪ੍ਰਦਾਨ ਕੀਤਾ।

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕੌਲ ਇੰਡੀਆ ਲਿਮੀਟੇਡ ਦੀ ਸਹਾਇਕ ਕੰਪਨੀ ਮਹਾਨਦੀ ਕੋਲਫੀਲਡਸ ਲਿਮੀਐਡ (ਐਮਸੀਐਲ) ਵੱਲੋਂ ਉੜੀਸਾ ਵਿਚ 1600 ਮੇਗਾਵਾਟ ਦਾ ਸੁਪਰ ਕ੍ਰਿਟੀਕਲ ਥਰਮਲ ਪਾਵਰ ਪਲਾਂਟ ਲਗਾਇਆ ਜਾ ਰਿਹਾ ਹੈ। ਇਸ ਮੌਕੇ 'ਤੇ ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਮੌਜੂਦ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਮਹਾਨਦੀ ਬੇਸਿਨ ਪਾਵਰ ਲਿਮੀਟੇਡ ਵੱਲੋਂ ਉੜੀਸਾ ਵਿਚ ਪ੍ਰਸਤਾਵਿਤ ਆਪਣੇ ਇਸ ਪਲਾਂਟ ਨਾਲ ਹਰਿਆਣਾ ਨੂੰ 800 ਮੇਗਾਵਾਟ ਬਿਜਲੀ ਦੇਣ ਦੀ ਪੇਸ਼ਕਸ਼ ਕੀਤੀ ਗਈ ਜਿਸ ਨੂੰ ਸਵੀਕਾਰ ਕਰਦੇ ਹੋਏ ਅੱਜ ਇਸ ਸਬੰਧ ਵਿਚ ਐਮਓਯੂ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਇਸ ਪ੍ਰਸਤਾਵਿਤ ਬਿਜਲੀ ਖਰੀਦ ਦੇ ਲਈ ਏਕਲ ਮੁੱਲ (ਲੇਵਲਾਇਜਡ ਟੈਰਿਫ) 4 ਰੁਪਏ 46 ਪੈਸੇ ਪ੍ਰਤੀ ਯੂਨਿਟ ਨਿਰਧਾਰਿਤ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਸੂਬੇ ਵਿਚ ਬਿਜਲੀ ਉਪਲਬਧਤਾ ਵਧਾਉਣ ਲਈ ਸੂਬਾ ਸਰਕਾਰ ਯਮੁਨਾਨਗਰ ਵਿਚ ਵੀ 800 ਮੇਗਾਵਾਟ ਥਰਮਲ ਪਾਵਰ ਪਲਾਂਟ ਲਗਾਉਣ ਜਾ ਰਹੀ ਹੈ, ਇਸ ਦੇ ਲਈ ਟੈਂਡਰ ਕੀਤਾ ਜਾ ਚੁੱਕਾ ਹੈ। ਮੌਜੂਦਾ ਵਿਚ ਹਰਿਆਣਾ ਵਿਚ ਬਿਜਲੀ ਉਤਪਾਦਨ ਸਮਰੱਥਾ 2582 ਮੇਗਾਵਾਟ ਹੈ ਅਤੇ ਇਸ ਨਵੇਂ ਪਲਾਂਟ ਦੇ ਬਨਣ ਨਾਲ ਹਰਿਆਣਾ ਦੀ ਘਰੇਲੂ ਉਰਜਾ ਉਤਪਾਦਨ ਸਮਰੱਥਾ 3382 ਮੇਗਾਵਾਟ ਤਕ ਵੱਧ ਜਾਵੇਗੀ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਿਛਲੇ ਸਾਢੇ 9 ਸਾਲਾਂ ਵਿਚ ਬਿਜਲੀ ਦੇ ਖੇਤਰ ਵਿਚ ਵਰਨਣਯੋਗ ਕੰਮ ਕੀਤੇ ਗਏ ਹਨ। ਸਾਲ 2014 ਸੂਬੇ ਵਿਚ ਬਿਜਲੀ ਦੀ ਮੰਗ 900 ਮੇਗਾਵਾਟ ਸੀ ਜੋ ਅੱਜ ਵੱਧ ਕੇ 14,000 ਮੇਗਾਵਾਟ ਹੋ ਗਈ ਹੈ। ਬਿਜਲੀ ਨਿਗਮਾਂ ਵੱਲੋਂ ਲਗਾਤਾਰ ਬਿਜਲੀ ਦੀ ਸਪਲਾਈ ਕੀਤੀ ਜਾ ਰਹੀ ਹੈ। ਹਾਈਡਰੋ ਅਤੇ ਸੋਲਰ ਪਾਵਰ ਨਾਲ ਵੀ ਬਿਜਲੀ ਖਰੀਦੀ ਜਾਂਦੀ ਹੈ ਅਤੇ ਹਰਿਆਣਾ ਬਿਜਲੀ ਦੇ ਮਾਮਲੇ ਵਿਚ ਆਤਮਨਿਰਭਰ ਹੈ। ਉਨ੍ਹਾਂ ਨੇ ਕਿਹਾ ਕਿ ਘਰੇਲੂ ਬਿਜਲੀ ਸਪਲਾਈ ਦੇ ਮਾਮਲੇ ਵਿਚ ਹਰਿਆਣਾ ਨੇ ਵਰਨਣਯੋਗ ਉਪਲਬਧੀ ਹਾਸਲ ਕੀਤੀ ਹੈ ਅਤੇ ਅੱਜ ਲਗਭਗ 5800 ਪਿੰਡਾਂ ਵਿਚ 24 ਘੰਟੇ ਬਿਜਲੀ ਸਪਲਾਈ ਕੀਤੀ ਜਾ ਰਹੀ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇ ਦਾਸ, ਸੇਵਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਪੰਕਜ ਅਗਰਵਾਲ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ, ਉੱਤਰ ਹਰਿਾਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਦੇਸ਼ਕ ਡਾ. ਸਾਕੇਤ ਕੁਮਾਰ, ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤ ਖੱਤਰੀ, ਮੀਡੀਆ ਸਕੱਤਰ ਪ੍ਰਵੀਣ ਅੱਤਰੇ, ਚੀਫ ਮੀਡੀਆ ਕੋਰਡੀਨੇਟਰ ਸੁਦੇਸ਼ ਕਟਾਰਿਆ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਮੁੱਖ ਮੰਤਰੀ ਨੇ ਐਚਕੇਆਰਐਨ ਦੇ ਜਰਇਏ 408 ਨੌਜੁਆਨਾਂ ਨੂੰ ਭੇਜੇ ਜਾਬ ਆਫਰ ਲੇਟਰ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਡਿਜੀਟਲੀ ਹਰਿਆਣਾ ਕੌਸ਼ਲ ਰੁਜਗਾਰ ਨਿਗਮ ਤਹਿਤ 408 ਨੌਜੁਆਨਾਂ ਨੂੰ ਜਾਬ ਆਫਰ ਲੈਟਰ ਭੇਜੇ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ।

ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਐਚਕੇਆਰਐਨ ਤਹਿਤ ਨੌਕਰੀ 'ਤੇ ਲੱਗੇ ਸਾਰੇ ਠੇਕਾ ਕਰਮਚਾਰੀਆਂ ਨੂੰ ਈਪੀਐਫ, ਈਐਸਆਈ, ਲੇਬਰ ਵੈਲਫੇਅਰ ਫੰਡ ਆਦਿ ਦੀ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਇਹੀ ਨਹੀਂ ਕਰਮਚਾਰੀਆਂ ਦੀ ਤਨਖਾਹ ਨਿਗਮ ਵੱਲੋਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਪਾਈ ਜਾਂਦੀ ਹੈ। ਜਿਨ੍ਹਾਂ ਕਰਮਚਾਰੀਆਂ ਦੇ ਪਰਿਵਾਰ ਦੀ ਸਾਲਾਨਾ ਆਮਦਨ ਤਿੰਨ ਲੱਖ ਰੁਪਏ ਤਕ ਹੈ ਉਨ੍ਹਾਂ ਨੂੰ ਆਯੂਸ਼ਮਾਨ ਭਾਰਤ-ਚਿਰਾਯੂ ਯੋਜਨਾ ਦਾ ਲਾਭ ਦੇਣਾ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਦੇ ਲਈ ਉਨ੍ਹਾਂ ਨੂੰ 1500 ਰੁਪਏ ਸਾਲਾਨਾ ਦਾ ਮਾਮੂਲੀ ਅੰਸ਼ਦਾਨ ਦੇਣਾ ਹੁੰਦਾ ਹੈ। ਠੇਕਾ 'ਤੇ ਰੱਖੇ ਗਏ ਕਰਮਚਾਰੀਆਂ ਨੂੰ 10 ਕੈਜੂਅਲ ਲੀਵ, 10 ਮੈਡੀਕਲ ਲੀਵ ਦਾ ਵੀ ਪ੍ਰਾਵਧਾਨ ਹੈ। ਮਹਿਲਾ ਕਰਮਚਾਰੀਆਂ ਦੇ ਲਈ ਮਾਤਰਤਵ ਛੁੱਟੀ ਦੀ ਸਹੂਲਤ ਵੀ ਦਿੱਤੀ ਗਈ ਹੈ।

# ਖਰੀਫ ਸੀਜਨ-2023 ਵਿਚ ਖਰਾਬ ਫਸਲਾਂ ਦੇ ਵੱਧ ਮੁਆਵਜੇ ਦਾ ਕੀਤਾ ਗਿਆ ਵੰਡ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਅੱਜ ਖਰੀਫ ਸੀਜਨ-2023 ਵਿਚ ਖਰਾਬ ਫਸਲਾਂ ਦੇ ਵੱਧ ਮੁਆਵਜੇ ਦਾ ਵੰਡ ਕਰ ਕਿਸਾਨਾਂ ਨੂੰ ਵੱਡੀ ਰਾਹਤ ਦਿੱਤੀ। ਖਰੀਫ ਸੀਜਨ-2023 ਵਿਚ ਖਰਾਬ ਫਸਲਾਂ ਅਤੇ ਮੁੜ ਬਿਜੀ ਗਈ ਰਕਬੇ ਦੇ ਲਈ ਦਿੱਤੇ ਗਏ ਮੁਆਵਜੇ 'ਤੇ ਮੁੜ ਵਿਚਾਰ ਕਰ ਕੇ ਸਰਕਾਰ ਨੇ 1692.3 ਏਕੜ ਵਿਚ ਫਸਲ ਖਰਾਬੇ ਦੇ ਲਈ ਕਿਸਾਨਾਂ ਨੂੰ 18 ਕਰੋੜ 67 ਲੱਖ ਰੁਪਏ ਦੀ ਵੱਧ ਰਕਮ ਸਿੱਧੇ ਕਿਸਾਨਾਂ ਦੇ ਖਾਤਿਆਂ ਵਿਚ ਭੇਜੀ ਗਈ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।

ਉਨ੍ਹਾਂ ਨੇ ਕਿਹਾ ਕਿ ਅੱਜ ਜਾਰੀ ਕੀਤੀ ਗਈ ਰਕਮ ਨੂੰ ਮਿਲਾਕੇ ਕੁੱਲ 130 ਕਰੋੜ 88 ਲੱਖ ਰੁਪਏ ਦੀ ਮੁਆਵਜਾ ਰਕਮ ਜਾਰੀ ਕੀਤੀ ਜਾ ਚੁੱਕੀ ਹੈ। ਇਸ ਵਿਚ 14 ਦਸੰਬਰ, 2023 ਨੂੰ ਦਿੱਤੀ ਗਈ ਮੁਆਜਾ ਰਕਮ 97 ਕਰੋੜ 93 ਲੱਖ 26 ਹਜਾਰ ਰੁਪਏ, 11 ਅਕਤੂਬਰ 2023 ਨੂੰ ਦਿੱਤੀ ਗਈ ਮੁਆਜਾ ਰਕਮ 5 ਕਰੋੜ 96 ਲੱਖ 83 ਹਜਾਰ 500 ਰੁਪਏ, ਸ਼ਹਿਰੀ ਖੇਤਰ ਵਿਚ ਵਪਾਰਕ ਸੰਪਤੀਆਂ ਦੇ ਨੁਕਸਾਨ ਲਈ ਅਨੁਮੋਦਿਤ 6 ਕਰੋੜ 70 ਲੱਖ 97 ਹਜਾਰ 277 ਰੁਪਏ ਅਤੇ ਜਨਹਾਨੀ ਦੀ ਮੁਆਵਜਾ ਰਕਮ 1 ਕਰੋੜ 60 ਲੱਖ ਰੁਪਏ ਸ਼ਾਮਿਲ ਹਨ।

ਸ੍ਰੀ ਮਨੋਹਰ ਲਾਲ ਨੇ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਮੁੱਖ ਰੂਪ ਨਾਲ ਅੰਬਾਲਾ ਜਿਲ੍ਹੇ ਵਿਚ ਸੱਭ ਤੋਂ ਵੱਧ ਮੁਆਵਜੇ ਦੀ ਰਕਮ 5 ਕਰੋੜ 85 ਲੱਖ 38 ਹਜਾਰ 732 ਰੁਪਏ ਦਿੱਤੀ ਗਈ ਹੈ। ਇਸ ਦੇ ਬਾਅਦ ਫਤਿਹਾਬਾਦ ਜਿਲ੍ਹਾ ਹੈ, ਜਿੱਥੇ ਦੇ ਕਿਸਾਨਾਂ ਨੂੰ 5 ਕਰੋੜ 54 ਲੱਖ 34 ਹਜਾਰ 067 ਰੁਪਏ ਦਾ ਮੁਆਵਜਾ ਮਿਲਿਆ ਹੈ। ਕੁਰੂਕਸ਼ੇਤਰ ਵਿਚ 3 ਕਰੋੜ 29 ਲੱਖ 42 ਹਜਾਰ ਅਤੇ ਕੈਥਲ ਜਿਲ੍ਹੇ ਵਿਚ 2 ਕਰੋੜ 50 ਲੱਖ 22 ਹਜਾਰ ਮੁਆਵਜਾ ਦਿੱਤਾ ਗਿਆ ਹੈ।

ਇਸ ਮੌਕੇ 'ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇ ਦਾਸ, ਸੇਵਾ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਪੰਕਜ ਅਗਰਵਾਲ, ਸ਼ਹਿਰੀ ਸਥਾਨਕ ਵਿਭਾਗ ਦੇ ਕਮਿਸ਼ਨਰ ਅਤੇ ਸਕੱਤਰ ਵਿਕਾਸ ਗੁਪਤਾ, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸਭਿਆਚਾਰਕ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ, ਉੱਤਰ ਹਰਿਾਣਾ ਬਿਜਲੀ ਵੰਡ ਨਿਗਮ ਦੇ ਪ੍ਰਬੰਧ ਨਿਦੇਸ਼ਕ ਡਾ. ਸਾਕੇਤ ਕੁਮਾਰ, ਹਰਿਆਣਾ ਕੌਸ਼ਲ ਰੁਜਗਾਰ ਨਿਗਮ ਦੇ ਮੁੱਖ ਕਾਰਜਕਾਰੀ ਅਧਿਕਾਰੀ ਅਮਿਤ ਖੱਤਰੀ, ਮੀਡੀਆ ਸਕੱਤਰ ਪ੍ਰਵੀਣ ਅੱਤਰੇ, ਚੀਫ ਮੀਡੀਆ ਕੋਰਡੀਨੇਟਰ ਸੁਦੇਸ਼ ਕਟਾਰਿਆ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ।

# ਪੋਰਟਲ 'ਤੇ ਬਿਨੈ ਕਰ ਜਣੇਪਾ ਮਹਿਲਾਵਾਂ ਲੈ ਸਕਣਗੀਆਂ 5000 ਰੁਪਏ ਦਾ ਮਾਤਰਤਵ ਲਾਭ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੀ ਜਣੇਪਾ ਅਤੇ ਸਤਨਪਾਨ ਕਰਾਉਣ ਵਾਲੀਆਂ ਮਾਤਰਤਵ ਹੁਣ ਮੁੱਖ ਮੰਤਰੀ ਮਾਤਰਤਵ ਸਹਾਇਤਾ ਯੋਜਨਾ ਪੋਰਟਲ ਰਾਹੀਂ ਪੰਜ ਹਜਾਰ ਰੁਪਏ ਦੀ ਮਾਤਰਤਵ ਲਾਭ ਰਕਮ ਪ੍ਰਾਪਤ ਕਰ ਪਾਉਣਗੀਆਂ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਇਸ ਯੋਜਨਾ ਦੇ ਪੋਰਟਲ ਦੀ ਸ਼ੁਰੂਆਤ ਕੀਤੀ। ਇਸ ਪੋਰਟਲ ਰਾਹੀਂ 8 ਮਾਰਚ, 2022 ਜਾਂ ਉਸ ਦੇ ਬਾਅਦ ਜਨਮ ਲੈਣ ਵਾਲੇ ਬੱਚਿਆਂ ਦੀ ਮਾਤਾਵਾਂ ਬਿਨੇ ਕਰ ਸਕਣਗੀਆਂ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸਾਲ 2022-23 ਦੇ ਬਜਟ ਵਿਚ ਮੁੱਖ ਮੰਤਰੀ ਮਾਤਰਤਵ ਸਹਾਇਤਾ ਯੋਜਨਾ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਤਹਿਤ ਜਣੇਪਾ ਅਤੇ ਸਤਨਪਾਨ ਕਰਾਉਣ ਵਾਲੀਆਂ ਮਾਤਾਵਾਂ ਨੂੰ ਦੂਜੇ ਜੀਵਿਤ ਬੱਚੇ (ਮੁੰਡੇ) ਲਈ ਜਨਮ ਦੇ ਬਾਅਦ ਇਕਮੁਸ਼ਤ 5000 ਰੁਪਏ ਦਾ ਮਾਤਰਤਵ ਲਾਭ ਪ੍ਰਦਾਨ ਕਰਨ ਦਾ ਪ੍ਰਾਵਧਾਨ ਕੀਤਾ ਗਿਆ ਹੈ। ਇਸ ਯੋਜਨਾ ਨੂੰ 16 ਮਾਰਚ 2023 ਨੂੰ ਨੋਟੀਫਾਇਡ ਕੀਤਾ ਗਿਆ ਸੀ।

ਇਸ ਯੋਜਨਾ ਦਾ ਲਾਭ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੀ ਮਹਿਲਾਵਾਂ, ਆਂਸ਼ਿਕ ਰੂਪ ਨਾਲ 40 ਫੀਸਦੀ ਜਾਂ ਪੂਰਨ ਰੂਪ ਨਾਲ ਦਿਵਆਂਗ ਮਹਿਲਾਵਾਂ, ਬੀਪੀਐਲ ਰਾਸ਼ਨ ਕਾਰਡ ਹੋਲਡਰ ਮਹਿਲਾਵਾਂ, ਆਯੂਸ਼ਮਾਨ ਭਾਂਰਤ ਪ੍ਰਧਾਨ ਮੰਤਰੀ ਜਨ ਅਰੋਗਯ ਯੋਜਨਾ ਦੀ ਲਾਭਕਾਰ ਮਹਿਲਾਵਾਂ, ਈ-ਕਿਰਤ ਕਾਰਡਧਾਰਕ ਮਹਿਲਾਵਾਂ ਲੈ ਸਕਣਗੀਆਂ। ਇੰਨ੍ਹਾਂ ਤੋਂ ਇਲਾਵਾ ਯੋਜਨਾ ਦਾ ਲਾਭ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਲਾਭਕਾਰ ਕਿਸਾਨ ਮਹਿਲਾਵਾਂ, ਅੱਠ ਲੱਖ ਰੁਪਏ ਸਾਲਾਨਾ ਤੋਂ ਘੱਟ ਪਰਿਵਾਰਕ ਆਮਦਨ ਵਾਲੀ ਮਹਿਲਾਵਾਂ, ਜਣੇਪਾ ਅਤੇ ਸਤਨਪਾਨ ਕਰਾਉਣ ਵਾਲੀ ਆਂਗਨਵਾੜੀ ਕਾਰਜਕਰਤਾ, ਆਂਗਨਵਾੜੀ ਸਹਾਇਕਾ ਤੇ ਆਸ਼ਾ ਵਰਕਰਾਂ ਅਤੇ ਕੇਂਦਰ ਸਰਕਾਰ ਵੱਲੋਂ ਨਿਰਧਾਰਿਤ ਕਿਸੇ ਵੀ ਹੋਰ ਸ਼੍ਰੇਣੀ ਦੀ ਮਹਿਲਾਵਾਂ ਨੂੰ ਵੀ ਮਿਲੇਗਾ।ਯੋਜਨਾ ਦਾ ਲਾਭ ਚੁੱਕਣ ਲਈ ਮਹਿਲਾਵਾਂ ਨੂੰ ਆਪਣਾ ਆਧਾਰ ਨੰਬਰ ਦੇਣਾ ਹੋਵੇਗਾ। ਸੂਬਾ ਸਰਕਾਰ ਨੇ ਇਸ ਯੋਜਨਾ ਲਈ 25 ਕਰੋੜ ਰੁਪਏ ਦਾ ਬਜਟ ਨਿਰਧਾਰਿਤ ਕੀਤਾ।

# ਬਜੁਰਗਾਂ ਦੀ ਹਿਫਾਜਤ ਤੇ ਖੁਸ਼ਹਾਲੀ ਲਈ ਮੁੱਖ ਮੰਤਰੀ ਨੇ ਸ਼ੁਰੂ ਕੀਤੀ ਸਮਰੱਥ ਬੁਢਾਪਾ ਸੇਵਾ ਆਸ਼ਰਮ ਯੋਜਨਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**


ਸੂਬੇ ਵਿਚ ਹੁਣ ਸੀਨੀਅਰ ਨਾਗਰਿਕਾਂ ਨੂੰ ਇਕ ਹੀ ਛੱਤ ਹੇਠਾਂ ਸਿਹਤ ਸੇਵਾ ਸਮੇਤ ਹੋਰ ਸਹੂਲਤਾਂ ਉਪਲਬਧ ਹੋ ਸਕਣਗੀਆਂ। ਇਸ ਦੇ ਲਈ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਸਰਮੱਥ ਬੁਢਾਂਪਾ ਸੇਵਾ ਆਸ਼ਰਮ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸੀਨੀਅਰ ਨਾਗਰਿਕਾਂ ਨੂੰ ਸਹੀ ਸਹੂਲਤਾਂ ਪ੍ਰਦਾਨ ਕਰ ਕੇ ਉਨ੍ਹਾਂ ਦੇ ਜੀਵਨ ਦੀ ਗੁਣਵੱਤਾ ਵਿਚ ਸੁਧਾਰ ਕਰਨਾ ਹੈ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਹਿਲੇ ਪੜਾਅ ਵਿਚ 6 ਸਥਾਨਾਂ ਜਗਾਧਰੀ (ਯਮੁਨਾਨਗਰ), ਸੋਨੀਪਤ, ਹਿਸਾਰ, ਬਹਾਦੁਰਗੜ੍ਹ (ਝੱਜਰ), ਸਿਰਸਾ ਅਤੇ ਗੁਰੂਗ੍ਰਾਮ ਵਿਚ ਸਮਰੱਥ ਬੁਢਾਂਪਾ ਸੇਵਾ ਆਸ਼ਰਮ ਖੋਲੇ ਗਏ ਹਨ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਬਜੁਰਗਾਂ ਨੂੰ ਇਸ ਯੋਜਨਾ ਨਾਲ ਬਹੁਤ ਵੱਡਾ ਸਹਾਰਾ ਮਿਲੇਗਾ। ਆਸ਼ਰਮ ਯੋਜਨਾ ਨਾਲ ਸੀਨੀਅਰ ਨਾਗਰਿਕਾਂ ਨੂੰ ਭੌਤਿਕ ਤੇ ਮਾਨਸਿਕ ਸੁਰੱਖਿਆ ਦੇ ਨਾਲ-ਨਾਲ ਆਰਾਮਦਾਇਕ ਰਹਿਣ ਦੇ ਥਾਂ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਦੀ ਦੇਖਭਾਲ ਤੇ ਰੋਜਾਨਾ ਗਤੀਵਿਧੀਆਂ ਵਿਚ ਸਹਾਇਤਾ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਕਿਸੇ ਵੀ ਸੀਨੀਅਰ ਨਾਗਰਿਕ ਨੂੰ ਬੁਢਾਪਾ ਵਿਚ ਪ੍ਰਵੇਸ਼ ਲਈ ਬਿਨੈ ਪੱਤਰ ਦੇਣਾ ਹੋਵੇਗਾ। ਪ੍ਰਵੇਸ਼ ਲਈ ਸੀਨੀਅਰ ਨਾਗਰਿਕਾਂ ਦੀ ਉਮਰ 60 ਸਾਲ ਜਾਂ ਉਸ ਤੋਂ ਵੱਧ ਹੋਣੀ ਚਾਹੀਦੀ ਹੈ। ਨਾਲ ਹੀ ਉਹ ਹਰਿਆਣਾ ਦਾ ਰਹਿਣ ਵਾਲਾ ਸਥਾਈ ਨਿਵਾਸੀ ਹੋਣਾ ਚਾਹੀਦਾ ਹੈ। ਉਸ ਦੇ ਕੋਲ ਪਰਿਵਾਰ ਪਹਿਚਾਣ ਪੱਤਰ ਆਈਡੀ ਹੋਣੀ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਹਿਰੀ ਯੋਜਨਾ ਤਹਿਤ ਸੂਬੇ ਵਿਚ ਬਜੁਰਗਾਂ ਦਾ ਸਰਵੇ ਕਰਵਾਇਆ ਗਿਆ ਸੀ, ਜਿਸ ਵਿਚ ਇਹ ਸਾਹਮਣੇ ਆਇਆ ਕਿ ਸੂਬੇ ਵਿਚ 75 ਸਾਲ ਤੋਂ ਵੱਧ ਉਮਰ ਦੇ 5200 ਬਜੁਰਗ ਹਨ ਜੋ ਇਸ ਤਰ੍ਹਾ ਦੇ ਆਸ਼ਰਮ ਦੀ ਸੇਵਾ ਚਾਹੁੰਦੇ ਹਨ। ਇਸ ਲਈ ਇੰਨ੍ਹਾਂ ਆਸ਼ਰਮਾਂ ਵਿਚ ਇੰਨ੍ਹਾਂ ਬਜੁਰਗਾਂ ਨੂੰ ਪਹਿਲੀ ਪ੍ਰਾਥਮਿਕਤਾ ਦਿੱਤੀ ਜਾਵੇਗੀ।

ਇੰਨ੍ਹਾਂ ਆਸ਼ਰਮਾਂ ਵਿਚ ਬੀਮਾਰ ਨਾਗਰਿਕਾਂ ਜਾਂ ਦਿਵਆਂਗਾਂ ਨੂੰ ਮੈਡੀਕਲ ਦੇਖਭਾਲ ਅਤੇ ਨਰਸਿੰਗ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਮਾਨਸਿਕ ਸਿਹਤ ਨੂੰ ਪ੍ਰੋਤਸਾਹਨ ਦੇਣ ਲਈ ਮਨੋਰੰਜਨ, ਅਸਮਾਜਿਕ ਅਤੇ ਸਮੂਹਿਕ ਗਤੀਵਿਧੀਆਂ ਪ੍ਰਬੰਧਿਤ ਕੀਤੀਆਂ ਜਾਣਗੀਆਂ। ਇੰਨ੍ਹਾਂ ਸੇਵਾ ਆਸ਼ਰਮਾਂ ਦੇ ਸੰਚਾਲਨ ਤਹਿਤ ਐਮਜੀਓ ਵੀ ਬਿਨੇ ਕਰ ਸਕਦੇ ਹਨ।ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਇੰਨ੍ਹਾਂ ਆਸ਼ਰਮਾਂ ਵਿਚ ਉਨ੍ਹਾਂ ਸੀਨੀਅਰ ਨਾਗਰਿਕਾਂ ਦੇ ਲਈ ਭੁਗਤਾਨ ਕਰ ਰਹਿਣ ਦੀ ਵਿਵਸਥਾ ਵੀ ਕੀਤੀ ਜਾਵੇਗੀ ਜਿਨ੍ਹਾਂ ਦੇ ਕੋਲ ਆਮਦਨ ਦਾ ਸਥਾਈ ਸਰੋਤ ਹੈ।

# ਮੁੱਖ ਮੰਤਰੀ ਨਗਰਪਾਲਿਕਾ ਸ਼ਹਿਰੀ ਨਿਰਮਾਣਤ ਪਲਾਨ-ਸੁਧਾਰ ਨੀਤੀ 2023 ਪੋਰਟਲ ਦਾ ਕੀਤੀ ਸ਼ੁਰੂਆਤ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**


ਜਨ ਸੰਵਾਦ ਪ੍ਰੋਗ੍ਰਾਮਾਂ ਅਤੇ ਵਿਕਸਿਤ ਭਾਰਤ ਸੰਕਲਪ ਯਾਤਰਾ ਦੌਰਾਨ ਕੀਤੇ ਗਏ ਜਨ ਸੰਵਾਦ ਪ੍ਰੋਗ੍ਰਾਮਾਂ ਤਹਿਤ ਲੋਕਾਂ ਤੋਂ ਵੱਖ-ਵੱਖ ਤਰ੍ਹਾ ਦੀਆਂ ਸ਼ਿਕਾਇਤਾਂ

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅੱਜ ਨਗਰਪਾਲਿਕਾ ਸ਼ਹਿਰੀ ਨਿਰਮਾਣਤ ਪਲਾਨ-ਸੁਧਾਰ ਨੀਤੀ 2023 ਪੋਰਟਲ ਦੀ ਸ਼ੁਰੂਆਤ ਕੀਤੀ। ਇਸ ਪੋਰਟਲ 'ਤੇ ਹੁਣ ਬਿਨੈਕਾਰ ਨਗਰਪਾਲਿਕਾ ਦੀ ਸੀਮਾ ਦੇ ਮੁੱਖ ਖੇਤਰਾਂ ਦੇ ਤਹਿਤ ਆਉਣ ਵਾਲੇ ਰਿਹਾਇਸ਼ੀ ਪਲਾਟਾਂ ਨੂੰ ਕੁੱਝ ਫੀਸ ਦਾ ਭੁਗਤਾਨ ਕਰ ਕਾਰੋਬਾਰੀ ਵਰਤੋ ਵਿਚ ਬਦਲ ਸਕਣਗੇ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਸੂਬੇ ਵਿਚ ਪ੍ਰਬੰਧਿਤ ਕੀਤੇ ਗਏ ਜਨ ਸੰਵਾਦ ਪ੍ਰੋਗ੍ਰਾਮਾਂ ਅਤੇ ਵਿਕਸਿਤ ਭਾਰਤ ਸੰਕਲਪ ਯਾਤਰਾ ਦੌਰਾਨ ਕੀਤੇ ਗਏ ਜਨ ਸੰਵਾਦ ਪ੍ਰੋਗ੍ਰਾਮਾਂ ਤਹਿਤ ਲੋਕਾਂ ਤੋਂ ਵੱਖ-ਵੱਖ ਤਰ੍ਹਾ ਦੀਆਂ ਸ਼ਿਕਾਇਤਾਂ ਤੇ ਮੰਗਾਂ ਆਈਆਂ ਸਨ। ਇਸ ਵਿਚ ਮੁੱਖ ਮੰਗ ਇਹ ਵੀ ਸੀ ਕਿ 50 ਸਾਲ ਪਹਿਲਾਂ ਰਿਹਾਇਸ਼ੀ ਪਲਾਟ ਦਾ ਅਲਾਟਮੈਂਟ ਕੀਤਾ ਗਿਆ ਸੀ, ਪਰ ਸਮੇਂ ਦੇ ਨਾਲ ਲੋਕਾਂ ਨੇ ਕਾਰੋਬਾਰੀ ਵਰਤੋ ਦੇ ਨਾਤੇ ਜਾਂ ਕੁੱਝ ਛੋਟਾ-ਮੋਟਾ ਉਦਯੋਗ ਕਰਨ ਲੱਗੇ ਗਏ, ਜਦੋਂ ਕਿ ਕਾਨੂੰਨਨ ਇਹ ਗਲਤ ਸੀ ਕਿਉਂਕਿ ਪਲਾਟ ਦਾ ਅਲਾਟਮੇਂਟ ਰਿਹਾਇਸ਼ੀ ਸ਼੍ਰੇਣੀ ਵਿਚ ਕੀਤਾ ਗਿਆ ਸੀ। ਅਜਿਹੇ ਸਾਰੇ ਲੋਕਾਂ ਦੀ ਮੰਗ ਤੇ ਸ਼ਿਕਾਇਤਾਂ ਦਾ ਹੱਲ ਕਰਨ ਲਈ ਸਰਕਾਰ ਨੇ ਨਗਰਪਾਲਿਕਾ ਸ਼ਹਿਰੀ ਨਿਰਮਾਣਤ ਪਲਾਨ-ਸੁਧਾਰ ਨੀਤੀ 2023 ਪੋਰਟਲ ਦੀ ਸ਼ੁਰੂਆਤ ਕੀਤੀ ਹੈ।ਉਨ੍ਹਾਂ ਨੇ ਕਿਹਾ ਕਿ ਹੁਣ ਅਜਿਹੇ ਸਾਰੇ ਲੋਕ ਨਿਰਧਾਰਿਤ ਫੀਸ ਦਾ ਭੁਗਤਾਨ ਕਰ ਆਪਣੇ ਰਿਹਾਇਸ਼ੀ ਪਲਾਟ ਨੂੰ ਕਾਰੋਬਾਰੀ ਪਲਾਟ ਦੀ ਸ਼੍ਰੇਣੀ ਵਿਚ ਬਦਲ ਸਕਣਗੇ।

# ਮੁੱਖ ਮੰਤਰੀ ਨੇ ਪੰਚਾਇਤ ਕੰਮਾਂ ਲਈ ਲੇਬਰ ਰੇਟ ਵਿਚ ਕੀਤਾ ਵਾਧਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਪਿੰਡ ਪੰਚਾਇਤਾਂ ਦੇ ਸਾਹਮਣੇ ਵਿਕਾਸ ਕੰਮ ਕਰਵਾਉਣ ਵਿਚ ਆ ਰਹੀ ਰੁਕਾਵਟਾਂ ਨੂੰ ਦੂਰ ਕਰਦੇ ਹੋਏ ਪੰਚਾਇਤ ਕੰਮਾਂ ਲਈ ਲੇਬਰ ਰੇਟ ਵਿਚ ਵਾਧਾ ਕਰਨ ਦਾ ਐਲਾਨ ਕੀਤਾ ਹੈ।ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਅੱਜ ਇੱਥੇ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ। ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਵੀ ਮੌਜੂਦ ਰਹੇ।ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਕੁੱਝ ਵਿਕਾਸ ਕੰਮ ਟੈਂਡਰ ਰਾਹੀਂ ਅਤੇ 5 ਲੱਖ ਰੁਪਏ ਤੋਂ ਘੱਟ ਰਕਮ ਦੇ ਵਿਕਾਸ ਕੰਮ ਵਿਭਾਗ ਦੇ ਤੌਰ 'ਤੇ ਕਰਵਾਏ ਜਾਂਦੇ ਹਨ। ਪੰਚਾਇਤੀ ਰਾਜ ਸੰਸਥਾਵਾਂ ਵੱਲੋਂ ਸਰਕਾਰ ਨੂੰ ਵਿਕਾਸ ਕੰਮ ਕਰਵਾਉਣ ਵਿਚ ਆ ਰਹ ਰੁਕਾਵਟਾਂ ਦੇ ਬਾਰੇ ਵਿਚ ਜਾਣੂੰ ਕਰਵਾਇਆ ਗਿਆ ਸੀ। ਇੰਨ੍ਹਾਂ ਵਿੱਚੋਂ ਇਕ ਮੰਗ ਸਰਪੰਚ ਏਸੋਸਇਏਸ਼ਨ ਵੱਲੋਂ ਐਚਐਸਆਰ ਦੇ ਕੁੱਝ ਆਈਟਮ ਦੇ ਮਜਦੂਰੀ ਰੇਟਸ ਘੱਟ ਹੋਣ ਦੀ ਗੱਲ ਰੱਖੀ ਗਈ ਸੀ। ਇੰਨ੍ਹਾਂ ਮੰਗਾਂ ਵਿਚ ਗਲੀਆਂ ਵਿਚ ਪੇਵਰ ਬਲਾਕ ਲਗਾਉਣ, ਬਿਲਡਿੰਗ ਵਿਚ ਇੱਟਾਂ ਦੀ ਚਿਨਾਈ, ਪਲਸਤਰ ਕਰਨਾ ਅਤੇ ਸਰਿਆ ਬੰਨਣਾ ਆਦਿ ਸ਼ਾਮਿਲ ਹਨ। ਅੱਜ ਅਸੀਂ ਐਚਐਸਆਰ ਦੇ ਰੇਟਸ ਵਿਚ ਵਾਧਾ ਕਰ ਦਿੱਤਾ ਹੈ।

# ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਨੇ ਲੋੜਵੰਦ ਮਰੀਜ਼ ਲਈ 30ਵੀਂ ਵਾਰ ਕੀਤਾ ਖ਼ੂਨਦਾਨ

**ਨਾਭਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਭ ਤੋਂ ਵੱਡਾ ਪੁੰਨ ਖ਼ੂਨ ਦਾਨ ਕਰਨਾ ਹੈ। ਸਾਨੂੰ ਸਾਰਿਆਂ ਨੂੰ ਖ਼ੂਨ ਦਾਨ ਜਰੂਰ ਕਰਨਾ ਚਾਹੀਦਾ ਹੈ ਤਾਂ ਜੋ ਕੀਮਤੀ ਜਾਨਾਂ ਨੂੰ ਨਵਾਂ ਜੀਵਨ ਦਿੱਤਾ ਜਾ ਸਕੇ, ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਹਲਕਾ ਨਾਭਾ ਤੋਂ ਖ਼ੂਨ ਦਾਨ ਦੇ ਖੇਤਰ ਵਿੱਚ ਮੋਹਰੀ ਸੰਸਥਾ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਖ਼ੂਨਦਾਨੀ ਸਟੇਟ ਅਵਾਰਡੀ ਨੇ 30 ਵੀ ਬਾਰ ਖ਼ੂਨਦਾਨ ਕੀਤਾ।

ਉਨ੍ਹਾਂ ਕਿਹਾ ਕਿ ਲੱਗਭੱਗ ਹਰੇਕ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ,ਖ਼ੂਨਦਾਨ ਕਰਨ ਨਾਲ ਸਰੀਰ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮਜ਼ੋਰੀ ਨਹੀਂ ਹੁੰਦੀ,ਇਸ ਤਰਾਂ ਦੇ ਗਲਤ ਪ੍ਰਚਾਰ ਤੋ ਬੱਚਿਆਂ ਜਾਏ,ਸਗੋਂ ਖ਼ੂਨ ਦਾਨ ਕਰਨ ਨਾਲ ਸਰੀਰ ਵਿੱਚ ਨਵੇਂ ਲਾਲ ਸੈੱਲ ਬਣਦੇ ਹਨ। ਜਿਸ ਨਾਲ ਮਨੁੱਖ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਆਦਮੀ ਤਿੰਨ ਮਹੀਨੇ ਵਿੱਚ ਇੱਕ ਬਾਰ ਅਤੇ ਲੇਡੀਜ਼ ਚਾਰ ਮਹੀਨੇ ਵਿੱਚ ਇੱਕ ਵਾਰ ਖ਼ੂਨਦਾਨ ਕਰ ਸਕਦੀਆ ਹਨ,ਖ਼ੂਨ ਦਾਨ ਕਰ ਕੇ ਅਨੇਕਾਂ ਅਨਮੋਲ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਹਨਾ ਕਿਹਾ ਕਿ ਹਰ ਇਨਸਾਨ ਨੂੰ ਆਪਣੇ ਕਿਸੇ ਵੀ ਖਾਸ ਦਿਨ ਮੌਕੇ ਖ਼ੂਨਦਾਨ ਜਰੂਰ ਕਰਨਾ ਚਾਹੀਦਾ ਹੈ। ਖ਼ੂਨਦਾਨ ਕਰਨ ਨਾਲ ਆਪਣੇ ਦਿਲ ਨੂੰ ਬਹੁਤ ਸਕੂਨ ਮਿਲਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਵੀ ਕੀਤੀ ਕਿ ਸਾਡੀ ਸੰਸਥਾ ਰਾਹੀ ਬਿਨਾਂ ਕੈਂਪ ਤੋ ਹਮੇਸ਼ਾ ਲੋੜਵੰਦ ਮਰੀਜਾ ਲਈ ਮੌਕੇ ਤੇ ਖ਼ੂਨ ਦਾਨ ਕਰਵਾਇਆ ਜਾਂਦਾ ਹੈ.

# ਸੂਰਜਕੁੰਡ ਮੇਲੇ ਵਿੱਚ 10 ਲੱਖ ਸੈਲਾਨੀਆਂ ਦੀ ਆਮਦ

**ਫਰੀਦਾਬਾਦ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ 37ਵੇਂ ਸੂਰਜਕੁੰਡ ਕੌਮਾਂਤਰੀ ਸ਼ਿਲਪ ਮੇਲੇ ਵਿੱਚ ਸੈਲਾਨੀਆਂ ਦੀ ਭੀੜ ਦਿਨੋ-ਦਿਨ ਵਧਦੀ ਜਾ ਰਹੀ ਹੈ। ਅੰਕੜਿਆਂ ਅਨੁਸਾਰ ਫਰੀਦਾਬਾਦ ਦੇ ਸੂਰਜਕੁੰਡ ਵਿੱਚ ਹੋ ਰਹੇ ਸ਼ਿਲਪਕਾਰੀ ਮੇਲੇ ਵਿੱਚ ਕਰੀਬ 10 ਲੱਖ ਸੈਲਾਨੀਆਂ ਨੇ ਆਪਣੀ ਹਾਜ਼ਰੀ ਦਰਜ ਕਰਵਾਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਹ ਗਿਣਤੀ ਹੋਰ ਵਧਣ ਦੀ ਉਮੀਦ ਹੈ। ਇਹ ਮੇਲਾ 18 ਫਰਵਰੀ ਤੱਕ ਜਾਰੀ ਰਹੇਗਾ।

ਦੇਸ਼-ਵਿਦੇਸ਼ ਤੋਂ ਕਲਾਕਾਰ ਅਤੇ ਸ਼ਿਲਪਕਾਰ ਆਪਣੀ ਕਲਾ ਰਾਹੀਂ ਮੇਲੇ ਵਿੱਚ ਆਉਣ ਵਾਲੇ ਸਾਰੇ ਸੈਲਾਨੀਆਂ ਦਾ ਮਨ ਮੋਹ ਰਹੇ ਹਨ। ਕਾਰੀਗਰਾਂ ਦੇ ਹੁਨਰ ਅਤੇ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੂੰ ਦੇਖ ਕੇ ਸੈਲਾਨੀ ਵੀ ਖੂਬ ਆਨੰਦ ਲੈ ਰਹੇ ਹਨ। ਸੂਰਜਕੁੰਡ ਮੇਲੇ ਦੇ ਅਹਾਤੇ ਵਿੱਚ ਦੋ ਚੌਪਾਲ ਸਥਾਪਤ ਕੀਤੇ ਗਏ ਹਨ, ਜਿੱਥੇ ਦੇਸ਼-ਵਿਦੇਸ਼ ਦੇ ਨਾਮਵਰ ਕਲਾਕਾਰ ਦਿਨ ਭਰ ਦਰਸ਼ਕਾਂ ਦਾ ਮਨੋਰੰਜਨ ਕਰਦੇ ਦੇਖੇ ਜਾ ਸਕਦੇ ਹਨ।

ਇਸ ਲੜੀ ਤਹਿਤ ਮੇਲੇ ਦੇ ਵੱਡੇ ਅਤੇ ਮੁੱਖ ਚੌਪਾਲ 'ਤੇ ਦੇਸੀ-ਵਿਦੇਸ਼ੀ ਕਲਾਕਾਰ ਆਪਣੇ ਗੀਤ, ਸੰਗੀਤ ਅਤੇ ਡਾਂਸ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨਾਲ ਆਪਣੇ ਅਮੀਰ ਸੱਭਿਆਚਾਰ ਦਾ ਪਸਾਰ ਕਰ ਰਹੇ ਹਨ।

ਮੇਲੇ ਵਿੱਚ ਕਰੀਬ 50 ਦੇਸ਼ਾਂ ਦੇ ਸ਼ਿਲਪਕਾਰ ਅਤੇ ਕਲਾਕਾਰ ਆਪਣੀ ਕਲਾ ਅਤੇ ਸ਼ਿਲਪਕਾਰੀ ਦਾ ਖ਼ੂਬਸੂਰਤ ਪ੍ਰਦਰਸ਼ਨ ਕਰ ਕੇ ਮੇਲੇ ਵਿੱਚ ਰੰਗ ਭਰ ਰਹੇ ਹਨ। ਬੋਤਸਵਾਨਾ ਦੇ ਕਲਾਕਾਰਾਂ ਨੇ ਹੁਸਾਨਾ ਡਾਂਸ, ਸੀਤਾਪਾ ਡਾਂਸ ਅਤੇ ਟੋਗੋ ਦੇ ਕਲਾਕਾਰਾਂ ਨੇ ਜੀਫੋਰ ਡਾਂਸ ਪੇਸ਼ ਕੀਤਾ।

# ਬਿਜਲੀ ਮੁਲਾਜ਼ਮਾਂ ਨੇ ਦੋ ਘੰਟੇ ਕੰਮ ਛੱਡ ਕੇ ਕੀਤੀ ਹੜਤਾਲ




**ਸਿਰਸਾ,19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਲ ਹਰਿਆਣਾ ਪਾਵਰ ਕਾਰਪੋਰੇਸ਼ਨ ਵਰਕਰ ਯੂਨੀਅਨ ਦੇ ਬੈਨਰ ਹੇਠ ਬਿਜਲੀ ਮੁਲਾਜ਼ਮਾਂ ਨੇ ਦੋ ਘੰਟੇ ਕੰਮ ਛੱਡ ਕੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਅਤੇ ਆਪਣੀਆਂ ਮੰਗਾਂ ਸਬੰਧੀ ਐਕਸੀਅਨ ਨੂੰ ਮੰਗ ਪੱਤਰ ਸੌਂਪਿਆ। ਪ੍ਰਦਰਸ਼ਨਕਾਰੀਆਂ ਦੀ ਅਗਵਾਈ ਯੂਨੀਅਨ ਦੇ ਆਗੂ ਬਾਬੂ ਲਾਲ ਨੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਬਿਜਲੀ ਮੁਲਾਜ਼ਮਾਂ ਆਪਣੀਆਂ ਮੰਗਾਂ ਨੂੰ ਲੈ ਕੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ ।

ਪਰ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ 'ਤੇ ਹਜ਼ਾਰਾਂ ਆਸਾਮੀਆਂ ਮਹਿਕਮੇ 'ਚ ਖਾਲੀ ਪਈਆਂ ਹਨ, ਦੂਜੇ ਪਾਸੇ ਕਰਮਚਾਰੀਆਂ 'ਤੇ ਬਹੁਤ ਜ਼ਿਆਦਾ ਕੰਮ ਦਾ ਭਾਰ ਹੈ। ਉਨ੍ਹਾਂ ਕਿਹਾ ਕਿ ਉਹ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੀ ਉਹ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਿਜਲੀ ਮੁਲਾਜ਼ਮਾਂ ਭਲਕੇ 19 ਫਰਵਰੀ ਨੂੰ ਟਰੈਡ ਯੂਨੀਅਨਾਂ ਤੇ ਹੋਰ ਜਥੇਬੰਦੀਆਂ ਵੱਲੋਂ ਦਿੱਤੇ ਭਾਰਤ ਬੰਦ ਵਿੱਚ ਸ਼ਾਮਲ ਹੋਣਗੇ। ਉਨ੍ਹਾਂਨੇ ਕਰਮਚਾਰੀਆਂ ਨੂੰ ਭਾਰਤ ਬੰਦ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ।

ਇਸ ਮੌਕੇ ਸੁਰਜੀਤ ਸਿੰਘ ਬੇਦੀ, ਮਦਨਲਾਲ ਖੋਥ, ਰਮੇਸ਼ ਸੈਣੀ, ਲਖਬੀਰ ਸਿੰਘ, ਕਮਲੇਸ਼, ਮੀਤ ਚੰਦ, ਸੁਖਦੇਵ ਸਿੰਘ ਅਜੇ ਪਾਸੀ, ਲਲਿਤ ਸੋਲੰਕੀ, ਜਗਰਾਜ ਸਿੰਘ, ਦੀਪਕ ਸਿੰਘ, ਜਵਾਲਾ ਸਿੰਘ, ਪ੍ਰਿਥਵੀ ਸਿੰਘ ਚਾਹਰ, ਟਰੱਕ ਯੂਨੀਅਨ ਪ੍ਰਧਾਨ ਮਨਜੀਤ ਸਿੰਘ, ਬਲਜਿੰਦਰ ਸਿੰਘ, ਸਾਂਝਾ ਮੋਰਚਾ ਰੋਡਵੇਜ਼ ਦੇ ਰਿਛਪਾਲ ਸਿੰਘ, ਚਿਮਨ ਸਵਾਮੀ, ਰਾਸ਼ਟਰੀ ਕਿਸਾਨ ਮੰਚ ਦੇ ਆਗੂ ਪ੍ਰਕਾਸ਼ ਸਿੰਘ, ਸੇਵਾ ਮੁਕਤ ਕਰਮਚਾਰੀ ਯੂਨੀਅਨ ਦੇ ਆਗੂ ਕ੍ਰਿਪਾ ਸ਼ੰਕਰ ਤ੍ਰਿਪਾਠੀ, ਨਿਰਮਲ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਤੇ ਲੋਕਾਂ ਨੂੰ 'ਭਾਰਤ ਬੰਦ' ਨੂੰ ਸਫ਼ਲ ਬਣਾਉਣ ਦੀ ਅਪੀਲ ਕੀਤੀ।

# ਪੰਚਾਇਤੀ ਦੁਕਾਨ ਢਾਹੁਣ ਦੇ ਦੋਸ਼ ਹੇਠ 15 ਖ਼ਿਲਾਫ਼ ਕੇਸ

**ਰਤੀਆ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਦਰ ਪੁਲੀਸ ਨੇ ਪਿੰਡ ਬਾਦਲਗੜ੍ਹ ਦੇ ਸਰਪੰਚ ਸਤਗੁਰੂ ਦੀ ਸ਼ਿਕਾਇਤ 'ਤੇ ਪਿੰਡ ਦੇ 15 ਲੋਕਾਂ ਖਿਲਾਫ਼ ਪੰਚਾਇਤੀ ਦੁਕਾਨ ਨੂੰ ਢਾਹੁਣ ਦੇ ਦੋਸ਼ ਵਿਚ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਪਿੰਡ ਦੇ ਅਮਨ, ਕਰਮਜੀਤ, ਰਾਮਫਲ, ਰੁਲਦੂ, ਬਲਦੇਵ, ਅਜਾਇਬ, ਸੋਹਨ ਲਾਲ, ਅਸ਼ੋਕ, ਟੇਕ ਸਿੰਘ, ਹਰਜੀਤ, ਰਾਮਪਾਲ, ਕੁਲਦੀਪ, ਪਾਲੀ, ਗੁਰਮਤ ਅਤੇ ਗੁਰਜੰਟ ਦਾ ਨਾਮ ਸ਼ਾਮਲ ਹਨ। ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਪਿੰਡ ਦੇ ਸਰਪੰਚ ਸਤਗੁਰ ਨੇ ਕਿਹਾ ਕਿ ਗ੍ਰਾਮ ਪੰਚਾਇਤ ਵੱਲੋਂ ਪਿੰਡ ਦੇ ਬੱਸ ਸਟੈਂਡ 'ਤੇ ਪੰਚਾਇਤੀ ਦੁਕਾਨ ਬਣਾਈ ਜਾ ਰਹੀ ਸੀ, ਜਿਸ ਨੂੰ ਉਕਤ ਲੋਕਾਂ ਨੇ ਢਾਹ ਦਿੱਤਾ।

ਸਰਪੰਚ ਨੇ ਕਿਹਾ ਕਿ ਅਜੇ ਦੁਕਾਨ ਦਾ ਲੈਂਟਰ ਪਾਇਆ ਜਾਣਾ ਸੀ ਪਰ ਮੁਲਜ਼ਮਾਂ ਨੇ ਖੜ੍ਹੀਆਂ ਕੀਤੀਆਂ ਕੰਧਾਂ ਨੂੰ ਢਾਹ ਦਿੱਤਾ ਅਤੇ ਕੰਮ ਬੰਦ ਕਰਵਾ ਦਿੱਤਾ। ਮਾਮਲੇ ਦੀ ਸ਼ਿਕਾਇਤ ਪੁਲੀਸ ਨੂੰ ਕੀਤੀ ਗਈ ਹੈ। ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ।

# ਕਿਸਾਨ ਜਥੇਬੰਦੀ (ਉਗਰਾਹਾਂ) ਨੇ ਰੇਲਾਂ ਰੋਕੀਆਂ

**ਰਾਜਪੁਰਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਅੱਜ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਜਸਵਿੰਦਰ ਸਿੰਘ ਬਰਾਸ, ਜ਼ਿਲ੍ਹਾ ਲੁਧਿਆਣਾ ਦੇ ਚਰਨ ਸਿੰਘ ਨੂਰਪੁਰ ਅਤੇ ਮਾਲੇਰਕੋਟਲਾ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਦੀ ਅਗਵਾਈ ਹੇਠ ਜਲ ਸਪਲਾਈ ਯੂਨੀਅਨ 31, ਮਜ਼ਦੂਰ ਯੂਨੀਅਨ, ਲਿਨਫੌਕਸ ਮਜ਼ਦੂਰ ਕਮੇਟੀ ਰਾਜਪੁਰਾ ਦੇ ਸਹਿਯੋਗ ਨਾਲ ਰੇਲਵੇ ਜੰਕਸ਼ਨ 'ਤੇ 12 ਤੋਂ 3 ਵਜੇ ਤੱਕ ਰੇਲਾਂ ਰੋਕੀਆਂ ਗਈਆਂ। ਕਿਸਾਨਾਂ ਨੇ ਦੱਸਿਆ ਕਿ ਪੰਜਾਬ ਵਿੱਚ ਸੱਤ ਥਾਵਾਂ 'ਤੇ ਰੇਲਾਂ ਰੋਕੀਆਂ ਗਈਆਂ ਹਨ। ਕਿਸਾਨ ਆਗੂ ਸੁਖਵਿੰਦਰ ਸਿੰਘ ਬਾਰਨ, ਬਲਵੰਤ ਸਿੰਘ ਅਗੇਤਾ, ਸੁਦਾਗਰ ਸਿੰਘ ਘੁਡਾਨੀ, ਕੇਵਲ ਸਿੰਘ ਭੜੀ, ਯੁਵਰਾਜ ਸਿੰਘ ਘੁਡਾਨੀ, ਨਰਿੰਦਰ ਸਿੰਘ ਬੱਲਾ, ਮਲਕੀਤ ਸਿੰਘ ਖੰਨਾ, ਸੁਰਿੰਦਰ ਸਿੰਘ, ਸਰਬਜੀਤ ਸਿੰਘ ਬੁਲਾਰਿਆਂ ਨੇ ਮੰਗ ਕੀਤੀ ਕਿ ਦਿੱਲੀ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਦੀ ਖੱਟਰ ਸਰਕਾਰ ਵੱਲੋਂ ਢਾਹਿਆ ਜਾ ਰਿਹਾ ਜਬਰ ਤੁਰੰਤ ਬੰਦ ਕੀਤਾ ਜਾਵੇ, ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਚਿਰੋਕਣੀਆਂ ਮੰਗਾਂ ਨੂੰ ਫ਼ੌਰੀ ਮੰਨਣਾ ਤੇ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਕੀਤਾ ਜਾ ਰਿਹਾ ਰੇਲ ਰੋਕੋ ਐਕਸ਼ਨ ਕਿਸਾਨਾਂ 'ਤੇ ਕੀਤੇ ਗਏ ਜਬਰ ਦੇ ਖ਼ਿਲਾਫ਼ ਹੈ। ਉਨ੍ਹਾਂ ਕਿਹਾ ਕਿ ਕਿਸਾਨ ਰੋਹ ਦਾ ਸੰਕੇਤ ਮੋਦੀ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਦਿੱਤੇ ਗਏ ਰੇਲ ਰੋਕੋ ਪ੍ਰਦਰਸ਼ਨ ਦੇ ਸੱਦੇ ਵਜੋਂ ਅੱਜ ਜਥੇਬੰਦੀ ਦੀ ਸਥਾਨਕ ਇਕਾਈ ਵੱਲੋਂ ਸਥਾਨਕ ਰੇਲਵੇ ਸਟੇਸ਼ਨ ਉੱਤੇ 12 ਵਜੇ ਤੋਂ ਲੈਕੇ ਦੁਪਹਿਰ ਤਿੰਨ ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ ਦੀ ਅਗਵਾਈ ਹੇਠ ਇਕੱਤਰ ਹੋਏ ਸੈਂਕੜੇ ਕਿਸਾਨਾਂ ਨੇ ਇਸ ਮੌਕੇ ਕੇਂਦਰ ਤੇ ਰਾਜ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਕਿਸਾਨੀ ਮੰਗਾਂ ਨੂੰ ਅੱਖੋ ਪਰੋਖੇ ਕਰਨ ਦਾ ਕੇਂਦਰ ਉੱਤੇ ਦੋਸ਼ ਲਾਇਆ।ਬੁਲਾਰਿਆਂ ਨੇ ਕਿਸਾਨਾਂ-ਮਜ਼ਦੂਰਾਂ ਵੱਲੋਂ ਦਿੱਲੀ ਵੱਲ ਕੂਚ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਰੋਕਣ ਲਈ ਵਰਤੇ ਜਾ ਰਹੇ ਅੱਥਰੂ ਗੈਸ ਦੇ ਗੋਲਿਆਂ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਹਕੂਮਤ ਧੱਕੇਸ਼ਾਹੀ ਕਰ ਰਹੀ ਹੈ, ਜੋ ਹਰਗਿਜ਼ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਮੰਗ ਰੱਖੀ ਕਿ ਐਮਐਸਪੀ ਲਾਗੂ ਕੀਤੀ ਜਾਵੇ, ਦਿੱਲੀ ਅੰਦੋਲਨ ਸਮੇਂ ਕਿਸਾਨਾਂ ਮਜ਼ਦੂਰਾਂ 'ਤੇ ਪਾਏ ਪਰਚੇ ਰੱਦ ਕੀਤੇ ਜਾਣ, ਕਿਸਾਨਾਂ ਮਜ਼ਦੂਰਾਂ ਨੂੰ 58 ਸਾਲ 'ਤੇ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ।

# ਬਾਬੈਨ: ਕੂੜੇ ਦੇ ਢੇਰਾਂ ਨੇ ਸ.ਫਾਈ ਮੁਹਿੰਮ ਦੇ ਦਾਅਵੇ ਰੋਲੇ



**ਸ਼ਾਹਬਾਦ ਮਾਰਕੰਡਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਤੇ ਪ੍ਰਸ਼ਾਸਨ ਦੇ ਲੱਖਾਂ ਯਤਨਾਂ ਦੇ ਬਾਵਜੂਦ ਕਸਬਾ ਬਾਬੈਨ ਵਿਚ ਸਫ਼ਾਈ ਮੁਹਿੰਮ ਦਾ ਕੋਈ ਠੋਸ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ। ਮੰਡੀ ਤੋਂ ਇਲਾਵਾ ਪਿੰਡ ਦੀ ਵਾਲਮੀਕਿ ਬਸਤੀ, ਨਗਰ ਖੇੜਾ ਤੇ ਕਈ ਹੋਰ ਥਾਵਾਂ 'ਤੇ ਗੰਦਗੀ ਦੇ ਢੇਰ ਲੱਗੇ ਹੋਏ ਹਨ, ਜੋ ਕਈ ਬਿਮਾਰੀਆਂ ਨੂੰ ਸੱਦਾ ਦੇ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਵਿਚ ਸ਼ੁਰੂ ਕੀਤੀ ਗਈ ਸਵੱਛਤਾ ਮੁਹਿੰਮ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਠੁੱਸ ਹੁੰਦੀ ਨਜ਼ਰ ਆ ਰਹੀ ਹੈ। ਬਲਾਕ ਦੇ ਬਹੁਤੇ ਪਿੰਡਾਂ ਵਿਚ ਪੌਲੀਥੀਨ ਦੀ ਵਿਕਰੀ ਧੜੱਲੇ ਨਾਲ ਹੋ ਰਹੀ ਹੈ ਪਰ ਪ੍ਰਸ਼ਾਸਨ ਮੋਨ ਧਾਰੀ ਬੈਠਾ ਸਭ ਦੇਖ ਰਿਹਾ ਹੈ। ਪਿੰਡ ਵਿਚ ਥਾਂ-ਥਾਂ ਪਏ ਪੋਲੀਥੀਨ ਦੇ ਲਿਫ਼ਾਫ਼ਿਆਂ ਕਾਰਨ ਨਾਲੀਆਂ ਬੰਦ ਪਈਆਂ ਹਨ, ਜੋ ਸਫ਼ਾਈ ਦੀ ਮੁਹਿੰਮ ਨੂੰ ਮੂੰਹ ਚਿੜਾ ਰਹੀਆਂ ਹਨ। ਸਫ਼ਾਈ ਮੁਹਿੰਮ ਵਿਚ ਸਭ ਤੋਂ ਵੱਡੀ ਰੁਕਾਵਟ ਪੋਲੀਥੀਨ ਬੈਗ ਹਨ। ਸਰਕਾਰ ਵਲੋਂ ਇਨ੍ਹਾਂ 'ਤੇ ਲਗਾਈ ਪਾਬੰਦੀ ਦੇ ਬਾਵਜੂਦ ਸ਼ਰੇਆਮ ਮੰਡੀ ਵਿਚ ਵੇਚੇ ਜਾ ਰਿਹਾ ਹੈ। ਸਰਕਾਰੀ ਅਧਿਕਾਰੀਆਂ ਵਲੋਂ ਪੌਲੀਥੀਨ ਦੀ ਵਿਕਰੀ ਨਾ ਰੋਕਣ ਕਰਕੇ ਇਹ ਘੱਟਣ ਦੀ ਬਜਾਏ ਵਧ ਰਹੀ ਹੈ। ਬਾਬੈਨ ਵਿਚ ਨਾਲੀਆਂ ਤੇ ਨਾਲੇ ਪੌਲੀਥੀਨ ਦੀਆਂ ਥੈਲੀਆਂ ਨਾਲ ਭਰੇ ਪਏ ਹਨ, ਜਿਸ ਕਾਰਨ ਕਈ ਭਿਆਨਕ ਬਿਮਾਰੀਆਂ ਫੈਲਣ ਦਾ ਖਦਸ਼ਾ ਪੈਦਾ ਹੋ ਰਿਹਾ ਹੈ। ਸਮਾਜ ਸੇਵੀ ਲਵਲੀ, ਸੰਜੀਵ, ਅਨਿਲ ਤੇ ਪ੍ਰਵੇਸ਼ ਨੇ ਬਲਾਕ ਦੇ ਬਹੁਤੇ ਪਿੰਡਾਂ ਵਿਚ ਪੌਲੀਥੀਨ ਦੀ ਵਿਕਰੀ ਧੜੱਲੇ ਨਾਲ ਹੋ ਰਹੀ ਹੈ ਪਰ ਪ੍ਰਸ਼ਾਸਨ ਮੋਨ ਧਾਰੀ ਬੈਠਾ ਸਭ ਦੇਖ ਰਿਹਾ ਹੈ। ਪਿੰਡ ਵਿਚ ਥਾਂ-ਥਾਂ ਪਏ ਪੋਲੀਥੀਨ ਦੇ ਲਿਫ਼ਾਫ਼ਿਆਂ ਕਾਰਨ ਨਾਲੀਆਂ ਬੰਦ ਪਈਆਂ ਹਨ, ਜੋ ਸਫ਼ਾਈ ਦੀ ਮੁਹਿੰਮ ਨੂੰ ਮੂੰਹ ਚਿੜਾ ਰਹੀਆਂ ਹਨ। ਸਫ਼ਾਈ ਮੁਹਿੰਮ ਵਿਚ ਸਭ ਤੋਂ ਵੱਡੀ ਰੁਕਾਵਟ ਪੋਲੀਥੀਨ ਬੈਗ ਹਨ। ਸਰਕਾਰ ਵਲੋਂ ਇਨ੍ਹਾਂ 'ਤੇ ਲਗਾਈ ਪਾਬੰਦੀ ਦੇ ਬਾਵਜੂਦ ਸ਼ਰੇਆਮ ਮੰਡੀ ਵਿਚ ਵੇਚੇ ਜਾ ਰਿਹਾ ਹੈ। ਸਰਕਾਰੀ ਅਧਿਕਾਰੀਆਂ ਵਲੋਂ ਪੌਲੀਥੀਨ ਦੀ ਵਿਕਰੀ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਰਕਾਰ ਦੁਕਾਨਾਂ 'ਤੇ ਵੇਚੇ ਜਾ ਰਹੇ ਪੌਲੀਥੀਨ ਬੈਗਾਂ ਦੀ ਵਿਕਰੀ 'ਤੇ ਪਾਬੰਦੀ ਲਾਏ ਤਾਂ ਜੋ ਸਫਾਈ ਮੁਹਿੰਮ ਨੂੰ ਸਫਲ ਬਣਾਇਆ ਜਾ ਸਕੇ।

# ਡਰੋਨ ਪਾਇਲਟਾਂ ਨੂੰ ਮੁ.ਫਤ ਸਿਖਲਾਈ ਦੇਵੇਗਾ ਖੇਤੀ ਵਿਭਾਗ

**ਪੰਚਕੂਲਾ, 19 ਫਰਵਰੀ**
**-ਸੁਰਿੰਦਰ ਭਾਟੀਆ/ਰਜਤ ਪਾਠਕ-**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦਾ ਖੇਤੀ ਅਤੇ ਕਿਸਾਨ ਕਲਿਆਣ ਵਿਭਾਗ ਡਰੋਨ ਪਾਇਲਟਾਂ ਨੂੰ ਮੁਫ਼ਤ ਸਿਖਲਾਈ ਦੇਵੇਗਾ। ਇਸ ਗੱਲ ਦਾ ਪ੍ਰਗਟਾਵਾ ਡੀਸੀ ਪੰਚਕੂਲਾ ਸੁਸ਼ੀਲ ਸਾਰਵਾਨ ਨੇ ਕੀਤਾ। ਸਿਖਲਾਈ ਲਈ ਡਰੋਨ ਪਾਇਲਟਾਂ ਦੀ ਉਮਰ 18 ਤੋਂ 45 ਸਾਲ ਤੱਕ ਰੱਖੀ ਗਈ ਹੈ। ਉਮੀਦਵਾਰ ਦਸਵੀਂ ਪਾਸ ਹੋਣ ਦੇ ਨਾਲ ਪਾਸਪੋਰਟ ਧਾਰਕ ਹੋਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਅਜੇ ਪੰਚਕੂਲਾ ਜ਼ਿਲ੍ਹੇ ਵਿੱਚ ਦੋ ਡਰੋਨ ਪਾਇਲਟਾਂ ਨੂੰ ਸਿਖਲਾਈ ਦਿੱਤੀ ਗਈ ਹੈ। ਜਦਕਿ 19 ਫਰਵਰੀ ਤੱਕ ਇਸ ਸਬੰਧੀ ਆਨਲਾਈਨ ਅਰਜ਼ੀਆਂ ਮੰਗੀਆਂ ਸਿਖਲਾਈ ਲਈ ਡਰੋਨ ਪਾਇਲਟਾਂ ਦੀ ਉਮਰ 18 ਤੋਂ 45 ਸਾਲ ਤੱਕ ਰੱਖੀ ਗਈ ਹੈ। ਉਮੀਦਵਾਰ ਦਸਵੀਂ ਪਾਸ ਹੋਣ ਦੇ ਨਾਲ ਪਾਸਪੋਰਟ ਧਾਰਕ ਹੋਣੇ ਚਾਹੀਦੇ ਹਨ। ਉਨ੍ਹਾਂ ਦੱਸਿਆ ਕਿ ਅਜੇ ਪੰਚਕੂਲਾ ਜ਼ਿਲ੍ਹੇ ਵਿੱਚ ਦੋ ਡਰੋਨ ਪਾਇਲਟਾਂ ਨੂੰ ਉਮੀਦਵਾਰ ਦਸਵੀਂ ਪਾਸ ਹੋਣ ਦੇ ਨਾਲ ਪਾਸਪੋਰਟਗਈਆਂ ਹਨ। ਇਹ ਡਰੋਨ ਪਾਇਲਟ ਖੇਤੀ ਸਬੰਧੀ ਕੰਮ ਕਰਨਗੇ।

## ਸੰਪਾਦਕੀ

# ਮਸਨੂਈ ਬੁੱਧੀ ਦੇ ਆਰਥਿਕ ਅਸਰ

ਦਲੀਲ ਦਿੱਤੀ ਜਾ ਰਹੀ ਹੈ ਕਿ ਕੰਪਿਊਟਰ ਨਿਰਮਿਤ ਬੁੱਧੀ (ਮਸਨੂਈ ਬੁੱਧੀ - ਏਆਈ) ਨਾਲ ਕਿਰਤ ਅਤੇ ਪੂੰਜੀ ਦੀ ਉਤਪਾਦਕਤਾ ਵਿਚ ਵਾਧਾ ਹੋਵੇਗਾ ਅਤੇ ਇਸ ਤਰ੍ਹਾਂ ਆਰਥਿਕ ਵਿਕਾਸ ਤੇ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਨੂੰ ਹੁਲਾਰਾ ਮਿਲੇਗਾ ਜੋ ਆਲਮੀ ਅਰਥਚਾਰੇ ਨੂੰ ਮੰਦਵਾੜੇ ਵਿਚੋਂ ਬਾਹਰ ਕੱਢ ਦੇਵੇਗਾ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਏਆਈ ਦੇ ਸਮਾਜਿਕ-ਸੱਭਿਆਚਾਰਕ ਅਤੇ ਸਿਆਸੀ-ਮਾਲੀ ਪ੍ਰਭਾਵ ਪੈਣਗੇ। ਏਆਈ ਦਾ ਵੱਡੇ ਪੱਧਰ ’ਤੇ ਇਸਤੇਮਾਲ ਕੀਤੇ ਜਾਣ ਨਾਲ ਮਜ਼ਦੂਰਾਂ ਦਾ ਬਹੁਤ ਜ਼ਿਆਦਾ ਉਜਾੜਾ ਹੋਵੇਗਾ ਜਿਸ ਦੇ ਸਿੱਟੇ ਵਜੋਂ ਖ਼ਾਲਸ ਰੁਜ਼ਗਾਰ ਵਿਚ ਕਮੀ ਆਵੇਗੀ। ਇਸ ਵਜ੍ਹਾ ਨਾਲ ਉਜਾੜੇ/ਬੇਰੁਜ਼ਗਾਰੀ ਦਾ ਸ਼ਿਕਾਰ ਹੋਣ ਵਾਲੇ ਮਜ਼ਦੂਰਾਂ ਨੂੰ ਨਵੇਂ ਹੁਨਰ ਸਿਖਾਉਣ ਅਤੇ ਨਾਲ ਹੀ ਉਨ੍ਹਾਂ ਦੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਲਈ ਬਹੁਤ ਜ਼ਿਆਦਾ ਮਾਲੀ ਵਸੀਲਿਆਂ ਦੀ ਲੋੜ ਪਵੇਗੀ। ਇਸ ਦੇ ਇਕ ਹੱਲ ਵਜੋਂ ਯੂਨੀਵਰਸਲ ਬੇਸਿਕ ਇਨਕਮ (ਯੂਬੀਆਈ) ਦੀ ਵਿਵਸਥਾ ਪੇਸ਼ ਕੀਤੀ ਜਾ ਰਹੀ ਹੈ ਪਰ ਇਸ ਮਾਮਲੇ ਵਿਚ ਵੀ ਬਹੁਤ ਕਿੰਤੂ-ਪ੍ਰੰਤੂ ਹਨ; ਜਿਵੇਂ, ਕੀ ਏਆਈ ਅਤੇ ਵਧੀ ਹੋਈ ਉਤਪਾਦਕਤਾ ਦੇ ਲਾਭਪਾਤਰੀਆਂ ਵੱਲੋਂ ਯੂਬੀਆਈ ਲਾਗੂ ਕਰਨ ਅਤੇ ਨਾਲ ਹੀ ਬੇਰੁਜ਼ਗਾਰ ਹੋਏ ਕਾਮਿਆਂ ਨੂੰ ਨਵੇਂ ਸਿਰਿਉਂ ਹੁਨਰਮੰਦ ਕਰਨ ਲਈ ਆਪਣੇ ਫੰਡਾਂ ਵਿਚੋਂ ਹਿੱਸਾ ਵੰਡਾਇਆ ਜਾਵੇਗਾ ਜਾਂ ਨਹੀਂ। ਅਰਥ ਸ਼ਾਸਤਰੀਆਂ 1960ਵਿਆਂ ਵਿਚ ਵੀ ਦਲੀਲਾਂ ਦਿੰਦੇ ਸਨ ਕਿ ਉੱਚੀ ਵਿਕਾਸ ਦਰ ਅਤੇ ਜੀਡੀਪੀ ਦੇ ਵੱਡੇ ਆਕਾਰ ਦੇ ਨਤੀਜੇ ਵਜੋਂ ਉਚੇਰੀ ਵਿਕਾਸ ਦਰ ਤੋਂ ਮੁਨਾਫ਼ੇ ਵਿਚ ਕਮੀ ਆਵੇਗੀ ਅਤੇ ਇਸ ਨਾਲ ਆਰਥਿਕ ਨਾਬਰਾਬਰੀ ਵਿਚ ਵੀ ਕਮੀ ਆਵੇਗੀ ਪਰ ਹਕੀਕਤ ਵਿਚ ਇੰਝ ਨਹੀਂ ਵਾਪਰਿਆ, ਕਿਉਂਕਿ ਆਮਦਨ ਤੇ ਦੌਲਤ ਪੱਖੋਂ ਨਾਬਰਾਬਰੀ ਲਗਾਤਾਰ ਵਧ ਰਹੀ ਹੈ ਅਤੇ ਇਸ ਦੇ ਸਿੱਟੇ ਵਜੋਂ ਮਾਲ ਅਤੇ ਸੇਵਾਵਾਂ ਦੀ ਮੰਗ ਵਿਚ ਕਮੀ ਆ ਰਹੀ ਹੈ ਅਤੇ ਇਸ ਵਜ੍ਹਾ ਨਾਲ ਕਿਰਤ/ਮਜ਼ਦੂਰੀ ਦੀ ਮੰਗ ਵਿਚ ਗਿਰਾਵਟ ਆ ਰਹੀ ਹੈ। ਸੰਸਾਰ ਬੈਂਕ ਦੇ ਸੰਸਾਰ ਵਿਕਾਸ ਸੂਚਕ-2023 ਮੁਤਾਬਿਕ ਆਲਮੀ ਅਰਥਚਾਰੇ ਦੀ ਸਾਲਾਨਾ ਔਸਤ ਵਿਕਾਸ ਦਰ 1980-2010 ਦੌਰਾਨ ਵਾਲੀ ਦਰ 3.2 ਫ਼ੀਸਦੀ ਤੋਂ ਘਟ 2010-2020 ਦੌਰਾਨ 2.7 ਫ਼ੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਪ੍ਰਤੀ ਜੀਅ ਆਮਦਨ ਵੀ ਇਸ ਅਰਸੇ ਦੌਰਾਨ 1.69 ਫ਼ੀਸਦੀ ਤੋਂ ਘਟ ਕੇ 1.54 ਫ਼ੀਸਦੀ ਰਹਿ ਗਈ ਹੈ। ਸੰਸਾਰ ਬੈਂਕ ਦੀ ਜਨਵਰੀ 2024 ਦੀ ਰਿਪੋਰਟ (ਆਲਮੀ ਆਰਥਿਕ ਸੰਭਾਵਨਾਵਾਂ) ਦਾ ਅੰਦਾਜ਼ਾ ਹੈ ਕਿ ਬਹੁਤੇ ਅਰਥਚਾਰੇ ਵਿਕਸਿਤ ਵੀ ਤੇ ਵਿਕਾਸਸ਼ੀਲ ਵੀ, 2024 ਤੇ 2025 ਦੌਰਾਨ ਕੋਵਿਡ-19 ਤੋਂ ਪਹਿਲਾਂ ਵਾਲੇ ਦਹਾਕੇ ਦੇ ਮੁਕਾਬਲੇ ਮੱਠੀ ਰਫ਼ਤਾਰ ਨਾਲ ਵਿਕਾਸ ਕਰਨਗੇ। ਆਲਮੀ ਵਿਕਾਸ ਦਰ 2024 ਦੌਰਾਨ ਲਗਾਤਾਰ ਤੀਜੇ ਸਾਲ ਮੱਠੀ ਰਹਿਣ ਦੇ ਆਸਾਰ ਹਨ ਜਿਹੜੀ ਇਸ ਸਾਲ 2.4 ਫ਼ੀਸਦੀ ਰਹਿਣ ਦਾ ਅੰਦਾਜ਼ਾ ਹੈ ਜੋ 2025 ਵਿਚ ਵਧ ਕੇ 2.7 ਫ਼ੀਸਦੀ ਤੱਕ ਜਾ ਸਕਦੀ ਹੈ। ਇਸ ਦੇ ਬਾਵਜੂਦ ਇਹ ਵਧੀ ਹੋਈ ਵਿਕਾਸ ਦਰ ਵੀ 2010ਵਿਆਂ ਦੀ 3.1 ਫ਼ੀਸਦੀ ਦੇ ਮੁਕਾਬਲੇ ਬਹੁਤ ਘੱਟ ਹੋਵੇਗੀ। ਪ੍ਰਤੀ ਜੀਅ ਨਿਵੇਸ਼ ਵਿਕਾਸ ਦਰ ਵੀ 2023 ਤੇ 2024 ਦੌਰਾਨ ਔਸਤਨ ਮਹਿਜ਼ 3.7 ਫ਼ੀਸਦੀ ਰਹਿਣ ਦੇ ਅੰਦਾਜ਼ੇ ਹਨ ਜਿਹੜੀ ਪਿਛਲੇ ਦੋ ਦਹਾਕਿਆਂ ਦੀ ਔਸਤ ਦੇ ਮੁਕਾਬਲੇ ਮਸਾਂ ਅੱਧੀ ਹੀ ਹੋਵੇਗੀ। ਜਦੋਂ ਤੱਕ ਦਰੁਸਤੀ ਕਦਮ ਨਹੀਂ ਉਠਾਏ ਜਾਂਦੇ, ਆਲਮੀ ਵਿਕਾਸ 2020ਵਿਆਂ ਦੇ ਰਹਿੰਦੇ ਸਾਲਾਂ ਦੌਰਾਨ ਵੀ ਆਪਣੀ ਸਮਰੱਥਾ ਤੋਂ ਕਾਫ਼ੀ ਘੱਟ ਬਣਿਆ ਰਹੇਗਾ। ਰਿਪੋਰਟ ਦੀ ਭਵਿੱਖਬਾਣੀ ਵਿਚ ਦੁਨੀਆ ਭਰ ਦੇ ਬਹੁਤੇ ਮੁਲਕਾਂ ਵਿਚ ਆਮ ਲੋਕਾਂ ਦੀ ਆਮਦਨ ਵਿਚ ਵੀ ਠੋਸ ਗਿਰਾਵਟ ਦਾ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ। ਯੂਐੱਨਡੀਪੀ (ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ) ਦੀ 2021-22 ਦੀ ਮਨੁੱਖੀ ਵਿਕਾਸ ਰਿਪੋਰਟ ਮੁਤਾਬਕ ਮਨੁੱਖੀ ਵਿਕਾਸ ਸੂਚਕ ਅੰਕ ਦੇ ਮੁੱਲ ਦੀ ਔਸਤ ਸਾਲਾਨਾ ਵਿਕਾਸ ਦਰ ਵਿਚ ਵੀ 2000-2010 ਦੇ 0.78 ਫ਼ੀਸਦੀ ਦੇ ਮੁਕਾਬਲੇ 2010-2020 ਵਿਚ ਤੇਜ਼ ਗਿਰਾਵਟ ਦੇਖਣ ਮਿਲੀ ਹੈ ਜੋ ਘਟ ਕੇ 0.45 ਫ਼ੀਸਦੀ ਰਹਿ ਗਈ ਹੈ। 2010-2019 ਦੌਰਾਨ ਆਲਮੀ ਰੁਜ਼ਗਾਰ ਲਚਕਤਾ ਮਨਫ਼ੀ 0.85 ਫ਼ੀਸਦੀ ਸੀ ਜਿਸ ਦਾ ਮਤਲਬ ਹੈ ਕਿ ਵਿਕਾਸ ਦਰ ਵਿਚ ਇਕ ਫ਼ੀਸਦੀ ਅੰਕ ਦਾ ਵਾਧਾ ਵੀ ਰੁਜ਼ਗਾਰ ਵਿਚ 0.85 ਫ਼ੀਸਦੀ ਅੰਕ ਕਮੀ ਦਾ ਕਾਰਨ ਬਣਦਾ ਹੈ। ਇਹ ਵੀ ਦੱਸਣਯੋਗ ਹੈ ਕਿ ਇਸੇ ਅਰਸੇ ਦੌਰਾਨ ਖੇਤੀਬਾੜੀ, ਸਨਅਤ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਰੁਜ਼ਗਾਰ ਲਚਕਤਾ ਤਰਤੀਬਵਾਰ ਮਨਫ਼ੀ 0.92 ਫ਼ੀਸਦੀ, ਮਨਫ਼ੀ 0.78 ਫ਼ੀਸਦੀ ਅਤੇ ਮਨਫ਼ੀ 0.88 ਫ਼ੀਸਦੀ ਸੀ। ਇਨ੍ਹਾਂ ਅੰਕੜਿਆਂ ਤੋਂ ਸਾਫ਼ ਜ਼ਾਹਰ ਹੈ ਕਿ ਸਮੁੱਚੀ ਵਿਕਾਸ ਦਰ ਅਤੇ ਖੇਤਰਵਾਰ ਵਿਕਾਸ ਦਰ, ਦੋਵਾਂ ਕਾਰਨ ਨੌਕਰੀਆਂ ਵਿਚ ਸ਼ੁੱਧ ਨੁਕਸਾਨ ਹੀ ਹੋ ਰਿਹਾ ਹੈ। ਆਈਐੱਮਐੱਫ (ਕੌਮਾਤਰੀ ਮੁਦਰਾ ਕੋਸ਼) ਦਾ ਹਾਲੀਆ ਅਧਿਐਨ ‘ਮਸਨੂਈ ਬੁੱਧੀ ਤੇ ਕੰਮ ਦਾ ਭਵਿੱਖ’ (Artificial Intelligence and the Future of Work) ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਏਆਈ ਦਾ ਅਸਰ ਦੁਨੀਆ ਭਰ ਵਿਚ 40 ਫ਼ੀਸਦੀ ਨੌਕਰੀਆਂ ਉਤੇ ਪਵੇਗਾ; ਵਿਕਸਿਤ ਅਰਥਚਾਰਿਆਂ ਵਿਚ ਇਹ ਅਸਰ 60 ਫ਼ੀਸਦੀ ਤੱਕ ਹੋ ਸਕਦਾ ਹੈ। ਉੱਭਰਦੇ ਅਰਥਚਾਰਿਆਂ ਅਤੇ ਘੱਟ ਆਮਦਨ ਵਾਲੇ ਮੁਲਕਾਂ ਉਤੇ ਇਸ ਦਾ ਅਸਰ ਬਿਲਕੁਲ ਨੇੜ ਭਵਿੱਖ ਵਿਚ ਕ੍ਰਮਵਾਰ 40 ਫ਼ੀਸਦੀ ਤੇ 26 ਫ਼ੀਸਦੀ ਤੱਕ ਮਹਿਦੂਦ ਰਹਿ ਸਕਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਚੋਂ ਬਹੁਤੇ ਮੁਲਕਾਂ ਨੂੰ ਆਪਣੀ ਬੇਰੁਜ਼ਗਾਰ ਹੋਈ ਕਿਰਤ ਸ਼ਕਤੀ ਨੂੰ ਮੁੜ-ਢਾਂਚਾਗਤ ਕਰਨ ਤੇ ਮੁੜ-ਹੁਨਰਮੰਦ ਬਣਾਉਣ ਵਿਚ ਬਹੁਤ ਹੀ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ ਕੋਲ ਨਾ ਸਿਰਫ਼ ਲੋੜੀਂਦੇ ਭੌਤਿਕ ਬੁਨਿਆਦੀ ਢਾਂਚੇ ਸਗੋਂ ਮਾਲੀ ਵਸੀਲਿਆਂ ਦੀ ਵੀ ਭਾਰੀ ਘਾਟ ਹੈ। ਰਿਪੋਰਟ ਵਿਚ ਇਹ ਵੀ ਆਖਿਆ ਗਿਆ ਹੈ ਕਿ ਭਾਵੇਂ ਏਆਈ ਨੂੰ ਅਪਣਾਏ ਜਾਣ ਨਾਲ ਉਤਪਾਦਕਤਾ ਵਿਚ ਇਜ਼ਾਫ਼ਾ ਹੋਵੇਗਾ ਪਰ ਇਸ ਨਾਲ ਦੁਨੀਆ ਭਰ ਦੇ ਮੁਲਕਾਂ ਵਿਚ ਆਮਦਨ ਤੇ ਦੌਲਤ ਪੱਖੋਂ ਨਾਬਰਾਬਰੀ ਵਿਚ ਵੀ ਵਾਧਾ ਹੀ ਹੋਵੇਗਾ।

ਦੱਸਣਯੋਗ ਹੈ ਕਿ ਬੀਤੇ ਤਿੰਨ ਦਹਾਕਿਆਂ (1991-2019) ਦੇ ਅਰਸੇ ਦੌਰਾਨ ਸੰਸਾਰ ਭਰ ਵਿਚ ਹੀ ਬੇਰੁਜ਼ਗਾਰੀ ਜਾਂ ਤਾਂ ਆਮ ਕਰ ਕੇ ਵਧੀ ਹੈ ਜਾਂ ਕਾਫ਼ੀ ਜ਼ਿਆਦਾ ਰਹੀ ਹੈ। ਇਸ ਦੇ ਨਾਲ ਹੀ ਨਾਜ਼ੁਕ ਰੁਜ਼ਗਾਰ ਅਤੇ ਕੰਮ-ਕਾਜੀ ਗ਼ਰੀਬਾਂ ਦਾ ਅਨੁਪਾਤ ਵੀ ਵਧਿਆ ਹੈ। ਇਸ ਸਾਰੇ ਦਾ ਸਿੱਟਾ ਆਬਾਦੀ ਦੇ ਇਕ ਵੱਡੇ ਹਿੱਸੇ ਦੀ ਖ਼ਰੀਦ ਸ਼ਕਤੀ ਵਿਚ ਗਿਰਾਵਟ ਵਜੋਂ ਨਿਕਲਿਆ ਹੈ। ਇਹ ਕੁਝ ਆਲਮੀ ਮੰਦਵਾੜੇ ਅਤੇ ਮਾਲ ਤੇ ਸੇਵਾਵਾਂ ਲਈ ਘਟੀ ਹੋਈ ਕੁੱਲ ਮੰਗ ਅਤੇ ਇਸ ਤਰ੍ਹਾਂ ਕਰੀਬ ਦੋ ਦਹਾਕਿਆਂ ਤੋਂ ਲਗਾਤਾਰ ਜਾਰੀ ਮੰਦਵਾੜੇ ਦੀ ਵਧੀਆ ਵਿਆਖਿਆ ਪੇਸ਼ ਕਰਦਾ ਹੈ। ਅਜਿਹੀ ਦ੍ਰਿਸ਼ਾਵਲੀ ਬਾਜ਼ਾਰ-ਸੇਧਿਤ ਖ਼ਪਤ-ਆਧਾਰਿਤ ਵਿਕਾਸ ਨਮੂਨੇ ਦੀ ਹੰਢਣਸਾਰਤਾ ਅਤੇ ਵਿਕਾਸ ਦੇ ਟਿਕਾਊ ਟੀਚਿਆਂ ਦੀ ਵਿਹਾਰਕਤਾ ਲਈ ਗੰਭੀਰ ਖ਼ਤਰਾ ਪੈਦਾ ਕਰਦੀ ਹੈ। ਅਭਿਜੀਤ ਬੈਨਰਜੀ ਅਤੇ ਐਸਥਰ ਡੁਫਲੋ (ਅਰਥ ਸ਼ਾਸਤਰ ਦਾ ਨੋਬੇਲ ਇਨਾਮ ਜੇਤੂ) ਨੇ 2019 ਵਿਚ ਸਾਂਝੇ ਤੌਰ ’ਤੇ ਲਿਖੀ ਆਪਣੀ ਕਿਤਾਬ ‘ਗੁੱਡ ਇਕਨੌਮਿਕਸ ਫਾਰ ਹਾਰਡ ਟਾਈਮਜ਼’ (ਔਖੇ ਵੇਲਿਆਂ ਲਈ ਵਧੀਆ ਅਰਥ ਸ਼ਾਸਤਰ) ਵਿਚ ਏਆਈ-ਆਧਾਰਿਤ ਤਕਨਾਲੋਜੀ, ਮਨੁੱਖੀ ਕਿਰਤ ਦੀ ਥਾਂ ਰੋਬੋਟਸ ਦੀ ਵਰਤੋਂ ਅਤੇ ਯੂਬੀਆਈ ਦੇ ਸਮਾਜਿਕ-ਆਰਥਿਕ ਪ੍ਰਭਾਵਾਂ ਬਾਰੇ ਗੰਭੀਰ ਖ਼ਦਸ਼ੇ ਜ਼ਾਹਿਰ ਕੀਤੇ ਸਨ। ਆਓ ਇਕ ਪਲ ਲਈ ਫ਼ਰਜ਼ ਕਰੀਏ ਕਿ ਯੂਬੀਆਈ ਵੱਲੋਂ ਬੇਰੁਜ਼ਗਾਰ ਹੋਣ ਵਾਲੇ ਕਾਮਿਆਂ ਦੀਆਂ ਮਾਲੀ ਲੋੜਾਂ ਦਾ ਖ਼ਿਆਲ ਰੱਖਿਆ ਜਾ ਸਕਦਾ ਹੈ ਜਿਸ ਦੀ ਬਹੁਤ ਘੱਟ ਸੰਭਾਵਨਾ ਹੈ। ਮੁੱਦਾ ਇਹ ਹੈ ਕਿ ਇਸ ਵੱਲੋਂ ਬੇਰੁਜ਼ਗਾਰੀ ਤੇ ਉਜਾੜੇ ਦਾ ਸ਼ਿਕਾਰ ਹੋਣ ਵਾਲੇ ਕਾਮਿਆਂ ਅਤੇ ‘ਖ਼ੈਰਾਤ/ਚੈਰਿਟੀ’ ਉਤੇ ਗੁਜ਼ਾਰਾ ਕਰਨ ਵਾਲੇ ਲੋਕਾਂ ਦੇ ਸਵੈਮਾਣ ਤੇ ਇੱਜ਼ਤ-ਮਾਣ ਦਾ ਖ਼ਿਆਲ ਕਿਵੇਂ ਰੱਖਿਆ ਜਾ ਸਕੇਗਾ? ਕੀ ਅਜਿਹੇ ਲੋਕਾਂ, ਖ਼ਾਸਕਰ ਨੌਜਵਾਨਾਂ ਵਿਚ ਨਜ਼ਰਅੰਦਾਜ਼ੀ, ਬੇਲਾਗਤਾ ਅਤੇ ਹੀਣਤਾ ਦਾ ਅਹਿਸਾਸ ਨਹੀਂ ਪੈਦਾ ਹੋ ਜਾਵੇਗਾ? ਸਾਡਾ ਭਵਿੱਖੀ ਸਮਾਜਿਕ ਢਾਂਚਾ ਤੇ ਆਬਾਦੀ ਦੀ ਬਣਤਰ ਕੀ ਹੋਵੇਗੀ? ਕੀ ਉਚੇਰੀ ਉਤਪਾਦਕਤਾ ਅਤੇ ਰੋਬੋਟ-ਸੇਧਿਤ ਤਕਨਾਲੋਜੀ ਰਾਹੀਂ ਕਮਾਏ ਗਏ ਮੁਨਾਫ਼ਿਆਂ ਦੇ ਲਾਭਪਾਤਰੀ ਸੱਚਮੁੱਚ (ਤੇ ਆਖ਼ਰ ਕਿੰਨੇ ਚਿਰ ਲਈ?) ਬੇਰੁਜ਼ਗਾਰ ਹੋਏ ਕਾਮਿਆਂ ਨੂੰ ਮੁਆਵਜ਼ਾ ਦੇਣ ਅਤੇ ਨਾਲ ਹੀ ਯੂਬੀਆਈ ਦੀ ਮਦਦ ਕਰਨ ਤੇ ਇਸ ਨੂੰ ਹੰਢਣਸਾਰ ਬਣਾਉਣ ਵਾਸਤੇ ਵਿੱਤੀ ਵਸੀਲੇ ਮੁਹੱਈਆ ਕਰਾਉਣ ਲਈ ਤਿਆਰ ਹੋਣਗੇ? ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਭਾਰੀ ਨਾਬਰਾਬਰੀ ਤੇ ਲੋਕਾਂ ਦੀ ਘਟਦੀ ਹੋਈ ਖ਼ਰੀਦ ਸ਼ਕਤੀ ਨਾਲ ਸਿਸਟਮ ਕਿਵੇਂ ਸਿੱਝੇਗਾ? ਕੀ ਇਹ ਵਸਤਾਂ ਤੇ ਖ਼ਪਤ ਦੀ ਕੁੱਲ ਪ੍ਰਭਾਵੀ ਮੰਗ ਅਤੇ ਇਸ ਤਰ੍ਹਾਂ ਬਾਜ਼ਾਰ-ਸੇਧਿਤ ਖ਼ਪਤ-ਆਧਾਰਿਤ ਵਿਕਾਸ ਨਮੂਨੇ ਦੀ ਹੰਢਣਸਾਰਤਾ ਵਿਚ ਅੜਿੱਕਾ ਨਹੀਂ ਬਣੇਗਾ? ਕੀ ਅਜਿਹੀ ਦ੍ਰਿਸ਼ਾਵਲੀ ਸਮਾਜਿਕ-ਸੱਭਿਆਚਾਰਕ ਤੇ ਸਿਆਸੀ-ਮਾਲੀ ਸਥਿਰਤਾ ਲਈ ਗੰਭੀਰ ਖ਼ਤਰਾ ਨਹੀਂ ਪੈਦਾ ਕਰੇਗੀ? ਇਸ ਦੇ ਬਾਵਜੂਦ ਇਸ ਦਾ ਇਹ ਮਤਲਬ ਨਹੀਂ ਹੈ ਕਿ ਏਆਈ-ਸੇਧਿਤ ਤਕਨਾਲੋਜੀ ਜਾਂ ਆਟੋਮੇਸ਼ਨ/ਸਵੈ-ਚਾਲਨ ਨੂੰ ਵਿਕਸਿਤ ਨਾ ਕੀਤਾ ਜਾਵੇ। ਅਜਿਹਾ ਤਾਂ ਹੋਵੇਗਾ ਹੀ ਪਰ ਬੁਨਿਆਦੀ ਸਵਾਲ ਇਹ ਹੈ ਕਿ ਏਆਈ ਜਾਂ ਯੂਬੀਆਈ ਦੇ ਸਮਾਜਿਕ-ਸੱਭਿਆਚਾਰਕ ਤੇ ਸਿਆਸੀ-ਮਾਲੀ ਪ੍ਰਭਾਵਾਂ ਨਾਲ ਕਿਵੇਂ ਨਜਿੱਠਿਆ ਜਾਵੇ?

# ਅਬੂ ਧਾਬੀ ਵਿੱਚ ਆਈਆਈਟੀ, ਦਿੱਲੀ: ਭਾਰਤੀ ਸੀਮਾਵਾਂ ਦੇ ਪਾਰ ਉਤਕ੍ਰਿਸ਼ਟਤਾ



ਧਰਮੇਂਦਰ ਪ੍ਰਧਾਨ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸੰਯੁਕਤ ਅਰਬ ਅਮੀਰਾਤ (ਯੂਏਈ) ਦੀ ਹਾਲ ਦੀ ਯਾਤਰਾ ਅਜਿਹੇ ਸਮੇਂ ਵਿੱਚ ਹੋਈ ਹੈ, ਜਦੋਂ ਭਾਰਤ ਅਤੇ ਯੂਏਈ ਦਰਮਿਆਨ ਦੁੱਵਲੇ ਸਬੰਧ ਪਹਿਲਾਂ ਤੋਂ ਹੀ ਵਿਆਪਕ ਰਣਨੀਤਕ ਸਾਂਝੇਦਾਰੀ ਤੱਕ ਗੂੜ੍ਹੇ ਹੋ ਚੁੱਕੇ ਹਨ। ਰਣਨੀਤਕ ਭਾਗੀਦਾਰੀ ਦੀ ਪੁਸ਼ਟੀ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਅਤੇ ਸੰਯੁਕਤ ਅਰਬ ਅਮੀਰਾਤ ਦੇ ਰਾਸ਼ਟਰਪਤੀ ਮਹਾਮਹਿਮ ਸ਼ੇਖ ਮੋਹੰਮਦ ਬਿਨ ਜਾਯਦ ਅਲ ਨਾਹਯਾਨ ਨੇ ਅਬੂ ਧਾਬੀ ਵਿੱਚ ਆਈਆਈਟੀ, ਦਿੱਲੀ ਦੇ ਇੱਕ ਪਰਿਸਰ ਦੀ ਪਰਿਕਲਪਨਾ ਕੀਤੀ ਸੀ- ਇਸ ਫ਼ੈਸਲੇ ਦਾ ਰਿਕਾਰਡ ਸਮੇਂ ਵਿੱਚ ਸਾਕਾਰ ਹੋਣਾ, ਦੋਵਾਂ ਦੇਸ਼ਾਂ ਦੀ ਅਗਵਾਈ ਦੀ ਸਾਂਝਾ ਦ੍ਰਿਸ਼ਟੀ ਅਤੇ ਪ੍ਰਾਥਮਿਕਤਾਵਾਂ ਦਾ ਪ੍ਰਮਾਣ ਦਿੰਦਾ ਹੈ।

ਨਵੇਂ ਭਾਰਤ ਦੇ ਇਨੋਵੇਸ਼ਨ ਅਤੇ ਮੁਹਾਰਤ ਦੀ ਇੱਕ ਉਦਾਹਰਣ ਦੇ ਰੂਪ ਵਿੱਚ, ਸੰਯੁਕਤ ਅਰਬ ਅਮੀਰਾਤ ਵਿੱਚ ਆਈਆਈਟੀ, ਦਿੱਲੀ ਦਾ ਪਰਿਸਰ ਸਿੱਖਿਆ-ਖੇਤਰ ਵਿੱਚ ਭਾਰਤ-ਯੂਏਈ ਮਿੱਤਰਤਾ ਦੀ ਨਵੀਂ ਮਿਸਾਲ ਦੇ ਰੂਪ ਵਿੱਚ ਕੰਮ ਕਰਨ ਦੇ ਲਈ ਤਿਆਰ ਹੈ। ਇਹ ਸੰਸਥਾਨ ਅਕਾਦਮਿਕ ਉਤਕ੍ਰਿਸ਼ਟਤਾ, ਇਨੋਵੇਸ਼ਨ, ਗਿਆਨ ਅਦਾਨ-ਪ੍ਰਦਾਨ ਅਤੇ ਮਾਨਵ ਪੂੰਜੀ ਵਿੱਚ ਨਿਵੇਸ਼ ਆਦਿ ਦੇ ਖੇਤਰਾਂ ‘ਤੇ ਧਿਆਨ ਕੇਂਦ੍ਰਿਤ ਕਰਨ ਵਿੱਚ ਦੋਵਾਂ ਦੇਸ਼ਾਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਬੇਸ਼ੱਕ, ਇਹ ਆਪਸੀ ਸਮ੍ਰਿੱਧੀ ਅਤੇ ਗਲੋਬਲ ਭਲਾਈ, ਦੋਵਾਂ ਹੀ ਦ੍ਰਿਸ਼ਟੀ ਨਾਲ ਗਿਆਨ ਦੀ ਸ਼ਕਤੀ ਦਾ ਲਾਭ ਉਠਾਉਣ ਦੇ ਲਈ ਇੱਕ ਨਵਾਂ ਉਦਾਹਰਣ ਪੇਸ਼ ਕਰੇਗਾ।

**ਸਮੁੱਚਾ ਪਰਿਵਰਤਨ**

ਆਈਆਈਟੀ ਦਿੱਲੀ ਦਾ ਅੰਤਰਰਾਸ਼ਟਰੀ ਪਰਿਸਰ ਨਵੀਂ ਸਿੱਖਿਆ ਨੀਤੀ ਵਿੱਚ ਪਰਿਕਲਪਿਤ ਅਕਾਦਮਿਕ ਸੰਸਥਾਵਾਂ ਦੇ ਅੰਤਰਰਾਸ਼ਟਰੀਕਰਣ ਦੇ ਵਿਕਸਿਤ ਹੁੰਦੇ ਪ੍ਰਤਿਮਾਨ ਨੂੰ ਦਰਸਾਉਂਦਾ ਹੈ। ਰਾਧਾ ਕ੍ਰਿਸ਼ਣਨ ਕਮੇਟੀ ਦੀ ਰਣਨੀਤਕ ਸਿਫਾਰਸ਼ਾਂ, ਜੋ ਸ਼ੁਰੂ ਵਿੱਚ ਆਈਆਈਟੀ ਦੇ ਅੰਤਰਰਾਸ਼ਟਰੀ ਪਰਿਸਰਾਂ ਦੀ ਸੰਕਲਪਨਾ ਦੇ ਲਈ ਗਠਿਤ ਕੀਤੀ ਗਈ ਸੀ, ਨੇ ਆਈਆਈਟੀ ਦਿੱਲੀ ਅਤੇ ਆਈਆਈਟੀ ਮਦ੍ਰਾਸ (ਜ਼ਾਂਜ਼ੀਬਾਰ ਵਿੱਚ ਇੱਕ ਪਰਿਸਰ ਦੇ ਨਾਲ) ਜਿਵੇਂ ਸੰਸਥਾਵਾਂ ਦੇ ਲਈ ਇੱਕ ਵਿਆਪਕ ਅੰਤਰਰਾਸ਼ਟਰੀ ਉਪਸਥਿਤੀ ਦੀ ਪਰਿਕਲਪਨਾ ਕੀਤੀ ਸੀ- ਕੇਵਲ ਪ੍ਰਤਿਸ਼ਠਾ ਵਿੱਚ ਹੀ ਨਹੀਂ, ਬਲਕਿ ਉਪਸਥਿਤੀ ਵਿੱਚ ਵੀ ਗਲੋਬਲ।

ਮਿੱਤਰ ਦੇਸ਼ਾਂ ਦੇ ਨਾਲ ਭਾਰਤ ਦੀ ਭਾਗੀਦਾਰੀ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ- ਦੁਵੱਲੀ ਪ੍ਰਤੀਬੱਧਤਾ ਨੂੰ ਅੰਤਿਮ ਰੂਪ ਦੇਣਾ ਅਤੇ ਭਰੋਸੇਯੋਗ ਅਤੇ ਸਮੇਂ ‘ਤੇ ਕੀਤੇ ਜਾਣ ਵਾਲੇ ਕਾਰਜਾਂ ਦੇ ਮਾਧਿਅਮ ਨਾਲ ਇਸ ਨੂੰ ਪੂਰਾ ਕਰਨਾ। ਰਿਕਾਰਡ ਸਮੇਂ ਵਿੱਚ ਸਥਾਪਿਤ ਕੀਤਾ ਗਿਆ ਆਈਆਈਟੀ ਦਿੱਲੀ-ਅਬੂ ਧਾਬੀ ਪਰਿਸਰ, ਸਿੱਖਿਆ ਮੰਤਰਾਲਾ, ਭਾਰਤ ਸਰਕਾਰ ਅਤੇ ਅਬੂ ਧਾਬੀ ਸਿੱਖਿਆ ਅਤੇ ਗਿਆਨ ਵਿਭਾਗ (ਏਡੀਈਕੇ) ਦੇ ਆਪਸੀ ਪ੍ਰਯਾਸਾਂ ਦੇ ਆਕਰਸ਼ਕ ਤਾਲਮੇਲ ਨੂੰ ਰੇਖਾਂਕਿਤ ਕਰਦਾ ਹੈ। 2022 ਦੀ ਸ਼ੁਰੂਆਤ ਵਿੱਚ ਦੋਵਾਂ ਦੇਸ਼ਾਂ ਦੇ ਰਾਜਨੇਤਾਵਾਂ ਦਰਮਿਆਨ ਇੱਕ ਸਮਝੌਤਾ ਹੋਇਆ ਸੀ। 15 ਜੁਲਾਈ, 2023 ਨੂੰ ਐੱਮਓਯੂ ‘ਤੇ ਦਸਤਖ਼ਤ ਹੋਣ ਤੋਂ ਲੈ ਕੇ 29 ਜਨਵਰੀ, 2024 ਨੂੰ ਕੈਂਪਸ ਦੇ ਪੂਰਾ ਹੋਣ ਤੇ ਵਿਦਿਆਰਥੀਆਂ ਦੇ ਪਹਿਲੇ ਬੈਚ ਦੀਆਂ ਕਲਾਸਾਂ ਸ਼ੁਰੂ ਹੋਣ ਤੱਕ, ਆਈਆਈਟੀ ਦਿੱਲੀ- ਅਬੂ ਧਾਬੀ ਨੇ ਭਾਰਤ-ਯੂਏਈ ਦੁਵੱਲੇ ਸਬੰਧਾਂ ਵਿੱਚ ਜ਼ਿਕਰਯੋਗ ਸੌਹਾਰਦ ਦਾ ਉਦਾਹਰਣ ਦਿੰਦੇ ਹੋਏ ਬਹੁਤ ਹੀ ਘੱਟ ਸਮੇਂ ਵਿੱਚ ਬਹੁਤ ਲੰਬੀ ਦੂਰੀ ਤੈਅ ਕੀਤੀ ਹੈ।

ਕਈ ਮਾਇਨਿਆਂ ਵਿੱਚ, ਇਹ ਸਮੁੱਚੇ ਪਰਿਵਰਤਨ ਦਾ ਪ੍ਰਤੀਕ ਹੈ। ਇਤਿਹਾਸਿਕ ਤੌਰ ‘ਤੇ, ਭਾਰਤ ਨੇ ਨਾਲੰਦਾ ਯੂਨੀਵਰਸਿਟੀ- ਦੁਨੀਆ ਦਾ ਪਹਿਲੀ, ਰਿਹਾਇਸ਼ੀ ਯੂਨੀਵਰਸਿਟੀ, ਜਿੱਥੇ ਕਈ ਦੇਸ਼ਾਂ ਦੇ ਪ੍ਰਸਿੱਧ ਵਿਦਵਾਨ ਭਾਰਤ ਆਉਂਦੇ ਸਨ ਅਤੇ ਸਟਡੀ ਕਰਦੇ ਸਨ - ਦੇ ਨਾਲ ਸਿੱਖਿਆ ਦੇ ਅੰਤਰਰਾਸ਼ਟਰੀਕਰਣ ਵਿੱਚ ਉਤਕ੍ਰਿਸ਼ਟਤਾ ਹਾਸਲ ਕੀਤੀ ਸੀ। ਆਈਆਈਟੀ ਅੱਜ ਆਪਣੀ ਉਤਕ੍ਰਿਸ਼ਟਤਾ ਨੂੰ ਸੀਮਾਵਾਂ ਦੇ ਪਾਲ ਲੈ ਜਾ ਰਹੇ ਹਨ ਅਤੇ ਦੇਸ਼ ਨੂੰ ਮਾਣ ਮਹਿਸੂਸ ਕਰਵਾ ਰਹੇ ਹਨ।

**ਅਕਾਦਮਿਕ ਉਤਕ੍ਰਿਸ਼ਟਤਾ ਅਤੇ ਵਾਸਤਵਿਕ ਜੀਵਨ ਵਿੱਚ ਉਪਯੁਕਤਤਾ**

ਆਈਆਈਟੀ ਦਿੱਲੀ ਦੇ ਅਬੂ ਧਾਬੀ ਪਰਿਸਰ ਦਾ ਸਭ ਤੋਂ ਮਹੱਤਵਪੂਰਨ ਅੰਗ ਅਕਾਦਮਿਕ ਉਤਕ੍ਰਿਸ਼ਟਤਾ ਦੇ ਲਈ ਉਸ ਦੀ ਪ੍ਰਤੀਬੱਧਤਾ ਹੈ। ਸੰਸਥਾਨ ਦੇ ਪਾਠਕ੍ਰਮ ਨੂੰ ਖੇਤਰ ਦੀ ਵਿਸ਼ਿਸ਼ਟ ਜ਼ਰੂਰਤਾਂ ਅਤੇ ਉਮੀਦਾਂ ਦੇ ਅਨੁਰੂਪ ਕੁਸ਼ਲਤਾਪੂਰਵਕ ਢਾਲਿਆ ਗਿਆ ਹੈ। ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ ਦੇ ਸਿੱਖਿਆ ਦੇ ਨਾਲ-ਨਾਲ ਰਿਸਰਚ ਦੇ ਖੇਤਰ ਵਿੱਚ ਆਈਆਈਟੀ ਦਿੱਲੀ ਦੇ ਬੇਮਿਸਾਲ ਅਨੁਭਵ ਦਾ ਲਾਭ ਉਠਾਉਂਦੇ ਹੋਏ ਅਬੂ ਧਾਬੀ ਪਰਿਸਰ ਭਰੋਸੇਯੋਗ ਸਿੱਖਿਆ ਪ੍ਰਦਾਨ ਕਰਨ ਦੇ ਨਾਲ ਹੀ ਨਾਲ, ਉਸ ਨੂੰ ਵਿਭਿੰਨਤਾ ਲਿਆਉਣ ਲਈ ਨਵੀਨਤਾਕਾਰੀ ਅਤੇ ਖੇਤਰ-ਵਿਸ਼ਿਸ਼ਟ ਪ੍ਰੋਗਰਾਮਾਂ ਦਾ ਕੇਂਦਰ ਬਣਨ ਦੀ ਦਿਸ਼ਾ ਵਿੱਚ ਪ੍ਰਯਾਸ ਕਰ ਰਹੇ ਹਨ।

ਇਸ ਦਾ ਸ਼ੁਰੂਆਤੀ ਅਕਾਦਮਿਕ ਪ੍ਰੋਗਰਾਮ, ਊਰਜਾ ਟ੍ਰਾਂਸਫਰ ਅਤੇ ਸਥਿਰਤਾ ਵਿੱਚ ਮਾਸਟਰ ਆਵ? ਟੈਕਨੋਲੋਜੀ, ਸੰਸਥਾਨ ਦੇ ਦੂਰਦਰਸ਼ੀ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਜਲਵਾਯੂ ਅਤੇ ਸਥਿਰਤਾ ਨਾਲ ਜੁੜੀ ਹੋਰ ਚੁਣੌਤੀਆਂ ਨਾਲ ਨਿਪਟਣ ਵਿੱਚ ਸਵੱਛ ਊਰਜਾ ਟ੍ਰਾਂਸਫਰ ਦੀ ਮਹੱਤਵਪੂਰਨ ਭੂਮਿਕਾ ਨੂੰ ਪਹਿਚਾਣਦੇ ਹੋਏ ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਇਸ ਪਰਿਵਰਤਨ ਨੂੰ ਪ੍ਰਭਾਵੀ ਢੰਗ ਨਾਲ ਪ੍ਰਬੰਧਿਤ ਕਰਨ ਵਿੱਚ ਮੋਹਰੀ ਰਹਿਣ ਦੇ ਲਈ ਤਿਆਰ ਕਰਨਾ ਹੈ। ਇਹ ਪਾਠਕ੍ਰਮ ਟ੍ਰਾਂਜਿਸ਼ਨ ਪ੍ਰਬੰਧਨ, ਇਨੋਵੇਸ਼ਨ ਪ੍ਰਕਿਰਿਆਵਾਂ ਅਤੇ ਊਰਜਾ-ਸਥਿਰਤਾ ਅੰਤਰਸਬੰਧਾਂ ਦੀ ਸਮਝ ਦੇ ਨਾਲ ਤਕਨੀਕੀ ਗਿਆਨ ਨੂੰ ਏਕੀਕ੍ਰਿਤ ਕਰਦੇ ਹੋਏ ਇੱਕ ਬਹੁ-ਅਨੁਸ਼ਾਸਨੀ ਦ੍ਰਿਸ਼ਟੀਕੋਣ ‘ਤੇ ਜ਼ੋਰ ਦਿੰਦਾ ਹੈ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਸੰਯੁਕਤ ਅਰਬ ਅਮੀਰਾਤ ਦੁਆਰਾ ਵਰ੍ਹੇ 2023 ਨੂੰ ਸਥਿਰਤਾ ਵਰ੍ਹੇ ਦੇ ਰੂਪ ਵਿੱਚ ਮਨਾਏ ਜਾਣ ਅਤੇ ਦੁਬਈ ਵਿੱਚ ਇਤਿਹਾਸਿਕ ਸੀਓਪੀ 28 ਸੰਮੇਲਨ ਦੀ ਮੇਜ਼ਬਾਨੀ ਕਰਨ ਦੇ ਬਾਅਦ ਹੋਇਆ ਹੈ। ਇਸ ਪ੍ਰੋਗਰਾਮ ਵਿੱਚ ਜ਼ਿਆਦਾਤਰ ਵਿਦਿਆਰਥੀ ਅਬੂ ਧਾਬੀ ਦੀ ਪ੍ਰਮੁੱਖ ਤੇਲ ਅਤੇ ਗੈਸ ਕੰਪਨੀ ਏਡੀਐੱਨਓਸੀ ਦੁਆਰਾ ਪ੍ਰਾਯੋਜਿਤ ਹਨ, ਜੋ ਖ਼ੁਦ ਨੂੰ ਅਖੁੱਟ ਊਰਜਾ ਅਤੇ ਊਰਜਾ ਟ੍ਰਾਂਸਫਰ ਦੇ ਵੱਲ ਫਿਰ ਤੋਂ ਦਿਸ਼ਾ ਦੇਣ ਦੇ ਲਈ ਉਤਸੁਕ ਹੈ। ਸਿੱਖਿਆ ਜਗਤ ਦੇ ਨਾਲ ਉਦਯੋਗ ਦਾ ਇਹ ਇੰਟਰਫੇਸ ਇਸ ਨਵੋਦਿਤ ਸੰਸਥਾਨ ਦੇ ਭਵਿੱਖ ਦੇ ਲਈ ਸ਼ੁਭ ਸੰਕੇਤ ਹੈ।

ਆਈਆਈਟੀ ਦਿੱਲੀ ਅਬੂ ਧਾਬੀ ਦੀਆਂ ਕਲਾਸਾਂ ਵਿੱਚ ਕਦਮ ਰੱਖਣ ਵਾਲੇ ਵਿਦਿਆਰਥੀਆਂ ਦਾ ਪਹਿਲਾ ਬੈਚ ਅਤਿਆਧੁਨਿਕ ਗਿਆਨ ਪ੍ਰਾਪਤ ਕਰਨ ਵਾਲਾ ਬਣ ਜਾਵੇਗਾ। ਆਈਆਈਟੀ ਦਿੱਲੀ- ਅਬੂ ਧਾਬੀ ਪਰਿਸਰ ਏਆਈ, ਡੇਟਾ ਐਨਾਲਿਟਿਕਸ, ਊਰਜਾ ਅਤੇ ਸਥਿਰਤਾ ਅਤੇ ਹੈਲਥਕੇਅਰ ਜਿਹੇ ਖੇਤਰਾਂ ‘ਤੇ ਧਿਆਨ ਕੇਂਦ੍ਰਿਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਤੇਜ਼ੀ ਨਾਲ ਉਭਰਦੀਆਂ ਗਲੋਬਲ ਚੁਣੌਤੀਆਂ ਦੇ ਸੰਦਰਭ ਵਿੱਚ ਰਿਸਰਚ ਦੇ ਏਜੰਡੇ ਨੂੰ ਮੇਜ਼ਬਾਨ ਦੇਸ਼ ਦੀਆਂ ਜ਼ਰੂਰਤਾਂ ਦੇ ਅਨੁਰੂਪ ਬਣਾਇਆ ਜਾਵੇਗਾ।

**ਕੁਆਲਿਟੀ ਅਸ਼ੋਰੈਂਸ**

ਕੁਆਲਿਟੀ ਅਸ਼ੋਰੈਂਸ, ਰਾਧਾ ਕ੍ਰਿਸ਼ਣਨ ਕਮੇਟੀ ਦੁਆਰਾ ਰੇਖਾਂਕਿਤ ਇੱਕ ਹੋਰ ਮਹੱਤਵਪੂਰਨ ਵਿਸ਼ੇਸ਼ਤਾ ਹੈ, ਜੋ ਆਈਆਈਟੀ ਦਿੱਲੀ-ਅਬੂ ਧਾਬੀ ਦੇ ਲੋਕਾਚਾਰ ਵਿੱਚ ਅੰਤਰਨਿਹਿਤ ਹੈ। ਮਾਮਤਾ, ਸਮੇਂ-ਸਮੇਂ ‘ਤੇ ਪਾਠਕ੍ਰਮ ਦੀ ਸਮੀਖਿਆ ਅਤੇ ਸੰਸਥਾਗਤ ਮੁਲਾਂਕਣ ਨੂੰ ਨਿਯਮਿਤ ਅਧਿਕਾਰਿਕ ਪ੍ਰਯੋਗ ਨਹੀਂ ਮੰਨਿਆ ਜਾਵੇਗਾ, ਬਲਕਿ ਇਸ ਨੂੰ ਸਿੱਖਿਆ ਦੀ ਗੁਣਵੱਤਾ ਨੂੰ ਉੱਚਤਮ ਗਲੋਬਲ ਮਿਆਰਾਂ ਦੇ ਅਨੁਰੂਪ ਬਣਾਏ ਰੱਖਣਾ ਸੁਨਿਸ਼ਚਿਤ ਕਰਨ ਦਾ ਤੰਤਰ ਮੰਨਿਆ ਜਾਵੇਗਾ। ਪ੍ਰਮਾਣਿਤ ਟੈਸਟ, ਅਕਾਦਮਿਕ ਪ੍ਰਗਤੀ, ਇੰਟਰਨਸ਼ਿਪ ਅਤੇ ਪਲੇਸਮੈਂਟ ਦੇ ਮਾਧਿਅਮ ਨਾਲ ਵਿਦਿਆਰਥੀ ਪ੍ਰਵੇਸ਼ ਗੁਣਵੱਤਾ ਦੀ ਬੈਂਚਮਾਰਕਿੰਗ ਅਜਿਹੇ ਗ੍ਰੈਜੂਏਟ ਤਿਆਰ ਕਰਨ ਦੀ ਦਿਸ਼ਾ ਵਿੱਚ ਸੰਸਥਾਗਤ ਪ੍ਰਤੀਬੱਧਤਾ ਦੇ ਅਨੁਰੂਪ ਹੈ, ਜੋ ਕੇਵਲ ਉਤਕ੍ਰਿਸ਼ਟਤਾ ਦੀਆਂ ਉਮੀਦਾਂ ਨੂੰ ਹੀ ਪੂਰਾ ਨਾ ਕਰਦੇ ਹੋਣ, ਬਲਕਿ ਉਸ ਤੋਂ ਕਿਤੇ ਬਿਹਤਰ ਹੋਣ।

**ਬਦਲਦੀ ਹੋਈ ਦੁਨੀਆ ਵਿੱਚ ਨਵੀਂ ਸਾਂਝੇਦਾਰੀਆਂ**

ਸੰਯੁਕਤ ਅਰਬ ਅਮੀਰਾਤ ਦੀ ਜੀਵੰਤ ਰਾਜਧਾਨੀ ਅਬੂ ਧਾਬੀ, ਇਸ ਨਵੇਂ ਪਰਿਸਰ ਦੇ ਲਈ ਸਿਰਫ਼ ਇੱਕ ਸਥਲ ਤੋਂ ਕਿਤੇ ਅਧਿਕ ਹੈ। ਇਹ ਸਿੱਖਿਆ ਅਤ ਇਨੋਵੇਸ਼ਨ ਦੇ ਇਸ ਸਾਹਸਿਕ ਉੱਦਮ ਵਿੱਚ ਪੂਰਨ ਸਹਿਯੋਗੀ ਤੇ ਭਾਗੀਦਾਰ ਰਹੀ ਹੈ। ਇਸ ਤਰ੍ਹਾ ਦਾ ਨਿਰਵਿਘਨ ਤੇ ਉਪਯੋਗੀ ਸੰਯੁਕਤ ਪ੍ਰਯਾਸ ਭਾਰਤ ਅਤੇ ਸੰਯੁਕਤ ਅਰਬ ਅਮੀਰਾਤ ਦੇ ਦਰਮਿਆਨ ਵਿਆਪਕ ਰਣਨੀਤਕ ਸਾਂਝੇਦਾਰੀ ਦੇ ਉਦੇਸ਼ਾਂ ਤੇ ਦ੍ਰਿਸ਼ਟੀਕੋਣ ਦੇ ਅਨੁਰੂਪ ਹੈ।ਇਸ ਪਰਿਸਰ ਵਿੱਚ ਸੰਸਕ੍ਰਿਤੀਆਂ, ਵਿਚਾਰਾਂ ਤੇ ਦ੍ਰਿਸ਼ਟੀਕੋਣਾਂ ਦਾ ਸੰਭਾਵਿਤ ਮੇਲ-ਮਿਲਾਪ ਸਾਡੇ ਦੋਵਾਂ ਦੇਸ਼ਾਂ ਦੇ ਲੋਕਾਂ ਦਰਮਿਆਨ ਗਹਿਰੇ ਸੱਭਿਆਚਾਰ ਸਬੰਧਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਿਤ ਹੋਵੇਗਾ। ਉਦਾਹਰਣ ਦੇ ਲਈ, ਇਸ ਗੱਲ ਦੀ ਪਰਿਕਲਪਨਾ ਕੀਤੀ ਗਈ ਹੈ ਕਿ ਗ੍ਰੈਜੂਏਟ ਪਾਠਕ੍ਰਮਾਂ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਅਮੀਰਾਤੀ ਵਿਦਿਆਰਥੀਆਂ ਅਤੇ ਹੋਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਲ-ਨਾਲ ਸ਼ਾਮਲ ਕੀਤਾ ਜਾਵੇਗਾ।

ਇਸੇ ਤਰ੍ਹਾਂ, ਆਈਆਈਟੀ ਦਿੱਲੀ ਦੁਆਰਾ ਸੰਯੁਕਤ ਅਰਬ ਅਮੀਰਾਤ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ ‘ਤੇ ਫੈਕਲਟੀ ਅਤੇ ਕਰਮਚਾਰੀਆਂ ਦੀ ਭਰਤੀ ਕੀਤੇ ਜਾਣ ਦੀ ਵੀ ਉਮੀਦ ਹੈ ਜੋ ਅਬੂ ਧਾਬੀ ਪਰਿਸਰ ਵਿੱਚ ਭਰੋਸੇਯੋਗ ਸਿੱਖਿਆ ਅਤੇ ਰਿਸਰਚ ਪ੍ਰੋਗਰਾਮ ਨੂੰ ਵਿਕਸਿਤ ਤੇ ਲਾਗੂ ਕਰਨ ਲਈ ਦਿੱਲੀ ਪਰਿਸਰ ਦੀ ਫੈਕਲਟੀ ਦੇ ਨਾਲ ਮਿਲ ਕੇ ਕੰਮ ਕਰਨਗੇ।

**ਅੱਗੇ ਦਾ ਰਸਤਾ**

ਅਬੂ ਧਾਬੀ ਵਿੱਚ ਆਈਆਈਟੀ ਦਿੱਲੀ ਦਾ ਪਰਿਸਰ ਸਥਾਪਿਤ ਕਰਨ ਦੇ ਪਿੱਛੇ ਭਾਰਤ ਅਤੇ ਸੰਯੁਕਤ ਅਰਬ ਅਮੀਰਾਤ ਦਰਮਿਆਨ ਦੀ ਸਾਂਝੇਦਾਰੀ ਉਮੀਦਾਂ ਅਤੇ ਸੰਭਾਵਨਾਵਾਂ ਨਾਲ ਭਰੀ ਹੈ। ਇਹ ਨਿਸ਼ਚਿਤ ਤੌਰ ‘ਤੇ ਦੋ ਦੇਸ਼ਾਂ ਅਤੇ ਉੱਥੇ ਦੇ ਲੋਕਾਂ ਦਰਮਿਆਨ ਵਿਆਪਕ ਸਾਂਝੇਦਾਰੀ ਦਾ ਅਧਾਰ ਬਣੇਗਾ। ਇਹ ਦੁਨੀਆ ਦੀ ਭਲਾਈ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਪੱਧਰ ਦੇ ਅਕਾਦਮਿਕ ਸੰਯੁਕਤ ਉੱਦਮਾਂ ਦੇ ਲਈ ਵਿਦਿਆਰਥੀਆਂ ਅਤੇ ਰਿਸਰਚਰਾਂ ਨੂੰ ਟ੍ਰੇਂਡ ਕਰਕੇ ਦੋਵਾਂ ਦੇਸ਼ਾਂ ਦੇ ਪਰੇ ਜਾ ਕੇ ਨਵੇਂ ਆਯਾਮ ਜੋੜੇਗਾ।

ਹੁਣ ਜਦਕਿ ਆਈਆਈਟੀ-ਦਿੱਲੀ ਗਲੋਬਲ ਪੱਧਰ ‘ਤੇ ਆਪਣੀ ਮੌਜੂਦਗੀ ਵਧਾਉਣ ਦੀ ਦਿਸ਼ਾ ਵਿੱਚ ਲਗਾਤਾਰ ਅਗ੍ਰਸਰ ਹੈ, ਇਸ ਦਾ ਲਕਸ਼ ਮੈਪ ‘ਤੇ ਕੋਈ ਇੱਕ ਸਥਾਨ ਨਹੀਂ, ਬਲਕਿ ਸਾਂਝੀ ਗਲੋਬਲ ਸਮ੍ਰਿੱਧੀ ਦੇ ਲਈ ਗਿਆਨ ਦਾ ਇੱਕ ਸਾਂਝਾ ਦ੍ਰਿਸ਼ਟੀਕੋਣ ਵਿਕਸਿਤ ਕਰਨਾ ਹੈ। ਮੋਹਰੀ ਭਾਰਤੀ ਸੰਸਥਾਵਾਂ ਨੇ ਪਰਿਪੱਕਤਾ ਹਾਸਲ ਕਰ ਲਈ ਹੈ ਅਤੇ ਹੁਣ ਉਹ ਭਾਰਤ ਦੇ ‘ਵਸੁਧੈਵ ਕੁਟੁੰਬਕਮ’ ਦੇ ਦਰਸ਼ਨ ਦੇ ਅਨੁਰੂਪ ‘ਵਿਸ਼ਵ ਮਿਤ੍ਰ’ ਦੇ ਰੂਪ ਵਿੱਚ ਭਾਰਤ ਦੀ ਛਵੀ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਆਪਣੇ ਗਲੋਬਲ ਪ੍ਰਭਾਵ ਨੂੰ ਹੋਰ ਗਹਿਰਾ ਕਰਨ ‘ਤੇ ਧਿਆਨ ਕੇਂਦ੍ਰਿਤ ਕਰ ਰਹੇ ਹਨ।

ਲੇਖਕ, ਕੇਂਦਰੀ ਸਿੱਖਿਆ ਅਤੇ ਕੌਸ਼ਲ ਵਿਕਾਸ ਤੇ ਉੱਦਮਸ਼ੀਲਤਾ ਮੰਤਰੀ ਹਨ।

# ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਯਤਨਾਂ ਸਦਕਾ ‘ਦੀ ਕੀਰਤਪੁਰ ਸਾਹਿਬ ਟਰੱਕ ਆਪ੍ਰੇਟਰ ਸੁਸਾਇਟੀ’ ਦੇ ਵਫ਼ਦ ਦੀ ਮੀਟਿੰਗ ਅਲਟ੍ਰਾਟੈੱਕ ਦੇ ਅਧਿਕਾਰੀਆਂ ਨਾਲ ਹੋਈ

**ਸ੍ਰੀ ਕੀਰਤਪੁਰ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਯਤਨਾਂ ਸਦਕਾ ਅੱਜ ਕੀਰਤਪੁਰ ਸਾਹਿਬ ਦੀ ਬਹੁਚਰਚਿਤ ‘ਦੀ ਕੀਰਤਪੁਰ ਸਾਹਿਬ ਟਰੱਕ ਆਪ੍ਰੇਟਰ ਸੁਸਾਇਟੀ’ ਨਾਲ ਜੁੜੇ ਟ੍ਰਾਂਸਪੋਰਟਰਾਂ ਦੇ ਇੱਕ ਵਫ਼ਦ ਦੀ ਮੀਟਿੰਗ ਸੰਬੰਧਿਤ ਸੀਮਿੰਟ ਕੰਪਨੀ ਦੇ ਅਧਿਕਾਰੀਆਂ ਦੇ ਨਾਲ ਹੋਈ। ਟ੍ਰਾਂਸਪੋਰਟਰਾਂ ਵਲੋਂ ਪਿਛਲੇ ਕਰੀਬ ਇੱਕ ਸਾਲ ਤੋਂ ਰੁਜ਼ਗਾਰ ਬਚਾਉਣ ਖਾਤਰ ਕੀਰਤਪੁਰ ਸਾਹਿਬ ਹਜ਼ਾਰਾਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਧਰਨਾ ਲਗਾਇਆ ਹੋਇਆ ਹੈ ਤੇ ਇਸ ਧਰਨੇ ਦੇ ਹੱਲ ਹਿੱਤ ਅਜੈਵੀਰ ਸਿੰਘ ਲਾਲਪੁਰਾ ਸ਼ੁਰੂ ਤੋਂ ਹੀ ਯਤਨਸ਼ੀਲ ਹਨ।

ਅੱਜ ਹੋਈ ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਅਜੈਵੀਰ ਸਿੰਘ ਲਾਲਪੁਰਾ ਨੇ ਦੱਸਿਆ ਕਿ ਕੰਪਨੀ ਦੇ ਅਧਿਕਾਰੀਆਂ ਨਾਲ ਹੋਈ ਮੀਟਿੰਗ ਵਿਚ ਟ੍ਰਾਂਸਪੋਰਟਰਾਂ ਦੇ ਵਫ਼ਦ ਨੇ ਆਪਣੀਆਂ ਸਮੱਸਿਆਵਾਂ ਅਤੇ ਮੰਗਾਂ ਸੰਬੰਧੀ ਵਿਸਥਾਰ ਪੂਰਣ ਚਰਚਾ ਕੀਤੀ ਅਤੇ ਸੁਝਾਅ ਵੀ ਦਿੱਤਾ, ਜਿਨ੍ਹਾਂ ਨੂੰ ਕੰਪਨੀ ਦੇ ਅਧਿਕਾਰੀਆਂ ਨੇ ਬਹੁਤ ਗ਼ੌਰ ਨਾਲ ਸੁਣਿਆ। ਉਨ੍ਹਾਂ ਦੱਸਿਆ ਕਿ ਕੰਪਨੀ ਦੇ ਉੱਚ ਅਧਿਕਾਰੀਆਂ ਨੇ ਟ੍ਰਾਂਸਪੋਰਟਰਾਂ ਵਲੋਂ ਲਗਾਏ ਧਰਨੇ ਦੀ ਸਮਾਪਤ ਲਈ ਸਾਰਥਿਕ ਯਤਨ ਵਿੱਢਣ ਅਤੇ ਭਵਿੱਖ ਵਿਚ ਰੁਜ਼ਗਾਰ ਲਈ ਸਾਜਗਾਰ ਮਾਹੌਲ ਸਿਰਜਣ ਦਾ ਵੀ ਭਰੋਸਾ ਦਿੱਤਾ।

ਲਾਲਪੁਰਾ ਨੇ ਕਿਹਾ ਕਿ ਇਹ ਮੀਟਿੰਗ ਬਹੁਤ ਸਾਰਥਿਕ ਮਾਹੌਲ ਵਿਚ ਹੋਈ ਤੇ ਉਨ੍ਹਾਂ ਨੂੰ ਪੂਰਣ ਆਸ ਹੈ ਕਿ ਟ੍ਰਾਂਸਪੋਰਟਰਾਂ ਤੇ ਇਨ੍ਹਾਂ ਨਾਲ ਜੁੜੇ ਪਰਿਵਾਰਾਂ ਤੇ ਹੋਰ ਕਾਮਿਆਂ ਦੀਆਂ ਆਸਾਂ ਨੂੰ ਜਲਦ ਬੂਰ ਪਵੇਗਾ। ਦੱਸਣਯੋਗ ਹੈ ਕਿ ਟ੍ਰਾਂਸਪੋਰਟਰਾਂ ਮੁਤਾਬਿਕ ਖਣਿਜਾਂ ਦੀ ਢੋਆ-ਢੁਆਈ ਲਈ ਸਰਸਾ ਨੰਗਲ ਨੇੜੇ ਕੁੱਝ ਲੋਕਾਂ ਨੇ ਨਿੱਜੀ ਡੰਪ ਬਣਾਏ ਹੋਏ ਹਨ, ਜਿਸ ਵਿੱਚ ਲਾਲ ਮਿੱਟੀ ਆਦਿ ਭਾਰੀ ਵਾਹਨਾਂ ਨੂੰ ਹਿਮਾਚਲ ਪ੍ਰਦੇਸ਼ ਭੇਜਿਆ ਜਾਂਦਾ ਹੈ। ਇੱਥੋਂ ਘੱਟ ਕਿਰਾਇਆ ਦੇ ਕੇ ਹਿਮਾਚਲ ਪ੍ਰਦੇਸ਼ ਦੇ ਵਾਹਨਾਂ ਨੂੰ ਮਾਲ ਦੀ ਢੋਆ-ਢੁਆਈ ਦਾ ਕੰਮ ਦਿੱਤਾ ਜਾਂਦਾ ਹੈ ਜੋ ਇਨ੍ਹਾਂ ਲੋਕਾਂ ਟਰੱਕ ਆਪ੍ਰੇਟਰਾਂ ਨਾਲ ਸਰਾਸਰ ਧੱਕਾ ਹੈ ਤੇ ਇਨ੍ਹਾਂ ਦੀ ਰੋਜ਼ੀ ਰੋਟੀ ’ਤੇ ਚਿੱਟੇ ਦਿਨ ਡਾਕਾ ਹੈ।

ਉਨ੍ਹਾਂ ਮੁਤਾਬਿਕ ਇਨ੍ਹਾਂ 826 ਟਰੱਕ ਆਪ੍ਰੇਟਰਾਂ ਨਾਲ ਹਜ਼ਾਰਾਂ ਪਰਿਵਾਰ ਜੁੜੇ ਹੋਏ ਹਨ, ਜਿਨ੍ਹਾਂ ਦੀ ਰੋਜ਼ੀ ਰੋਟੀ ਬੰਦ ਹੋ ਚੁੱਕੀ ਹੈ। ਲਾਲਪੁਰਾ ਨੇ ਕਿਹਾ ਕਿ ਉਹ ਇਨ੍ਹਾਂ ਟਰੱਕ ਆਪ੍ਰੇਟਰਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੀ ਮੀਟਿੰਗ ਉਹਨਾਂ ਵਿਰੋਧੀਆਂ ਦੇ ਮੂੰਹ ‘ਤੇ ਵੀ ਕਰਾਰੀ ਚਪੇੜ ਹੈ ਜੋ ਮੇਰੇ ਪੁਤਲੇ ਸਾੜ ਕੇ ਸੌੜੀ ਸਿਆਸਤ ਕਰਦੇ ਹਨ ਤੇ ਧਰਨੇ ਵਿੱਚ ਮੇਰੀ ਹਾਜ਼ਰੀ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦੇ ਸਨ ਪਰ ਉਹ ਇਸ ਗੱਲ ਤੋਂ ਅਣਜਾਨ ਹਨ ਕਿ ਲਾਲਪੁਰਾ ਜੋ ਕਹਿੰਦਾ ਹੈ, ਉਹ ਕਰਦਾ ਹੈ ਤੇ ਟਰੱਕ ਆਪ੍ਰੇਟਰਾਂ ਨਾਲ ਕੀਤੇ ਵਾਅਦੇ ਅਨੁਸਾਰ ਮੈਂ ਆਖਰੀ ਦਮ ਤੱਕ ਇਹਨਾਂ ਦੀ ਰੁਜ਼ਗਾਰ ਬਹਾਲੀ ਲਈ ਯਤਨਸ਼ੀਲ ਰਹਾਂਗਾ।

# ਪੰਜਾਬ ਪੁਲਿਸ ਅਤੇ ਮੈਟਾ ਨੇ ਸਾਂਝੇ ਤੌਰ ’ਤੇ ਸਾਈਬਰਸਪੇਸ ਵਿੱਚ ਡੀਪ ਫੇਕ ਦੀ ਪਛਾਣ ਕਰਨ ਬਾਰੇ ਵਰਕਸ਼ਾਪ ਦਾ ਕੀਤਾ ਆਯੋਜਨ

## ਵਰਕਸ਼ਾਪ ਦਾ ਉਦੇਸ਼ ਆਨਲਾਈਨ ਫੈਲਣ ਵਾਲੀ ਗਲਤ ਜਾਣਕਾਰੀ ਨਾਲ ਨਜਿੱਠਣ ਲਈ ਪੁਲਿਸ ਅਧਿਕਾਰੀਆਂ ਨੂੰ ਸਿਖਲਾਈ ਦੇਣਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇੱਛਾ ਅਨੁਸਾਰ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਨੂੰ ਆਨਲਾਈਨ ਫੈਲਣ ਵਾਲੀਆਂ ਗਲਤ ਸੂਚਨਾਵਾਂ ਨਾਲ ਨਜਿੱਠਣ ਅਤੇ ਜਨਤਾ ਵਿੱਚ ਇਸ ਦੇ ਫੈਲਾਅ ਨੂੰ ਰੋਕਣ ਸਬੰਧੀ ਢੰਗ-ਤਰੀਕਿਆਂ ਬਾਰੇ ਜਾਗਰੂਕ ਕਰਨ ਦੇ ਉਦੇਸ਼ ਨਾਲ ਪੰਜਾਬ ਪੁਲਿਸ ਦੇ ਸਾਈਬਰ ਕ੍ਰਾਈਮ ਡਵੀਜ਼ਨ ਨੇ ਮੇਟਾ (ਫੇਸਬੁੱਕ) ਅਤੇ ਮਿਸਇਨਫਰਮੇਸ਼ਨ ਕੰਬੈਟ ਅਲਾਇੰਸ ਦੇ ਨੁਮਾਇੰਦਿਆਂ ਦੇ ਸਹਿਯੋਗ ਨਾਲ ਸਾਈਬਰ ਸਪੇਸ ਵਿੱਚ ‘ਡੀਪ ਫੇਕ’ ਦੀ ਪਛਾਣ ਕਰਨ ਅਤੇ ਇਸ ਰਾਹੀਂ ਅਸ਼ਲੀਲ ਸਮੱਗਰੀ ਤਿਆਰ ਕਰਕੇ ਇਸ ਦੇ ਪਸਾਰ ਦੀ ਸੰਭਾਵਨਾ ਬਾਰੇ ਇੱਕ ਰੋਜ਼ਾ ਵਰਕਸ਼ਾਪ ਕਰਵਾਈ ਗਈ। ਇਹ ਵਰਕਸ਼ਾਪ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ’ਤੇ ਕਰਵਾਈ ਗਈ।

ਡੀਪ ਫੇਕ ਇੱਕ ਚਿੱਤਰ, ਆਡੀਓ ਜਾਂ ਵੀਡੀਓ ਹੈ ਜਿਸ ਵਿੱਚ ਕਿਸੇ ਅਸਲ ਵਿਅਕਤੀ ਨੂੰ ਡਿਜੀਟਲ ਰੂਪ ਵਿੱਚ ਐਡਿਟ ਕਰਕੇ ਕਿਸੇ ਹੋਰ ਨਾਲ ਹੂ-ਬ-ਹੂ ਮਿਲਾ ਦਿੱਤਾ ਜਾਂਦਾ ਹੈ ਅਤੇ ਇਹ ਦੇਖਣ ਨੂੰ ਬਿਲਕੁੱਲ ਅਸਲ ਲਗਦਾ ਹੈ।

ਸਿਖਲਾਈ ਪ੍ਰੋਗਰਾਮ ਦੌਰਾਨ ਮੈਟਾ ਦੇ ਨਾਲ ਮਿਸਇਨਫਰਮੇਸ਼ਨ ਕੰਬੈਟ ਅਲਾਇੰਸ (ਐਮਸੀਏ) ਟੀਮ ਨੇ ਆਨਲਾਈਨ ਪਲੇਟਫਾਰਮਾਂ ’ਤੇ ਗਲਤ ਜਾਣਕਾਰੀ ਦੀ ਪਛਾਣ ਕਰਨ, ਹਟਾਉਣ ਅਤੇ ਇਸ ਨਾਲ ਨਜਿੱਠਣ ਲਈ ਵੱਖ-ਵੱਖ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ। ਇਸ ਪ੍ਰੋਗਰਾਮ ਵਿੱਚ ਸਾਰੇ ਜ਼ਿਲ੍ਹਿਆਂ ਵਿੱਚ ਤਾਇਨਾਤ ਵੱਖ-ਵੱਖ ਰੈਂਕਾਂ ਦੇ 150 ਤੋਂ ਵੱਧ ਪੁਲਿਸ ਮੁਲਾਜ਼ਮਾਂ ਨੇ ਭਾਗ ਲਿਆ।

ਇਸ ਟਰੇਨਿੰਗ ਦਾ ਉਦੇਸ਼ ਡੀਪ ਫੇਕ ਰਾਹੀਂ ਪੈਦਾ ਕੀਤੀ ਗਲਤ ਤੇ ਝੂਠੀ ਜਾਣਕਾਰੀ ਨਾਲ ਨਜਿੱਠਣ ਲਈ ਜਨਤਕ ਤੌਰ ’ਤੇ ਉਪਲਬਧ ਸਾਧਨਾਂ ਅਤੇ ਢੰਗ-ਤਰੀਕਿਆਂ ਦੀ ਵਰਤੋਂ ਕਰਕੇ ਪੰਜਾਬ ਪੁਲਿਸ ਦੀ ਸਮਰੱਥਾ ਨੂੰ ਵਧਾਉਣਾ ਸੀ।

ਵਰਕਸ਼ਾਪ ਵਿੱਚ ਹਿੱਸਾ ਲੈਂਦਿਆਂ ਏਡੀਜੀਪੀ ਸਾਈਬਰ ਕ੍ਰਾਈਮ ਵੀ. ਨੀਰਜਾ ਨੇ ਕਿਹਾ ਕਿ ਗਲਤ ਜਾਣਕਾਰੀ ਅਤੇ ਡੀਪ ਫੇਕ ਦਾ ਮੁੱਦਾ ਨਾਗਰਿਕਾਂ ਲਈ, ਖਾਸ ਕਰਕੇ ਪ੍ਰਮੁੱਖ ਵਿਅਕਤੀਆਂ, ਮਸ਼ਹੂਰ ਹਸਤੀਆਂ ਅਤੇ ਜਨਤਕ ਸ਼ਖਸੀਅਤਾਂ ਲਈ ਚਿੰਤਾ ਦਾ ਵਿਸ਼ਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਸਾਈਬਰ ਸਪੇਸ ਨੂੰ ਉਪਭੋਗਤਾਵਾਂ ਲਈ ਸੁਰੱਖਿਅਤ ਜ਼ੋਨ ਬਣਾਉਣ ਦੇ ਮੰਤਵ ਨਾਲ ਪੰਜਾਬ ਪੁਲਿਸ ਮੁੱਖ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪੁਲਿਸ ਡੀਪ ਫੇਕ ਦੇ ਖ਼ਤਰਿਆਂ ਦੇ ਪ੍ਰਭਾਵਸ਼ਾਲੀ ਹੱਲ ਅਪਣਾਉਣ ਲਈ ਵਚਨਬੱਧ ਹੈ।

ਉਨ੍ਹਾਂ ਕਿਹਾ ਕਿ ਇਹ ਸਿਖਲਾਈ ਪੰਜਾਬ ਪੁਲਿਸ ਨੂੰ ਨਾਗਰਿਕਾਂ ਦਰਮਿਆਨ ਸਹੀ ਜਾਣਕਾਰੀ ਦੇ ਪਸਾਰ ਲਈ ਸੋਸ਼ਲ ਮੀਡੀਆ ਦੀ ਪ੍ਰਭਾਵਸ਼ਾਲੀ ਵਰਤੋਂ ਲਈ ਵੀ ਨਿਪੁੰਨ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਅਧਿਕਾਰੀ ਅਜਿਹੀ ਗਲਤ ਤੇ ਝੂਠੀ ਜਾਣਕਾਰੀ ਨਾਲ ਨਜਿੱਠਣ ਅਤੇ ਸਮੇਂ ਸਿਰ ਸਹੀ ਜਾਣਕਾਰੀ ਦਾ ਪ੍ਰਸਾਰ ਲਈ ਨਵੀਨਤਾਕਾਰੀ ਤਕਨੀਕਾਂ ਅਪਣਾਉਣ ਲਈ ਆਪਣੀ ਸਮਰੱਥਾ ਵਿੱਚ ਵਾਧਾ ਕਰ ਰਹੇ ਹਨ।

ਡੀਆਈਜੀ ਸਾਈਬਰ ਕ੍ਰਾਈਮ ਨੀਲਾਂਬਰੀ ਵੀ ਜਗਦਲੇ ਨੇ ਕਿਹਾ ਕਿ ਸਾਈਬਰ ਸਪੇਸ ਵਿੱਚ ਗਲਤ ਜਾਣਕਾਰੀ/ਡੀਪ ਫੇਕ ਦੇ ਫੈਲਾਅ ਨੂੰ ਰੋਕਣ ਲਈ, ਪੰਜਾਬ ਪੁਲਿਸ ਵੱਲੋਂ ਰੈਪਿਡ ਇਨਫਰਮੇਸ਼ਨ ਕਮਿਊਨੀਕੇਸ਼ਨ ਨੈੱਟਵਰਕ (ਆਰਆਈਸੀਐੱਨ) ਵੀ ਤਿਆਰ ਕੀਤਾ ਗਿਆ ਹੈ ਤਾਂ ਜੋ ਲੋਕਾਂ ਨੂੰ ਸਾਈਬਰ ਧੋਖੇਬਾਜ਼ਾਂ ਦੇ ਕੰਮ ਕਰਨ ਦੀਆਂ ਵਿਧੀਆਂ ਬਾਰੇ ਜਾਗਰੂਕ ਕੀਤਾ ਜਾ ਸਕੇ।

ਸਟੇਟ ਸਾਈਬਰ ਕ੍ਰਾਈਮ ਸੈੱਲ, ਐਸ.ਏ.ਐਸ. ਨਗਰ, ਪੰਜਾਬ ਵੱਲੋਂ ਲੋਕਾਂ ਨੂੰ ਸਾਈਬਰ ਸੁਰੱਖਿਆ, ਸੁਰੱਖਿਅਤ ਸਾਈਬਰ ਨਿਯਮਾਂ ਅਤੇ ਵੱਖ-ਵੱਖ ਕਿਸਮਾਂ ਦੇ ਸਾਈਬਰ ਅਪਰਾਧਾਂ ਤੋਂ ਸੁਰੱਖਿਆ ਬਾਰੇ ਜਾਗਰੂਕ ਕਰਨ ਲਈ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਅਜਿਹੇ ਅਕਾਊਂਟ ਵੀ ਬਣਾਏ ਗਏ ਹਨ।

# ਜਰਗ ਯਾਦਗਰ ਗੁਰਦੂਆਰਾ ਰਾੜਾ ਸਾਹਿਬ ਰੌਣੀ ਦੇ ਟੀ ਪੁਆਇੰਟ ’ਤੇ ਕਿਸਾਨਾਂ ਵੱਲੋਂ ਖੰਨਾ, ਮਲੇਰਕੋਟਲਾ ਮੁੱਖ ਸੜਕ ਨੂੰ ਜਾਮ ਕਰਕੇ ਲਾਇਆ ਰੋਸ ਧਰਨਾ

**ਪਾਇਲ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਸਰਕਾਰ ਵੱਲੋਂ ਜਬਰਦਸਤੀ ਥੋਪੇ ਗਏ ਖੇਤੀ ਮਾਰੂ ਕਾਲੇ ਬਿੱਲਾਂ ਨੂੰ ਰੱਦ ਕਰਵਾਉਣ ਤੇ ਹੱਕੀ ਮੰਗਾਂ ਨੂੰ ਮਨਵਾਉਣ ਲਈ ਪਿਛਲੇ ਕਈ ਦਿਨਾਂ ਤੋਂ ਦੇਸ਼ ਦੇ ਵੱਖੋ ਵੱਖ ਬਾਰਡਰਾਂ ਤੇ ਚੱਲ ਰਹੇ ਕਿਸਾਨੀ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ÷ ਭਾਰਤ ਬੰਦ ÷ ਦੇ ਸੱਦੇ ਨੂੰ ਮੱਦੇ ਨਜ਼ਰ ਰੱਖਦਿਆਂ ਹਲਕਾ ਪਾਇਲ ਵਿੱਚ ਹਰ ਵਰਗ ਦੇ ਲੋਕਾਂ ਵੱਲੋਂ ਪੂਰਨ ਹੁੰਗਾਰਾ ਦਿੱਤਾ ਗਿਆ।

ਸੜਕੀ ਆਵਾਜਾਈ ਮੁਕੰਮਲ ਤੌਰ ’ਤੇ ਬੰਦ ਰਹੀ ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਬਲਾਕ ਦੋਰਾਹਾ ਦੇ ਪ੍ਰਧਾਨ ਸਿਮਰਜੀਤ ਸਿੰਘ ਰੌਣੀ ਅਗਵਾਈ ਵਿੱਚ ਪਿੰਡ ਰੌਣੀ ,ਜਰਗ , ਮੁੱਲਾਂਪੁਰ, ਭਰਥਲਾ, ਸਿਰਥਲਾ, ਮਾਂਹਪੁਰ ਤੇ ਹੋਰ ਪਿੰਡਾਂ ਦੇ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਖੰਨਾ ਮਾਲੇਰਕੋਟਲਾ ਮੁੱਖ ਸੜਕ ’ਤੇ ਆਵਾਜਾਈ ਮੁਕੰਮਲ ਤੌਰ ’ਤੇ ਬੰਦ ਕਰਕੇ (ਰੌਣੀ ਜਰਗ ਟੀ ਪੁਆਇੰਟ ) ਨੇੜੇ ਗੁਰਦੁਆਰਾ ਯਾਦਗਾਰ ਰਾੜਾ ਸਾਹਿਬ ਜਰਗ ਵਿਖੇ ਸਵੇਰੇ 10 ਤੋਂ 4 ਵਜੇ ਤੱਕ ਸ਼ਾਂਤਮਈ ਰੋਸ ਧਰਨਾ ਦਿੱਤਾ ਗਿਆ।

ਇਸ ਮੌਕੇ ਕਿਸਾਨਾਂ ਮਜ਼ਦੂਰਾਂ ਵੱਲੋਂ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਵੀ ਕੀਤੀ ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਮਰਜੀਤ ਸਿੰਘ ਰੌਣੀ ਨੇ ਕਿਹਾ ਭਾਵੇਂ ਭਾਜਪਾ ਦੀ ਮੋਦੀ ਸਰਕਾਰ ਪਿਛਲੇ ਕਈ ਸਾਲਾਂ ਤੋਂ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨ ਜਥੇਬੰਦੀਆਂ ਨੂੰ ਤਾਰੋਪੀਡ ਕਰਨ ਲਈ ਵੱਖੋ-ਵੱਖਰੇ ਹੱਥਕੰਢੇ ਵਰਤੇ ਗਏ ਤਾਂ ਜੋ ਕਿਸਾਨ ਅੰਦੋਲਨ ਨੂੰ ਫੇਲ੍ਹ ਕੀਤਾ ਜਾ ਸਕੇ ਪਰ ਅਸੀਂ ਖੇਤੀ ਦੇ ਕਾਲ਼ੇ ਕਾਨੂੰਨਾਂ ਨੂੰ ਰੱਦ ਕਰਵਾ ਕੇ ਤੇ ਹੋਰ ਅਧੂਰੀਆਂ ਮੰਗਾਂ ਨੂੰ ਮਨਵਾ ਕੇ ਹੀ ਦਮ ਲਵਾਂਗੇ ਭਾਵੇਂ ਸਾਨੂੰ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਹੋਰ ਅਮੀਰ ਕਰਨ ਲਈ ਆਪਣਾ ਤਾਨਾਸ਼ਾਹੀ ਰਵੱਈਆ ਅਪਨਾ ਕੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਦੀ ਆਵਾਜ਼ ਨੂੰ ਪੁਲਿਸ ਦੇ ਡੰਡੇ ਦੇ ਜੋਰ ਨਾਲ ਘੋਰ ਤਸ਼ੱਦਦ ਕਰਕੇ ਜਬਰਦਸਤੀ ਬੰਦ ਕਰਨਾ ਚਾਹੁੰਦੀ ਹੈ। ਜਿਸਦੇ ਰੋਸ ਵਜੋਂ ਦੇਸ਼ ਦਾ ਅੰਨਦਾਤਾ ਕਹਾਉਣ ਵਾਲੇ ਕਿਸਾਨਾਂ ਨੂੰ ਅੱਜ ਸੜਕਾਂ ਆ ਕੇ ਧਰਨੇ ,ਮੁਜ਼ਾਹਰੇ ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ । ਉਨ੍ਹਾਂ ਕਿਹਾ ਕਿ ਭਾਰਤ ਬੰਦ ਸੱਦੇ ਦਾ ਮੁੱਖ ਮਕਸਦ ਕਿਰਤ ਕਾਨੂੰਨਾਂ ਨੂੰ ਬਹਾਲ ਕਰਵਾਉਣਾ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣਾ, ਠੇਕੇਦਾਰੀ ਸਿਸਟਮ ਅਤੇ ਨਿੱਜੀਕਰਨ ਨੂੰ ਬੰਦ ਕਰਵਾਉਣਾ, ਮਨਰੇਗਾ ਸਕੀਮ ਦੇ ਕੰਮ ਦੇ ਦਿਨ ਤੇ ਮਜ਼ਦੂਰੀ ਵਿੱਚ ਵਾਧਾ ਕਰਵਾਉਣ ਲਈ ਤੇ ਹੋਰ ਜਾਇਜ ਮੰਗਾਂ ਨੂੰ ਮੰਨਵਾਉਣਾ ਹੈ ਪਰ ਮੋਦੀ ਸਰਕਾਰ ਕਿਸਾਨ ਜਥੇਬੰਦੀਆਂ ਦੇ ਆਗੂਆਂ ਨਾਲ ਹਰ ਵਾਰੀ ਝੂਠੇ ਵਾਅਦੇ ਤੇ ਮੀਟਿੰਗਾਂ ਕਰਕੇ ਸਮਾਂ ਲੰਘਾ ਰਹੀ ਹੈ। ਹੁਣ ਮੋਦੀ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਲੋਕਾਂ ਦੀ ਕਚਹਿਰੀ ਵਿੱਚ ਬਿਲਕੁਲ ਨੰਗਾ ਹੋ ਚੁੱਕਾ ਹੈ।

ਉਹਨਾਂ ਕਿਹਾ ਕਿ ਅੱਜ ਦੇ ਭਾਰਤ ਬੰਦ ਦੇ ਸੱਦੇ ਦੌਰਾਨ ਮੋਦੀ ਸਰਕਾਰ ਵੱਲੋਂ ਮੁਲਾਜਮਾਂ, ਮਜਦੂਰਾਂ ,ਕਿਰਤੀ ਲੋਕਾਂ ਦੀ ਲੁੱਟ ਕਰਨ ਵਾਲੀਆਂ ਨੀਤੀਆਂ , ਨਿੱਜੀਕਰਨ ਅਤੇ ਕਾਰਪੋਰੇਟ ਘਰਾਣਿਆਂ ਨੂੰ ਲਾਭ ਦੇਣਾ , ਠੇਕੇਦਾਰੀਕਰਨ , ਉਦਾਰੀਕਰਨ ਦੀਆਂ ਦੇਸ਼ ਨੂੰ ਵੇਚਣ ਦੀਆਂ ਨੀਤੀਆਂ ਖਿਲਾਫ਼ ਲੋਕਾਂ ਜ਼ੋਰਦਾਰ ਵਿਰੋਧ ਕੀਤਾ ਗਿਆ। ਅੰਤ ਵਿੱਚ ਸਿਮਰਜੀਤ ਸਿੰਘ ਰੌਣੀ ਸਮੇਤ ਹੋਰ ਅਹੁਦੇਦਾਰਾਂ ਨੇ ਮੋਦੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਤੇ ਮਜਦੂਰਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ ਕੀਤਾ ਜਾਵੇਗਾ।

# ਉਦਯੋਗਿਕ/ਖੇਤਰੀ ਹੜਤਾਲ ਅਤੇ ਗ੍ਰਾਮੀਣ ਭਾਰਤ ਬੰਦ ਦੇ ਸੱਦੇ 'ਤੇ ਮਾਲੇਰਕੋਟਲਾ ਪੂਰਨ ਬੰਦ ਰਿਹਾ

**ਮਲੇਰਕੋਟਲਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ ਅਤੇ ਸੁਤੰਤਰ ਸੈਕਟਰਲ ਫੈਡਰੇਸ਼ਨਾਂ/ਐਸੋਸੀਏਸ਼ਨਾਂ ਦੇ ਸਾਂਝੇ ਪਲੇਟਫਾਰਮ ਦੇ ਸੱਦੇ ਤੇ ਮਾਲੇਰਕੋਟਲਾ ਟਰੱਕ ਯੂਨੀਅਨ ਵਿਖੇ ਧਰਾਤੀ ਜਥੇਬੰਦੀਆਂ ਨੇ ਵਿਸ਼ਾਲ ਇਕੱਠ ਕਰਕੇ ਮੰਗ ਕੀਤੀ ਕਿ ਕੇਂਦਰ ਦੀ ਮੋਦੀ ਸਰਕਾਰ ਨੂੰ ਆੜੇ ਹੱਥੀਂ ਲਿਆ ਅਤੇ ਮੰਗ ਕੀਤੀ* ਸੀਟੂ ਯੂਨੀਅਨ ਪ੍ਰਧਾਨ ਕਾਮਰੇਡ ਅਬਦੁਲ ਸਤਾਰ , ਕੁਲਵਿੰਦਰ ਸਿੰਘ ਭੂਦਨ ਬੀਕੇਯੂ ਏਕਤਾ ਉਗਰਾਹਾਂ,ਕਰਤਾਰ ਸਿੰਘ ਮਹੋਲੀ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ, ਨਰਿੰਦਰਜੀਤ ਸਿੰਘ ਸਲਾਰ ਬੀਕੇਯੂ ਏਕਤਾ ਡਕੌਂਦਾ,ਖੇਤ ਮਜ਼ਦੂਰ ਯੂਨੀਅਨ ਮੇਜਰ ਸਿੰਘ ਹਥਨ , ਰਾਜਵੰਤ ਸਿੰਘ ਪੀ ਐਸ ਈ ਵੀ ਪੈਨਸ਼ਨ ਯੂਨੀਅਨ ਪੰਜਾਬ, ਨਰਿੰਦਰ ਕੁਮਾਰ ਪ੍ਰਧਾਨ ਪੰਜਾਬ ਰਾਜ ਬਿਜਲੀ ਬੋਰਡ ਯੂਨੀਅਨ, ਰੁਪਿੰਦਰ ਕੌਰ ਹਥੋਆ, ਸਰਬਜੀਤ ਸਾਬਰੀ ਦੁੱਲਮਾਂ, ਸੁਖਵਿੰਦਰ ਕੌਰ ਪੰਜਾਬ ਬੋਲਦਾ ਯੂਨੀਅਨ, ਕੇਵਲ ਸਿੰਘ ਭੜੀ ਵੱਖ ਵੱਖ ਬੁਲਾਰਿਆਂ ਵਲੋਂ ਬੋਲਦਿਆਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰੋ। ਭੋਜਨ, ਦਵਾਈਆਂ, ਖੇਤੀ-ਇਨਪੁਟਸ ਅਤੇ ਮਸ਼ੀਨਰੀ ਵਰਗੀਆਂ ਜ਼ਰੂਰੀ ਵਸਤਾਂ 'ਤੇ GST ਹਟਾਓ, ਪੈਟਰੋਲੀਅਮ ਪਦਾਰਥਾਂ ਅਤੇ ਰਸੋਈ ਗੈਸ 'ਤੇ ਕੇਂਦਰੀ ਐਕਸਾਈਜ਼ ਡਿਊਟੀ ਨੂੰ ਕਾਫੀ ਹੱਦ ਤੱਕ ਘਟਾਓ। ਕੋਵਿਡ ਦੇ ਬਹਾਨੇ ਵਾਪਸ ਲਈਆਂ ਗਈਆਂ ਸੀਨੀਅਰ ਸਿਟੀਜ਼ਨਾਂ, ਔਰਤਾਂ, ਵੱਖ-ਵੱਖ ਤੌਰ 'ਤੇ ਅਪਾਹਜ ਵਿਅਕਤੀਆਂ, ਖਿਡਾਰੀਆਂ ਲਈ ਰੇਲਵੇ ਰਿਆਇਤਾਂ ਨੂੰ ਬਹਾਲ ਕਰੋ।ਭੋਜਨ ਸੁਰੱਖਿਆ ਦੀ ਗਾਰੰਟੀ ਅਤੇ ਜਨਤਕ ਵੰਡ ਪ੍ਰਣਾਲੀ ਨੂੰ ਵਿਆਪਕ ਬਣਾਓ।ਸਾਰਿਆਂ ਲਈ ਮੁਫਤ ਸਿੱਖਿਆ, ਸਿਹਤ, ਪਾਣੀ ਅਤੇ ਸੈਨੀਟੇਸ਼ਨ ਦੇ ਅਧਿਕਾਰ ਦੀ ਗਰੰਟੀ ਕਰੋ। ਨਵੀਂ ਰਾਸ਼ਟਰੀ ਸਿੱਖਿਆ ਨੀਤੀ, 2020 ਨੂੰ ਰੱਦ ਕਰੋ।ਸਾਰਿਆਂ ਲਈ ਰਿਹਾਇਸ਼ ਯਕੀਨੀ ਬਣਾਓ।

ਜੰਗਲਾਤ ਅਧਿਕਾਰ ਕਾਨੂੰਨ ਅਤੇ ਭੂਮੀ ਗ੍ਰਹਿਣ ਪੁਨਰਵਾਸ, ਪੁਨਰਵਾਸ ਐਕਟ (LARR ਐਕਟ) 2013 ਨੂੰ ਸਖ਼ਤੀ ਨਾਲ ਲਾਗੂ ਕਰੋ; ਜੰਗਲਾਤ (ਸੰਰਚਨਾ) ਐਕਟ, 2023 ਅਤੇ ਜੈਵ-ਵਿਭਿੰਨਤਾ ਐਕਟ ਅਤੇ ਨਿਯਮਾਂ ਵਿੱਚ ਸੋਧਾਂ ਨੂੰ ਵਾਪਸ ਲਓ ਜੋ ਕੇਂਦਰ ਸਰਕਾਰ ਨੂੰ ਨਿਵਾਸੀਆਂ ਨੂੰ ਸੂਚਿਤ ਕੀਤੇ ਬਿਨਾਂ ਵੀ ਜੰਗਲਾਂ ਨੂੰ ਸਾਫ਼ ਕਰਨ ਦੀ ਇਜਾਜ਼ਤ ਦੇਣ ਦੀ ਇਜਾਜ਼ਤ ਦਿੰਦੇ ਹਨ। ਕਾਸ਼ਤਕਾਰ ਲਈ ਜ਼ਮੀਨ ਯਕੀਨੀ ਬਣਾਓ।ਰਾਸ਼ਟਰੀ ਘੱਟੋ-ਘੱਟ ਉਜਰਤ 26000/-ਰੁਪਏ ਪ੍ਰਤੀ ਮਹੀਨਾ ਗਰੰਟੀ ਕਰੋ।ਨਿਯਮਿਤ ਤੌਰ 'ਤੇ ਭਾਰਤੀ ਮਜ਼ਦੂਰ ਸੰਮੇਲਨ ਬੁਲਾਓ।ਜਨਤਕ ਖੇਤਰ ਦੇ ਉਦਯੋਗਾਂ, ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਬੰਦ ਕਰੋ ਅਤੇ ਰਾਸ਼ਟਰੀ ਮੁਦਰੀਕਰਨ ਪਾਈਪਲਾਈਨ ਨੂੰ ਖਤਮ ਕਰੋ। ਖਣਿਜਾਂ ਅਤੇ ਧਾਤਾਂ ਦੀ ਖੁਦਾਈ ਬਾਰੇ ਮੌਜੂਦਾ ਕਾਨੂੰਨ ਵਿੱਚ ਸੋਧ ਕਰੋ ਅਤੇ ਸਥਾਨਕ ਭਾਈਚਾਰਿਆਂ, ਖਾਸ ਕਰਕੇ ਆਦਿਵਾਸੀਆਂ ਅਤੇ ਕਿਸਾਨਾਂ ਦੇ ਉੱਨਤੀ ਲਈ ਕੋਲੇ ਦੀਆਂ ਖਾਣਾਂ ਸਮੇਤ ਖਾਣਾਂ ਤੋਂ ਲਾਭ ਦਾ 50% ਹਿੱਸਾ ਯਕੀਨੀ ਬਣਾਓ।ਬਿਜਲੀ (ਸੋਧ) ਬਿੱਲ, 2022 ਵਾਪਸ ਲਓ। ਕੋਈ ਪ੍ਰੀ-ਪੇਡ ਸਮਾਰਟ ਮੀਟਰ ਨਹੀਂ।ਕੰਮ ਕਰਨ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾਇਆ ਜਾਵੇ। ਮਨਜ਼ੂਰਸ਼ੁਦਾ ਅਸਾਮੀਆਂ ਭਰੋ ਅਤੇ ਬੇਰੁਜ਼ਗਾਰਾਂ ਲਈ ਰੁਜ਼ਗਾਰ ਪੈਦਾ ਕਰੋ। ਮਗਨਰੇਗਾ ਦਾ ਵਿਸਤਾਰ ਕਰੋ ਅਤੇ ਲਾਗੂ ਕਰੋ (200 ਦਿਨ ਪ੍ਰਤੀ ਸਾਲ ਅਤੇ ਰੁਪਏ 600/- ਰੁਪਏ ਦਿਹਾੜੀ ਉਜਰਤ)। ਸ਼ਹਿਰੀ ਰੁਜ਼ਗਾਰ ਗਾਰੰਟੀ ਐਕਟ ਲਾਗੂ ਕਰੋ।ਕਿਸਾਨਾਂ ਨੂੰ ਬੀਜ, ਖਾਦਾਂ ਅਤੇ ਬਿਜਲੀ 'ਤੇ ਸਬਸਿਡੀ ਵਧਾਓ, ਕਿਸਾਨਾਂ ਦੀ ਹਰ ਫ਼ਸਲੀ ਉਪਜ ਲਈ ਐਮ ਐਸ ਪੀ0 32 +50% ਮਿਥਣ ਦੀ ਅਤੇ ਖਰੀਦ ਦੀ ਕਾਨੂੰਨੀ ਗਾਰੰਟੀ ਦਿਓ।ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਹਰ ਕੀਮਤ 'ਤੇ ਰੋਕਿਆ ਜਾਵੇ।ਕਾਰਪੋਰੇਟ ਪੱਖੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਵਾਪਸ ਲਓ ਅਤੇ ਮੌਸਮੀ ਤਬਦੀਲੀ, ਸੋਕੇ, ਹੜ੍ਹ, ਫਸਲਾਂ ਨਾਲ ਸਬੰਧਤ ਬਿਮਾਰੀਆਂ ਅਤੇ ਨਕਲੀ ਖੇਤੀ ਲਾਗਤਾਂ ਆਦਿ ਕਾਰਨ ਕਿਸਾਨਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਸਾਰੀਆਂ ਫਸਲਾਂ ਲਈ ਇੱਕ ਵਿਆਪਕ ਜਨਤਕ ਖੇਤਰ ਫਸਲ ਬੀਮਾ ਯੋਜਨਾ ਸਥਾਪਤ ਕਰੋ।

# ਕਮਿਸ਼ਨਰੇਟ ਪੁਲਿਸ ਨੇ 500 ਗ੍ਰਾਮ ਚਰਸ ਸਮੇਤ ਇੱਕ ਨੂੰ ਕੀਤਾ ਕਾਬੂ



**ਜਲੰਧਰ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਇੱਕ ਵਿਅਕਤੀ ਨੂੰ 500 ਗ੍ਰਾਮ ਚਰਸ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸ਼ਹਿਰ ਵਿੱਚ ਚਰਸ ਦਾ ਵਪਾਰ ਕਰਨ ਵਾਲਾ ਇੱਕ ਗਿਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲੀਸ ਨੇ ਸ਼ਹਿਰ ਦੇ ਬੀਐਮਸੀ ਚੌਕ ਨੇੜੇ ਜਾਲ ਵਿਛਾਇਆ।

ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਚੈਕਿੰਗ ਦੌਰਾਨ ਪੁਲੀਸ ਪਾਰਟੀ ਨੇ ਬੀਐਮਸੀ ਚੌਕ ਪੈਟਰੋਲ ਪੰਪ ਵਾਲੇ ਪਾਸੇ ਤੋਂ ਇੱਕ ਨੌਜਵਾਨ ਨੂੰ ਆਉਂਦਾ ਦੇਖਿਆ। ਪੁਲੀਸ ਕਮਿਸ਼ਨਰ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਸ਼ੱਕ ਦੇ ਆਧਾਰ 'ਤੇ ਹੱਥ ਵਿੱਚ ਪੋਲੀਥੀਨ ਬੈਗ ਲੈ ਕੇ ਨੌਜਵਾਨ ਨੂੰ ਚੈਕਿੰਗ ਲਈ ਰੁਕਣ ਲਈ ਕਿਹਾ। ਉਧਰ, ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਭੱਜਣ ਲੱਗਾ ਜਿਸ ਤੋਂ ਬਾਅਦ ਪੁਲਿਸ ਪਾਰਟੀ ਨੇ ਪਿੱਛਾ ਕਰਕੇ ਉਸ ਨੂੰ ਕਾਬੂ ਕਰ ਲਿਆ । ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਚੈਕਿੰਗ ਦੌਰਾਨ ਉਸ ਦੇ ਕਬਜ਼ੇ ਵਿੱਚੋਂ 500 ਗ੍ਰਾਮ ਚਰਸ ਬਰਾਮਦ ਕੀਤੀ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਨੌਜਵਾਨ ਦੀ ਪਹਿਚਾਣ ਪੰਕਜ ਹੰਸ ਪੁੱਤਰ ਤਿਲਕ ਰਾਜ ਵਾਸੀ ਸਾਈਂ ਕਾਲੋਨੀ ਨੇੜੇ ਸ਼ਿਵ ਮੰਦਿਰ, ਘਾਹ ਮੰਡੀ ਜਲੰਧਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਉਸ ਵਿਰੁੱਧ 22 ਮਿਤੀ 13-02-2024 ਅਧੀਨ 20-61-85 ਐਨ.ਡੀ.ਪੀ.ਐਸ ਐਕਟ ਤਹਿਤ ਪਰਚਾ ਥਾਣਾ ਡਵੀਜ਼ਨ 6 ਜਲੰਧਰ ਵਿਖੇ ਦਰਜ ਕੀਤਾ ਗਿਆ ਹੈ। ਸ੍ਰੀ ਸਵਪਨ ਸ਼ਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

# ਵਿਧਾਇਕ ਦੇਵ ਮਾਨ ਨੇ ਯੂਥ ਕਲੱਬਾਂ ਨੂੰ ਸਹਾਇਤਾ ਦੇ ਚੈੱਕ ਤਕਸੀਮ ਕੀਤੇ



**ਨਾਭਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਤਰ੍ਹਾਂ ਦੀਆਂ ਸਕੀਮਾਂ ਬਣਾ ਰਹੇ ਹਨ ਇਸ ਦੇ ਨਾਲ ਹੀ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵੀ ਖਿਡਾਰੀਆਂ ਨੂੰ ਉਤਸਾਹਿਤ ਕਰਨ ਲਈ ਕਲੱਬਾਂ ਨੂੰ ਖੇਡਾਂ ਦਾ ਸਮਾਨ ਦੇ ਰਹੇ ਹਨ ਅਤੇ ਸਹਾਇਤਾ ਦੀ ਰਾਸ਼ੀ ਦਿੱਤੀ ਜਾ ਰਹੀ ਹੈ ਇੰਨਾ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇਵ ਮਾਨ ਐਮ ਐਲ ਏ ਨਾਭਾ ਨੇ ਆਪਣੇ ਦਫਤਰ ਵਿਖੇ ਯੂਥ ਕਲੱਬਾਂ ਦੇ ਪ੍ਰਧਾਨਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕਰਨ ਉਪਰੰਤ ਕੀਤਾ। ਉਹਨਾਂ ਦੱਸਿਆ ਕਿ ਅੱਜ ਹਲਕਾ ਨਾਭਾ ਦੇ ਚਾਰ ਯੂਥ ਕਲੱਬਾਂ ਨੂੰ ਸਹਾਇਤਾ ਦੇ ਚੈੱਕ ਦਿੱਤੇ ਗਏ ਜਿੰਨਾਂ ਵਿੱਚ ਪਿੰਡ ਗੁਰਦਿੱਤ ਪੁਰਾ , ਸੁੱਖੇਵਾਲ , ਟੌਹੜਾ ਅਤੇ ਭੀਲੋਵਾਲ ਦੇ ਯੂਥ ਕਲੱਬ ਸ਼ਾਮਿਲ ਹਨ ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਦੇ ਹੋਰ ਕਲੱਬਾਂ ਨੂੰ ਵੀ ਗ੍ਰਾਂਟ ਜਾਰੀ ਕੀਤੀ ਜਾਵੇਗੀ।

ਇਸ ਮੌਕੇ ਉਨ੍ਹਾਂ ਦੇ ਨਾਲ ਸੁਖਜਿੰਦਰ ਸਿੰਘ ਟੌਹੜਾ , ਧਰਮਿੰਦਰ ਸਿੰਘ ਸੁੱਖੇਵਾਲ , ਅਮਨਦੀਪ ਸਿੰਘ ਬਿੱਲਾ , ਭੁਪਿੰਦਰ ਸਿੰਘ ਕੱਲਰ ਮਾਜਰੀ , ਜਸਵੀਰ ਸਿੰਘ ਵਜੀਦਪੁਰ, ਅਵਤਾਰ ਸਿੰਘ ਟੌਹੜਾ, ਸਤਨਾਮ ਸਿੰਘ ਗੁਰਦਿੱਤਪੁਰਾ, ਇੰਦਰਜੀਤ ਸਿੰਘ ਬਿੱਟਾ , ਸੋਨੂੰ ਨਾਭਾ , ਗੁਰਜੰਟ ਸਿੰਘ ਅੱਚਲ ਅਤੇ ਹੋਰ ਆਹੁਦੇਦਾਰਾਂ ਮੌਜੂਦ ਸਨ।

# ਸਵੀਪ ਟੀਮ ਨੇ ਵਿਦਿਆਰਥੀਆਂ ਨੂੰ ਵੋਟਰ ਹੈਲਪ ਲਾਈਨ ਨੰਬਰ 1950 ਤੋਂ ਕਰਵਾਇਆ ਜਾਣੂ




**ਪਟਿਆਲਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਚੋਣ ਅਫ਼ਸਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਿਲ੍ਹਾ ਸਵੀਪ ਟੀਮ ਪਟਿਆਲਾ ਵੱਲੋਂ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਵਿਖੇ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਇਸ ਪ੍ਰੋਗਰਾਮ ਵਿੱਚ ਕਾਲਜ ਦੇ ਵਿਦਿਆਰਥੀਆਂ ਤੋਂ ਵੋਟਰ ਜਾਗਰੂਕਤਾ ਸਬੰਧੀ ਪੋਸਟਰ ਅਤੇ ਸਲੋਗਨ ਲਿਖਵਾਏ ਗਏ। ਸਮਾਗਮ ਸਮੇਂ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਸ੍ਰੀ ਸਵਿੰਦਰ ਰੇਖੀ ਜਿਸ ਵਿੱਚ 18 ਸਾਲ ਪੂਰੇ ਕਰਨ ਵਾਲੇ ਵਿਦਿਆਰਥੀਆਂ ਨੂੰ ਵੋਟ ਦੀ ਅਗਾਊਂ ਰਜਿਸਟ੍ਰੇਸ਼ਨ ਬਾਰੇ ਅਤੇ ਆਨਲਾਈਨ, ਆਫ਼ਲਾਈਨ ਵੋਟਰ ਰਜਿਸਟਰ ਪ੍ਰਕਿਰਿਆ ਬਾਰੇ ਪ੍ਰੇਰਤ ਕੀਤਾ ਗਿਆ ਅਤੇ ਵਿਦਿਆਰਥੀ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ 100 ਫ਼ੀਸਦੀ ਭਾਗੀਦਾਰੀ ਲਈ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਆਗਾਮੀ ਲੋਕ ਸਭਾ ਚੋਣਾ ਲਈ ਪਟਿਆਲਾ ਵਿਖੇ ਵੋਟਰ ਹੈਲਪ ਲਾਈਨ ਨੰਬਰ 1950 ਚਾਲੂ ਕੀਤਾ ਗਿਆ ਹੈ, ਜਿਸ 'ਤੇ ਸਵੇਰੇ 7 ਵਜੇ ਤੋਂ ਰਾਤ 11 ਵਜੇ ਤੱਕ ਸੰਪਰਕ ਕੀਤਾ ਜਾ ਸਕਦਾ ਹੈ ਤੇ ਵੋਟਰ ਆਪਣੀ ਵੋਟ ਬਣਵਾਉਣ, ਵੋਟ ਤਬਦੀਲ ਕਰਵਾਉਣ ਸਮੇਤ ਵੋਟਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈ ਸਕਦੇ ਹਨ।

ਇਸ ਮੌਕੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਵੱਲੋਂ ਵਿਦਿਆਰਥੀਆਂ ਨੂੰ ਚੋਣਾਂ ਸਬੰਧੀ ਵੋਟਰ ਪ੍ਰਣ ਵੀ ਦਵਾਇਆ। ਇਸ ਸਮਾਗਮ ਦੌਰਾਨ ਕਾਲਜ ਦੇ ਨੋਡਲ ਅਫ਼ਸਰ ਪ੍ਰੋ. ਹਰਦੀਪ ਸਿੰਘ ਅਤੇ ਐਨ.ਸੀ.ਸੀ ਨੇਵੀ ਵਿੰਗ ਦੇ ਇੰਚਾਰਜ ਪ੍ਰੋ. ਊਸ਼ਾ ਆਪਣੇ ਕੈਡਿਟਾ ਸਮੇਤ ਮੌਜੂਦ ਰਹੇ।

# ਸਿਵਲ ਹਸਪਤਾਲ ਨਾਭਾ ਦੀਆਂ ਸਮੂਹ ਕੈਟਾਗਿਰੀ ਦੀਆਂ ਜਥੇਬੰਦੀਆਂ ਵੱਲੋਂ ਸਰਕਾਰਾਂ ਖਿਲਾਫ ਕੀਤਾ ਗਿਆ ਰੋਸ ਪ੍ਰਦਰਸ਼ਨ

**ਨਾਭਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਦੀਆਂ ਸਮੁੱਚੀਆਂ ਟਰੇਡ ਯੂਨੀਅਨਾ, ਫੈਡਰੇਸ਼ਨਾਂ ਅਤੇ ਹੋਰ ਵੱਖ ਵੱਖ ਜਥੇਬੰਦੀਆਂ ਦੇ ਮੁਲਾਜਮ, ਮਜਦੂਰ, ਕਿਸਾਨ ਅਤੇ ਵਪਾਰੀ ਵਰਗ ਦੇ ਵਿਰੁੱਧ ਕੇਂਦਰ ਸਰਕਾਰ ਵੱਲੋਂ ਮਾਰੂ ਨੀਤੀਆਂ ਲਾਗੂ ਕਰਨ ਦੇ ਵਿਰੋਧ ਵਿੱਚ ਕੀਤੇ ਜਾ ਰਹੇ ਫੈਸਲਿਆਂ ਦਾ ਵਿਰੋਧ ਕਰਨ ਲਈ ਹੜਤਾਲ ਦਾ ਸੱਦਾ ਦਿੱਤਾ ਗਿਆ। ਜਿਸ ਵਿੱਚ ਸਿਵਲ ਹਸਪਤਾਲ ਦੀਆਂ ਸਮੂਹ ਕੈਟਾਗਿਰੀ ਦੀਆਂ ਜਥੇਬੰਦੀਆਂ ਵੱਲੋਂ ਰੋਸ ਪ੍ਰਦਰਸ਼ਨ ਕਰਕੇ ਹਮਾਇਤ ਕੀਤੀ ਗਈ। ਜਿਸ ਵਿੱਚ ਦੀਪ ਚੰਦ ਹੰਸ, ਸੁਖਵਿੰਦਰ ਕੌਰ, ਸੁਸ਼ਮਾ ਕੁਮਾਰੀ, ਸਿਮਰਨ ਸਿੰਗਲਾ, ਪਰਮਜੀਤ ਕੌਰ, ਰਜਿੰਦਰ ਚੋਪੜਾ, ਮੈਡਮ ਰਾਣੀ, ਅਮਰਜੀਤ ਸਿੰਘ, ਹਰਜੀਤ ਕੌਰ, ਅੱਛਰ ਕੁਮਾਰ, ਮਹੇਸ਼ ਕੁਮਾਰ, ਨਾਜਰ ਖਾਨ, ਕੁਲਦੀਪ ਸਿੰਘ, ਰਜਨੀ ਮਿੱਤਲ, ਗਮਦੂਰ ਸਿੰਘ, ਦਵਿੰਦਰ ਸਿੰਘ, ਵਿਕਾਸ ਮਿੱਤਲ ਅਤੇ ਨਰਿੰਦਰ ਮੋਹਣ ਸ਼ਰਮਾ ਨੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਦਾ ਜਮ ਕੇ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਦੇਸ਼ ਦੇ ਹਰ ਨਾਗਰਿਕ ਤੇ ਟੈਕਸਾਂ ਦਾ ਨਾ ਸਹਿਣ ਯੋਗ ਭਾਰ ਪਾ ਕੇ ਜਿਊਣਾ ਦੁੱਭਰ ਕੀਤਾ ਹੋਇਆ ਹੈ, ਉੱਥੇ ਹੀ ਸਰਕਾਰ ਵੱਲੋਂ ਹਰ ਵਰਗ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਆਗੂਆਂ ਨੇ ਮੁਲਾਜਮਾਂ ਤੇ ਪਰੋਬੇਸ਼ਨ ਦੀ ਸ਼ਰਤ ਖ਼ਤਮ ਕਰਨ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਕੱਚੇ ਮੁਲਾਜਮ ਪੱਕੇ ਕਰਨ ਅਤੇ ਖਾਲੀ ਅਸਾਮੀਆਂ ਭਰਨ, ਡੀ ਏ ਦੀਆਂ ਕਿਸ਼ਤਾਂ ਜਾਰੀ ਕਰਨ ਅਤੇ ਕੱਟੇ ਭੱਤੇ ਬਹਾਲ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਦਾ ਮੰਤਰੀ ਇੱਕ ਡਾਕਟਰ ਹੋਣ ਦੇ ਬਾਵਜੂਦ ਸਿਹਤ ਸਹੂਲਤਾਂ ਵਿੱਚ ਜੋ ਸੁਧਾਰ ਹੋਣਾ ਚਾਹੀਦਾ ਸੀ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਨਸ਼ੇ ਖਤਮ ਨਹੀਂ ਹੋ ਰਹੇ, ਸੜਕਾਂ ਦਾ ਬੁਰਾ ਹਾਲ ਹੈ, ਲੁੱਟ ਘਸੁੱਟ ਅਤੇ ਕੁਰੱਪਸ਼ਨ ਵਿੱਚ ਹੋਰ ਵਾਧਾ ਹੋਇਆ ਅਤੇ ਮੁਫ਼ਤ ਦੀਆਂ ਸਹੂਲਤਾਂ ਨਾਲ ਲੋਕਾਂ ਨੂੰ ਮੰਗਤੇ ਬਣਾ ਕੇ ਰੋਜਗਾਰ ਦੇ ਵਾਧੇ ਤੋਂ ਧਿਆਨ ਭਟਕਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਰੋੜਾਂ ਰੁਪਏ ਖਰਚ ਕਰਕੇ ਏਡਵੋਟਾਈਜਮੈਂਟ ਕਰਕੇ ਵਾਹ ਵਾਹ ਖੱਟਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਜਦੋਂ ਕਿ ਅਸਲੀਅਤ ਕੁੱਝ ਹੋਰ ਹੀ ਹੈ। ਉਨ੍ਹਾਂ ਕਿਹਾ ਕਿ ਪਰੰਤੂ ਮਰੀਜਾਂ ਨੂੰ ਸਾਰੀਆਂ ਦਵਾਈਆਂ ਹਸਪਤਾਲ ਤੋਂ ਦੇਣ ਦੇ ਫੈਸਲੇ ਦਾ ਸੁਆਗਤ ਕੀਤਾ। ਅਖੀਰ ਕਿਸਾਨ ਵੱਲੋਂ ਕੀਤੇ ਜਾ ਰਹੇ ਸ਼ਾਂਤਮਈ ਸੰਘਰਸ਼ ਦੀ ਹਮਾਇਤ ਕਰਦਿਆਂ ਉਨ੍ਹਾਂ ਦੀਆਂ ਜਾਇਜ ਮੰਗਾਂ ਮੰਨਣ ਦੀ ਸਰਕਾਰਾਂ ਨੂੰ ਅਪੀਲ ਕੀਤੀ ਗਈ।

# ਜ਼ਿਲ੍ਹਾ ਕਾਂਗਰਸ ਕਮੇਟੀ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਬੀ.ਜੇ.ਪੀ. ਆਗੂਆਂ ਦੇ ਘਰ ਅੱਗੇ ਲਗਾਇਆ ਧਰਨਾ




**ਲੁਧਿਆਣਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਜਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਸ੍ਰੀ ਲਖਵੀਰ ਸਿੰਘ ਲੱਖਾ ਜੀ ਦੀ ਪ੍ਰਧਾਨਗੀ ਹੇਠ ਚੱਲ ਰਹੇ ਕਿਸਾਨੀ ਸੰਘਰਸ਼ ਦੇ ਹੱਕ ਵਿੱਚ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਦੇ ਮੀਤ ਪ੍ਰਧਾਨ ਸ੍ਰੀ ਬਿਕਰਮਜੀਤ ਸਿੰਘ ਚੀਮਾਂ ਅਤੇ ਜਿਲਾ ਪ੍ਰਧਾਨ ਸ੍ਰੀ ਭੁਪਿੰਦਰ ਸਿੰਘ ਚੀਮਾਂ ਦੇ ਘਰ ਦੇ ਬਾਹਰ ਧਰਨਾ ਦਿੱਤਾ ਗਿਆ ਜਦੋ ਪਹਿਲਾ ਕਿਸਾਨੀ ਅੰਦੋਲਨ ਸ਼ੁਰੂ ਹੋਇਆ ਸੀ ਸਾਲ 2020 ਵਿੱਚ ਜੋ ਕਿ ਲਗਾਤਾਰ । ਸਾਲ ਚੱਲਿਆ ਸੀ ਜਿਸ ਵਿੱਚ ਤਕਰੀਬਨ 700 ਕਿਸਾਨਾ ਨੇ ਆਪਣੀਆ ਜਾਨਾਂ ਗੁਆਈਆ ਸਨ ਭਾਰਤ ਸਰਕਾਰ ਵੱਲੋ ਇੱਕ ਵਾਅਦਾ ਕੀਤਾ ਗਿਆ ਸੀ ਕਿ ਤਿੰਨ ਕਾਲੇ ਕਾਨੂੰਨ ਵਾਪਿਸ ਲਏ ਜਾਣਗੇ ਜਿਸ ਵਿੱਚ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਲਾਗੂ ਕੀਤੀ ਜਾਵੇਗੀ। ਕਿਸਾਨਾ ਦੇ ਕਰਜ਼ੇ ਮੁਆਫ ਕੀਤੇ ਜਾਣਗੇ,ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ 32 ਫਾਰਮੂਲੇ ਨਾਲ 50% ਫਸਲਾ ਦੇ ਰੇਟ ਮਿੱਥੇ ਜਾਣਗੇ 3 ਸਾਲ ਬੀਤ ਜਾਣ ਦੇ ਬਾਵਜੂਦ ਬੇ.ਜੇ.ਪੀ.ਦੀ ਸਰਕਾਰ ਨੇ ਆਪਣਾ ਕੋਈ ਵੀ ਵਾਅਦਾ ਪੂਰਾ ਨਹੀ ਕੀਤਾ ਅਤੇ ਦੁਬਾਰਾ ਜਦੋ ਹੁਣ ਕਿਸਾਨਾ ਨੇ ਫਿਰ ਦਿੱਲੀ ਵਿੱਚ ਆਪਣੇ ਹੱਕ ਲੈਣ ਲਈ ਕੂਚ ਕੀਤਾ ਤਾ ਉਹਨਾਂ ਨੂੰ ਆਪਣੀ ਤਾਕਤ ਦਾ ਇਸਤੇਮਾਲ ਕਰਕੇ ਰੋਕਿਆ ਜਾ ਰਿਹਾ ਹੈ ਉਹਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਰਬੜ ਦੀਆ ਗੋਲੀਆ ਦੀ ਅੰਨੇਵਾਹ ਫਾਇਰਿੰਗ ਕੀਤੀ ਜਾ ਰਹੀ ਹੈ ਜਿਸ ਨਾਲ ।

ਕਿਸਾਨ ਦੀ ਮੌਤ ਵੀ ਹੋ ਚੁੱਕੀ ਹੈ ਸਰਕਾਰ ਦੇ ਇਸ ਰਵੀਏ ਦੇ ਖਿਲਾਫ ਕਾਂਗਰਸ ਪਾਰਟੀ ਨੇ ਆਪਣਾ ਸਮਰਥਨ ਕਿਸਾਨਾ ਨੂੰ ਦਿੱਤਾ ਹੈ ਅਤੇ ਕਿਸਾਨਾ ਨਾਲ ਵਾਅਦਾ ਕੀਤਾ ਕਿ ਜੇਕਰ ਕਾਂਗਰਸ ਪਾਰਟੀ ਦੀ ਸੈਂਟਰ ਦੇ ਵਿੱਚ ਸਰਕਾਰ ਬਣਦੀ ਹੈ ਤਾਂ ਐਮ.ਐਸ.ਪੀ.ਤੇ ਪੂਰੀ ਗਾਰੰਟੀ ਦਿੱਤੀ ਜਾਵੇਗੀ ਅਤੇ ਕਾਂਗਰਸ ਪਾਰਟੀ ਜਦੋ ਤੱਕ ਇਹ ਕਾਨੂੰਨ ਭਾਰਤੀ ਜਨਤਾ ਪਾਰਟੀ ਲਾਗੂ ਨਹੀ ਕਰਦੀ ਕਿਸਾਨਾ ਦੇ ਹੱਕ ਵਿੱਚ ਡਟ ਕੇ ਨਾਲ ਪਹਿਹਾ ਦੇਵੇਗੀ ਅੱਜ ਇਸ ਧਰਨੇ ਵਿੱਚ ਵਿਸ਼ੇਸ਼ ਤੌਰ ਤੇ ਸ੍ਰੀ ਕਸਤੂਰੀ ਲਾਲ ਮਿੰਟੂ ਸੀਨੀਅਰ ਮੀਤ ਪ੍ਰਧਾਨ ਜਿਲਾ ਕਾਂਗਰਸ ਕਮੇਟੀ,ਗੁਰਮੇਲ ਸਿੰਘ ਗਿੱਲ ਬਲਾਕ ਪ੍ਰਧਾਨ ਮਲੌਦ,ਗੁਰਵਿੰਦਰ ਸਿੰਘ ਟੀਨੂੰ ਬਲਾਕ ਪ੍ਰਧਾਨ ਦੋਰਾਹਾ,ਪਰਮਿੰਦਰ ਤਿਵਾੜੀ ਬਲਾਕ ਪ੍ਰਧਾਨ ਮਾਛੀਵਾੜਾ,ਅਜ਼ਮੇਰ ਸਿੰਘ ਪੂਰਬਾ ਬਲਾਕ ਪ੍ਰਧਾਨ ਸਮਰਾਲਾ, ਐਡਵੋਕੇਟ ਜਸਪ੍ਰੀਤ ਸਿੰਘ ਕਲਾਲ ਮਾਜਰਾ, ਬਲਵਿੰਦਰ ਸਿੰਘ ਬੰਬ,ਕਰਮ ਸਿੰਘ ਪੱਲਾ, ਅਵਿੰਦਰਦੀਪ ਸਿੰਘ ਜੱਸਾ ਰੋੜੀਆ, ਕੁਲਦੀਪ ਸਿੰਘ ਸਰਪੰਚ ਰਾਮਪੁਰ, ਸਵਰਨਜੀਤ ਸਿੰਘ ਸਰਪੰਚ ਘੁਡਾਣੀ ਖੁਰਦ,ਸਮਸ਼ੇਰ ਸਿੰਘ ਸਰਪੰਚ ਜਲਾ,ਮਲਕੀਤ ਸਿੰਘ ਗੋਗਾ ਪ੍ਰਧਾਨ ਨਗਰ ਕੌਂਸਲ ਪਾਇਲ,ਚੇਅਰਮੈਨ ਬਲਾਕ ਸੰਮਤੀ ਸਤਨਾਮ ਸਿੰਘ ਸੋਨੀ ਰੋਹਣੋ, ਮਨਦੀਪ ਸ਼ਰਮਾਂ,ਰਣਜੀਤ ਸਿੰਘ ਪੀ.ਏ.ਯੂਥ ਪ੍ਰਧਾਨ ਹੁਪਿੰਦਰ ਸਿੰਘ ਬਿੰਦੂ, ਦਵਿੰਦਰਪਾਲ ਸਿੰਘ ਹੈਪੀ ਕਨੇਚੀਆ, ਹਾਜੇਸ਼ ਉੱਪਲ, ਹਾਮ ਸਰੂਪ ਸੈਕਟਰੀ, ਸੋਨੂ ਕਪੂਰ, ਸਧਾਂਸੂ ਪਾਠਕ, ਧਰਨੇ ਸ਼ਾਮਿਲ ਹੋਏ

# ਟਰਾਈਡੈਂਟ ਕੰਪਲੈਕਸ ਧੌਲਾ ਵਿਖੇ ਇਕ ਦਿਨਾ ਸੇਫਟੀ ਟ੍ਰੇਨਿੰਗ ਪ੍ਰੋਗਰਾਮ ਸਮਾਪਤ ਹੋਇਆ



**ਬਰਨਾਲਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਕੰਪਲੈਕਸ ਮਾਨਸਾ ਰੋਡ, ਧੌਲਾ, ਬਰਨਾਲਾ ਵਿਖੇ ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਆਈ.ਏ.ਐਸ ਕਿਰਤ ਕਮਿਸ਼ਨਰ ਕਮ-ਡਾਇਲੈਕਟਰ ਆਫ ਫੈਕਟਰੀ, ਪੰਜਾਬ ਮੋਹਾਲੀ ਜੀ ਨੇ 188 ਸਿਖਿਆਰਥੀਆਂ ਦਾ ਇੱਕ ਦਿਨਾਂ ਸੇਫਟੀ ਟ੍ਰੇਨਿੰਗ ਪ੍ਰੋਗਰਾਮ ਦਾ ਉਦਘਾਟਨ ਕੀਤਾ ਜਿਸ ਵਿੱਚ 128 ਸਿਖਿਆਰਥੀ ਮੈਸ. ਟਰਾਈਡੈਂਟ ਗਰੁੱਪ ਅਤੇ 60 ਸਿਖਿਆਰਥੀ ਮੈਸੇ. ਆਈ.ਓ.ਐਲ ਧੌਲਾ ਦੇ ਸਨ। ਜਿਸ ਵਿੱਚ ਸ੍ਰੀ ਰੁਪਿੰਦਰ ਗੁਪਤਾ ਆਕੂਪਾਇਰ ਮੈਸ. ਲੋਟਸ ਕਸਟਾਈਲ ਪ੍ਰਾਈਵੇਟ ਲਿਮਿਟਡ ਧੌਲਾ ਬਰਨਾਲਾ ਵੱਲੋਂ ਮੁੱਖ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ।ਸ੍ਰੀ ਵਿਸ਼ਾਲ ਸਿੰਗਲਾ ਡਿਪਟੀ ਡਾਇਰੈਕਟਰ ਆਫ ਫੈਕਟਰੀ ਬਰਨਾਲਾ ਵੱਲੋਂ ਕਾਮਿਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਗਿਆ ਕਿ ਕੰਮ ਕਰਦੇ ਸਮੇਂ ਸੇਫਟੀ ਬਹੁਤ ਜਰੂਰੀ ਹੈ, ਖਾਸ ਕਰਕੇ ਕਲੋਰੀਨ ਦੇ ਕੰਮ ਵਿੱਚ ਸੇਫਟੀ ਬਹੁਤ ਜਰੂਰੀ ਹੈ। ਸ੍ਰੀ ਸਾਹਿਲ ਗੋਇਲ ਡਿਪਟੀ ਡਾਇਰੈਕਟਰ ਆਫ ਫੈਕਟਰੀ ਸੰਗਰੂਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਕਾਮੇਆ ਲਈ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਉਹਨਾਂ ਨੇ ਕਿਹਾ ਕਿ ਟ੍ਰੇਨਿੰਗ ਪ੍ਰੋਗਰਾਮ ਕਾਮੇਆ ਅਤੇ ਅਦਾਰਿਆਂ ਲਈ ਬਹੁਤ ਲਾਭਕਾਰੀ ਹਨ। ਸ੍ਰੀ ਤੇਜ ਪ੍ਰਤਾਪ ਸਿੰਘ ਫੂਲਕਾ ਆਈ.ਏ.ਐਸ ਕਿਰਤ ਕਮਿਸ਼ਨਰ ਕਮ-ਡਾਇਲੈਕਟਰ ਆਫ ਫੈਕਟਰੀਜ, ਪੰਜਾਬ ਨੇ ਕਿਹਾ ਕਿ ਸੇਫਟੀ ਟ੍ਰੇਨਿੰਗ ਲੈ ਕੇ ਕਾਮੇ ਆਪਣਾ ਕੰਮ ਬਹੁਤ ਵਧੀਆ ਢੰਗ ਨਾਲ ਕਰ ਸਕਦੇ ਹਨ।ਉਹਨਾਂ ਵੱਲੋਂ ਡਿਪਟੀ ਡਾਇਰੈਕਟਰ ਆਫ ਫੈਕਟਰੀ ਬਰਨਾਲਾ ਅਤੇ ਟਰਾਈਡੈਂਟ ਗਰੁੱਪ ਦੇ ਮੈਂਬਰਾਂ ਵੱਲੋਂ ਸੇਫਟੀ ਸਬੰਧੀ ਕੀਤੇ ਕੰਮ ਦੀ ਸਲਾਂਘਾ ਕੀਤੀ ਗਈ, ਅੰਤ ਵਿੱਚ ਰੁਪਿੰਦਰ ਗੁਪਤਾ ਜੀ ਵੱਲੋਂ ਕਿਰਤ ਕਮਿਸ਼ਨ ਡਾਇਰੈਕਟਰ ਆਫ ਫੈਕਟਰੀ ਪੰਜਾਬ ਜੀ, ਡਿਪਟੀ ਡਾਇਰੈਕਟਰ ਫੈਕਟਰੀਜ ਬਰਨਾਲਾ ਅਤੇ ਸੰਗਰੂਰ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਸ਼੍ਰੀ ਅੰਸੁਲ ਗੋਇਲ, ਗੁਰੂ ਗੋਬਿੰਦ ਸਿੰਘ ਰਿਫਾਇਨਰੀ, ਬਠਿੰਡਾ, ਡਾਕਟਰ ਪ੍ਰਵੀਨ ਮੁਦਗਲ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਬਠਿੰਡਾ, ਨਰਿੰਦਰ ਕੁਮਾਰ ਬੱਸੀ, ਸਿਵਿਲ ਡਿਫੈਂਸ ਬਠਿੰਡਾ ਅਤੇ ਸ੍ਰੀ ਸਾਹਿਲ ਗੋਇਲ ਡਿਪਟੀ ਡਾਇਰੈਕਟਰ ਫੈਕਟਰੀ ਲੁਧਿਆਣਾ ਵੱਲੋਂ ਸਿੱਖਿਆਰਥਾਂ ਨੂੰ ਸੇਫਟੀ ਦੇ ਵੱਖ-ਵੱਖ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦੇ ਅੰਤ ਵਿੱਚ ਸ੍ਰੀ ਵਿਸ਼ਾਲ ਸਿੰਗਲਾ ਦਾ ਡਿਪਟੀ ਡਾਇਰੈਕਟ ਆਫ ਫੈਕਟਰੀਜ ਬਰਨਾਲਾ ਅਤੇ ਸ੍ਰੀ ਸਾਹਿਲ ਗੋਇਲ ਡਿਪਟੀ ਡਾਇਰੈਕਟਰ ਆਫ ਫੈਕਟਰੀਜ ਸੰਗਰੂਰ ਵੱਲੋਂ ਸਿੱਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਇਸ ਮੌਕੇ ਸ੍ਰੀ ਜਗਪ੍ਰੀਤ ਸਿੰਘ ਸਹਾਇਕ ਕਿਰਤ ਕਮਿਸ਼ਨਰ, ਮੈਡਮ ਪਵਨੀਤ, ਲੇਬਰ ਇੰਸਪੈਕਟਰ ਬਰਨਾਲਾ ਸ੍ਰੀ ਨਰਿੰਦਰ ਸਿੰਘ ਲੇਬਰ ਇੰਸਪੈਕਟਰ ਤਪਾ ਅਤੇ ਸ੍ਰੀ ਸੰਜੀਵ ਕੁਮਾਰ ਐਗਜੀਕਿਊਟਿਵ ਅਫਸਰ ਪੰਜਾਬ ਇੰਡਸਟਰੀਅਲ ਕੌਂਸਲ ਵਿਸ਼ੇਸ਼ ਤੌਰ ਤੇ ਹਾਜ਼ਰ ਰਹੇ।

# ਦੇਵ ਮਾਨ ਨੇ ਫਾਇਰ ਬ੍ਰਿਗੇਡ ਦਫਤਰ ਵਿਖੇ ਕੀਤੀ ਅਚਨਚੇਤ ਚੈਕਿੰਗ




**ਨਾਭਾ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋ ਫਾਇਰ ਬ੍ਰਿਗੇਡ ਦਫਤਰ ਪਹੁੰਚ ਕੇ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਕਰਨ ਉਪਰੰਤ ਵਿਧਾਇਕ ਦੇਵ ਮਾਨ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਨਾਭਾ ਵਿਖੇ ਫਾਇਰ ਬ੍ਰਿਗੇਡ ਦੀਆਂ 2 ਅੱਗ ਬੁਝਾਓ ਗੱਡੀਆਂ ਤੈਨਾਤ ਹਨ। ਜਿਹਨਾਂ ਤੇ 17 ਮੁਲਾਜ਼ਮ ਰੱਖੇ ਹੋਏ ਹਨ। ਉਹਨਾਂ ਕਿਹਾ ਕਿ ਚੈਕਿੰਗ ਕਰਨ ਤੇ 16 ਮੁਲਾਜ਼ਮ ਗੈਰ ਹਾਜ਼ਰ ਪਾਏ ਗਏ ਹਨ। ਉਨ੍ਹਾਂ ਕਿਹਾ ਕਿ 16 ਮੁਲਾਜ਼ਮਾਂ ਤੇ ਵੱਡੀ ਕਾਰਵਾਈ ਕਰਦੇ ਹੋਏ ਸਸਪੈਂਡ ਕਰਨ ਦੇ ਹੁਕਮ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਮੌਕੇ ਤੇ ਸਿਰਫ ਇੱਕ ਫਾਇਰ ਅਫਸਰ ਹੀ ਤੈਨਾਤ ਵੇਖਿਆ ਗਿਆ, ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕਿ ਇਹਨਾਂ ਮੁਲਾਜ਼ਮਾਂ ਤੇ ਸਖਤ ਕਾਰਵਾਈ ਕੀਤੀ ਜਾਵੇਗੀ, ਕਿਉਂਕਿ ਇਹ ਮੁਲਾਜ਼ਮ ਮੋਹਾਲੀ ਦੇ ਵਿੱਚ ਧਰਨੇ ਵਿੱਚ ਸ਼ਾਮਿਲ ਹੋਏ ਹਨ। ਮੌਕੇ ਤੇ ਫਾਇਰ ਅਫਸਰ ਨੇ ਦੱਸਿਆ ਕਿ ਇਹ ਮੁਲਾਜ਼ਮ ਆਪਣੀਆਂ ਮਨ ਮਾਨੀਆਂ ਕਰਦੇ ਹਨ ਅਤੇ ਸਮੇਂ ਸਿਰ ਕੰਮ ਨਹੀਂ ਕਰਦੇ ਹਨ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ, ਤੇਜਿੰਦਰ ਸਿੰਘ ਖਹਿਰਾ,ਪਵਿੱਤਰ ਸਿੰਘ ਫਾਇਰ ਅਫ਼ਸਰ, ਕੌਂਸਲਰ ਹਰਪ੍ਰੀਤ ਸਿੰਘ, ਕੌਂਸਲਰ ਮਨਿੰਦਰਪਾਲ ਸਿੰਘ ਸੰਨੀ , ਦੀਪਕ ਨਾਗਪਾਲ, ਪ੍ਰਿੰਸ ਸ਼ਰਮਾ, ਮਾਨਟੂ ਪਹੁਜਾ, ਪੰਕਜ ਪੱਪੂ, ਹਰਮੇਸ ਮੇਸ਼ੀ, ਜਸਵੀਰ ਸਿੰਘ ਵਜੀਦਪੁਰ, ਭੁਪਿੰਦਰ ਸਿੰਘ ਕੱਲਰ ਮਾਜਰੀ ਆਦਿ ਹਾਜ਼ਰ ਸਨ।

# ਪੰਜਾਬ ਦੇ ਏਡਿਡ ਸਕੂਲਾਂ ਦੇ ਅਧਿਆਪਕਾਂ ਤੇ ਪੈਨਸ਼ਨਰਾਂ ਨੂੰ ਜਲਦ ਮਿਲੇਗਾ 6ਵੇਂ ਤਨਖਾਹ ਕਮਿਸ਼ਨ ਦਾ ਲਾਭ



ਪੰਜਾਬ ਸਟੇਟ ਏਡੀਡ ਸਕੂਲ ਅਧਿਆਪਕ ਯੂਨੀਅਨ ਦੇ ਆਗੂ ਸਿੱਖਿਆ ਸਕੱਤਰ ਪੰਜਾਬ ਨਾਲ ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ।

**ਚੰਡੀਗੜ੍ਹ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਰਕਾਰੀ ਸਹਾਇਤਾ ਪ੍ਰਾਪਤ (ਏਡਿਡ) ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਅਤੇ ਸੇਵਾ ਮੁਕਤ ਪੈਨਸ਼ਨਰਾਂ ਨੂੰ ਛੇਵੇਂ ਤਨਖਾਹ ਕਮਿਸ਼ਨ ਦਾ ਲਾਭ ਜਲਦ ਮਿਲੇਗਾ।ਇਹ ਭਰੋਸਾ ਸਿੱਖਿਆ ਵਿਭਾਗ ਪੰਜਾਬ ਦੇ ਸਿੱਖਿਆ ਸਕੱਤਰ ਸ਼੍ਰੀ ਕਮਲ ਕਿਸ਼ੋਰ ਯਾਦਵ ਨੇ ਅੱਜ ਪੰਜਾਬ ਸਟੇਟ ਏਡਿਡ ਸਕੂਲ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਪੰਜਾਬ ਦੀ ਅਹਿਮ ਮੀਟਿੰਗ ਵਿੱਚ ਦਿੱਤਾ ਜੀ ਕਿ ਮਿੰਨੀ ਸਕੱਤਰੇਤ, ਚੰਡੀਗੜ੍ਹ ਵਿਖੇ ਹੋਈ। ਮੀਟਿੰਗ ਵਿਚ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਸਕੱਤਰ ਸ਼੍ਰੀ ਕਮਲ ਕਿਸ਼ੋਰ ਯਾਦਵ, ਆਈ.ਏ.ਐਸ , ਮੈਡਮ ਗੌਰੀ ਪਰਾਸ਼ਰ ਜੋਸ਼ੀ ਆਈ.ਏ.ਐਸ ਵਿਸ਼ੇਸ ਸਿੱਖਿਆ ਸਕੱਤਰ,ਸਹਾਇਕ ਡਾਇਰੈਕਟਰ ਮਹੇਸ਼ ਕੁਮਾਰ, ਸੁਪਰਡੈਂਟ ਸਿੱਖਿਆ-3 ਅਤੇ ਹੋਰ ਅਧਿਕਾਰੀ ਮੀਟਿੰਗ ਵਿੱਚ ਹਾਜਰ ਸਨ। ਜਦੋਂ ਕਿ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਐਨ.ਐਨ ਸੈਣੀ ਅਤੇ ਸੂਬਾ ਸਰਪਰਸਤ ਗੁਰਚਰਨ ਸਿੰਘ ਚਾਹਲ ਦੀ ਅਗਵਾਈ ਵਾਲੇ ਪ੍ਰਤੀਨਿਧੀ ਮੰਡਲ ਨੇ ਹਿੱਸਾ ਲਿਆ।ਜਾਣਕਾਰੀ ਦਿੰਦੇ ਹੋਏ ਯੂਨੀਅਨ ਦੇ ਸੂਬਾ ਪ੍ਰੈਸ ਸਕੱਤਰ ਹਰਦੀਪ ਸਿੰਘ ਰੂਪਨਗਰ ਨੇ ਦੱਸਿਆ ਕਿ ਮੀਟਿੰਗ ਵਿਚ ਸਿੱਖਿਆ ਸਕੱਤਰ ਨੇ ਛੇਵਾਂ ਤਨਖਾਹ ਕਮਿਸ਼ਨ ਜਲਦ ਲਾਗੂ ਕਰਨ ਦਾ ਭਰੋਸਾ ਦਿੱਤਾ। ਕਿਉਂਕਿ ਵਿੱਤ ਮੰਤਰੀ ਵਲੋਂ ਪਹਿਲਾਂ ਹੀ ਸਿਧਾਂਤਕ ਤੌਰ ਤੇ ਇਸ ਸਬੰਧੀ ਸਹਿਮਤੀ ਦੇ ਦਿੱਤੀ ਗਈ ਹੈ। ਏਡਿਡ ਸਕੂਲਾਂ ਵਿਚ ਕੰਮ ਕਰਦੇ ਸੀ ਐਂਡ ਵੀ ਕੇਡਰ ਦੇ ਅਧਿਆਪਕਾਂ ਦੀ ਦਸੰਬਰ 2023 ਤੱਕ ਰੁਕੀ ਤਨਖਾਹ ਨੂੰ 4400 ਰੁਪਏ ਗਰੇਡ ਪੇਅ ਨਾਲ ਜਾਰੀ ਕਰਨ ਦੇ ਆਦੇਸ਼ ਵੀ ਕੀਤੇ ਗਏ। ਏਡਿਡ ਸਕੂਲਾਂ ਦੇ ਅਧਿਆਪਕਾਂ ਦੀ ਤਬਾਦਲਾ ਨੀਤੀ ਬਾਰੇ ਵੀ ਵਿਚਾਰ ਵਟਾਂਦਰਾ ਹੋਇਆ ਅਤੇ ਇਸ ਸਬੰਧੀ ਸਿੱਖਿਆ ਮੰਤਰੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ, ਜਦਕਿ ਏਡਿਡ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਵੀ ਮੁਫਤ ਵਰਦੀਆਂ ਦੇਣ , ਸੀ.ਪੀ.ਐਫ ਦੇ ਪੋਸਟ ਆਡਿਟ ਇਤਰਾਜ਼ਾ ਅਤੇ ਹੋਰ ਮਸਲਿਆਂ ਬਾਰੇ ਵੀ ਲੋੜੀਂਦੇ ਆਦੇਸ਼ ਜਾਰੀ ਕੀਤੇ ਗਏ।ਮੀਟਿੰਗ ਵਿਚ ਹੋਰਨਾ ਤੋਂ ਇਲਾਵਾ ਦਲਜੀਤ ਸਿੰਘ ਖਰੜ, ਸ਼ਰਨਜੀਤ ਸਿੰਘ ਕੁਰਾਲੀ, ਯਾਦਵਿੰਦਰ ਕੁਮਾਰ ਕੁਰਾਲੀ, ਅਸ਼ੋਕ ਵਢੇਰਾ ਅਤੇ ਡਾ.ਗੁਰਮੀਤ ਸਿੰਘ ਨੇ ਵੀ ਭਾਗ ਲਿਆ।

# ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆਂ ਨਹੀਂ ਜਾਵੇਗਾ



**ਅੰਮ੍ਰਿਤਸਰ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਹੈਰ ਕੰਬੋ ਦੇ ਮੁਖੀ ਅਮਰਜੀਤ ਸਿੰਘ ਨੂੰ ਚਾਰਜ ਸਬਾਲਣ ਤੇ ਪ੍ਰਧਾਨ ਰਾਜਬੀਰ ਕੌਰ ਤੇ ਹੋਰ ਮੋਹਤਬਾਰਾ ਵੱਲੋ ਸਨਮਾਨਤ ਕੀਤਾ ਗਿਆ ਜਿਸ ਦੌਰਾਨ ਥਾਣਾ ਮੁਖੀ ਵਲੋਂ ਆਏ ਹੋਏ ਮੋਹਤਬਾਰਾ ਦਾ ਧਨਵਾਦ ਕੀਤਾ ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕੀ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਬਖਸਿਆਂ ਨਹੀਂ ਜਾਵੇਗਾ ਤੇ ਜਿਸ ਲਈ ਪਬਲਿਕ ਦਾ ਸਾਥ ਬਹੁਤ ਜ਼ਰੂਰੀ ਹੈ ਓਹਨਾ ਕਿਹਾ ਕੀ ਪਬਲਿਕ ਦੇ ਸਾਥ ਤੋਂ ਬਿਨਾਂ ਇਹ ਸੰਬੰਵ ਨਹੀਂ ਹੈ ਤਾ ਹੀ ਨਸ਼ੇ ਤੇ ਠਲ ਪਾਈ ਜਾ ਸਕਦੀ ਹੈ ਇਸ ਮੌਕੇ ਏ ਐਸ ਆਈ ਰਣਜੀਤ ਸਿੰਘ, ਮਾਸਟਰ ਰਣਜੀਤ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਅਨੰਦਪੁਰ ਸਾਹਿਬ ਰਿਹਾ ਮੁਕੰਮਲ ਬੰਦ



**ਸ੍ਰੀ ਅਨੰਦਪੁਰ ਸਾਹਿਬ, 19 ਫਰਵਰੀ -ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਟਰੇਡ ਯੂਨੀਅਨ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਭਾਰਤ ਬੰਦ ਦੇ ਸੱਦੇ ਨੂੰ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਰਪੂਰ ਹੁੰਗਾਰਾ ਦੇਖਣ ਨੂੰ ਮਿਲਿਆ। ਇਸ ਮੌਕੇ ਸ਼ਹਿਰ ਦੇ ਮੇਨ ਬਜ਼ਾਰ, ਕਲਗੀਧਰ ਮਾਰਕੀਟ, ਪੁੱਡਾ ਮਾਰਕੀਟ, ਨਵੀਂ ਅਬਾਦੀ ਆਦਿਕ ਸਾਰੇ ਬਜ਼ਾਰ ਪੂਰਨ ਰੂਪ 'ਚ ਬੰਦ ਸਨ। ਇਸ ਮੌਕੇ ਇੰਦਰਜੀਤ ਸਿੰਘ ਅਰੋੜਾ,ਪ੍ਰਿਤਪਾਲ ਸਿੰਘ ਗੰਡਾ (ਦੋਵੇਂ ਪ੍ਰਧ ?ਾਨ ਵਪਾਰ ਮੰਡਲ),ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ (ਆਪ) ਨੇ ਕਿਹਾ ਕਿ ਕੇਂਦਰ ਦੀ ਸਰਕਾਰ ਦੀ ਸ਼ਹਿ ਉੱਤੇ ਹਰਿਆਣਾ ਪੁਲਿਸ ਵੱਲੋਂ ਹਰਿਆਣਾ ਦੇ ਪ੍ਰਸ਼ਾਸਨ ਵੱਲੋਂ ਬੀਤੇ ਦਿਨੀ ਕਿਸਾਨਾਂ ਉੱਤੇ ਜੋ ਤਸ਼ੱਦਦ ਕੀਤਾ ਗਿਆ ਤੇਜ਼ਾਬੀ ਪਾਣੀ ਅਥਰੂ ਗੈਸ ਦੇ ਗੋਲੇ ਸੁੱਟੇ ਜਾ ਰਹੇ ਹਨ ਉਸ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਗਈ, ਕਿਉਂਕਿ ਪੰਜਾਬ ਦਾ ਕਿਸਾਨ ਅਜੇ ਤਾਂ ਪੰਜਾਬ ਦੀ ਧਰਤੀ ਉੱਤੇ ਹੀ ਬੈਠਾ ਹੈ। ਹਰਿਆਣੇ ਵਿੱਚ ਦਾਖਲ ਹੀ ਨਹੀਂ ਹੋਇਆ। ਫਿਰ ਹਰਿਆਣਾ ਸਰਕਾਰ ਨੂੰ ਕਿਸਾਨਾਂ ਤੇ ਲਾਠੀ ਚਾਰਜ ਕਰਨ ਦਾ ਅਥਰੂ ਗੈਸ ਦੇ ਗੋਲੇ ਸਿੱਟਣ ਦਾ ਹੱਕ ਕਿਸ ਸੰਵਿਧਾਨ ਦੁਆਰਾ ਦਿੱਤਾ ਗਿਆ ਹੈ। ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ । ਤਸ਼ੱਦਦ ਦੇ ਵਿੱਚ ਜੋ ਨੌਜਵਾਨ ਕਿਸਾਨ ਮਜ਼ਦੂਰ ਜਖਮੀ ਹੋਏ ਹਨ ਉਹਨਾਂ ਦੀ ਜਿੰਮੇਵਾਰੀ ਹਰਿਆਣਾ ਪ੍ਰਸ਼ਾਸਨ ਦੀ ਬਣਦੀ ਹੈ। ਕੇਂਦਰ ਦੀ ਸਰਕਾਰ ਕਿਸਾਨਾਂ ਨੂੰ ਤੁਰੰਤ ਗੱਲਬਾਤ ਦਾ ਸੱਦਾ ਦਿੱਤਾ ਜਾਵੇ ਤਾਂ ਜੋ ਤਕਰਾਰ ਵਾਲੀ ਸਥਿਤੀ ਪੈਦਾ ਨਾ ਹੋਵੇ ਕੇਂਦਰ ਸਰਕਾਰ ਕਿਸਾਨਾਂ ਦੀਆਂ ਵਾਜਬ ਮੰਗਾਂ ਤੁਰੰਤ ਮੰਨੇ ਅਤੇ ਲਾਗੂ ਕਰੇ ਜੇਕਰ ਸੰਘਰਸ਼ ਲੜ ਰਹੇ ਕਿਸਾਨਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਿੱਧੀ ਕੇਂਦਰ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਵਪਾਰ ਮੰਡਲ ਵੱਲੋਂ ਸਵੇਰੇ 9 ਵਜੇ ਤੋਂ ਵਜੇ 11 ਤੱਕ 2 ਘੰਟੇ ਲਈ ਦੁਕਾਨਾਂ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਸੀ ਸਾਰੇ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਰੱਖ ਕੇ ਜਿੱਥੇ ਬੰਦ ਨੂੰ ਪੂਰਾ ਸਮਰਥਨ ਦਿੱਤਾ ਹੈ ਉੱਥੇ ਹੀ ਆਪਸੀ ਏਕਾ ਵੀ ਬਰਕਾਰ ਰੱਖਿਆ ਗਿਆ।

ਇਸ ਮੌਕੇ ਨਰਿੰਦਰ ਸਿੰਘ ਸੰਤ ਬੂਟ , ਮਨਿੰਦਰ ਪਾਲ ਸਿੰਘ,ਜਸਪਾਲ ਸਿੰਘ ਅਰੋੜਾ,ਉਰਿੰਦਰ ਸਿੰਘ ਅਰੋੜਾ,ਮਾਸਟਰ ਕੁਲਦੀਪ ਸਿੰਘ,ਸੋਨੂੰ ਅਰੋੜਾ,ਸਰਬਜੀਤ ਸਿੰਘ,ਗਗਨ ਅਰੋੜਾ, ਹਰੀ ਓਮ ਨਰਗਿਸ, ਕਮਲਪ੍ਰੀਤ ਸਿੰਘ ਬੱਬੂ ਬੇਦੀ,ਸੁਰਜੀਤ ਸਿੰਘ, ਸੈਫੀ ਅਰੋੜਾ, ਦਿਨੇਸ਼ ਕੁਮਾਰ, ਯੱਸ਼ ਆਂਗਰਾ, ਬੀਰ ਬਿਕਰਮ ਸਿੰਘ ਰਾਜਾ,ਅੰਮ੍ਰਿਤ ਪਾਲ ਸਿੰਘ,ਆਦਿਕ ਹਾਜਰ ਸਨ।

# ਜਾਤੀਗਤ ਸਮਾਜ ਦੀਆਂ ਸੂਖ਼ਮਤਾਵਾਂ ਦਾ ਗਲਪਕਾਰ

## ਭਾਲ ਚੰਦਰ ਨੇਮਾਡੇ



ਮਨਮੋਹਨ
ਮੋਬਾਈਲ : 082839-48811

*ਭਾਲ ਚੰਦਰ ਨੇਮਾਡੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਅਤੇ ਸਮੁੱਚੇ ਸਾਹਿਤ 'ਚ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਨਾਲ ਵੀ ਸਨਮਾਨਿਤ ਕੀਤਾ...*

ਮਰਾਠੀ ਸਾਹਿਤ 'ਚ ਗਲਪ ਦੀ ਬੜੀ ਵੱਡੀ ਪਰੰਪਰਾ ਹੈ। ਖ਼ਾਸ ਕਰਕੇ ਸ਼ਿਵਾ ਜੀ ਸਾਵੰਤ, ਵਿਸ਼ਵਾਸ ਪਾਟਿਲ, ਨਾਮਦੇਵ ਢਾਸਲ, ਲਕਸ਼ਮਣ ਗਾਇਕਵਾੜ ਜਿਹੇ ਲੇਖਕਾਂ ਦੇ ਨਾਵਲਾਂ ਤੋਂ ਬਹੁਤ ਮੈਂ ਪ੍ਰਭਾਵਿਤ ਰਿਹਾ ਹਾਂ। ਮਹਾਭਾਰਤ ਦੇ ਪਾਤਰ ਕਰਨ ਦੇ ਜੀਵਨ 'ਤੇ ਆਧਾਰਿਤ ਸ਼ਿਵਾ ਜੀ ਸਾਵੰਤ ਦੇ ਨਾਵਲ 'ਮ੍ਰਿਤੁੰਜਯ' ਦਾ ਵੀ ਮੇਰੀਆਂ ਲਿਖਤਾਂ 'ਤੇ ਪ੍ਰਭਾਵ ਪਿਆ। ਆਪਣੇ ਕਾਲਜ ਦੇ ਦਿਨਾਂ 'ਚ ਮੈਂ ਭਾਲ ਚੰਦਰ ਨੇਮਾਡੇ ਦਾ ਐਨ ਬੀ ਟੀ ਵੱਲੋਂ ਛਾਪਿਆ ਨਾਵਲ 'ਕੋਸਲਾ' ਪੜ੍ਹਿਆ ਤੇ ਪਿਛਲੇ ਦਿਨੀਂ ਮੈਨੂੰ ਉਨ੍ਹਾਂ ਦੇ ਮਰਾਠੀ 'ਚ ਲਿਖੇ ਨਾਵਲ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਨੂੰ ਵੀ ਪੜ੍ਹਨ ਦਾ ਮੌਕਾ ਮਿਲਿਆ। ਇਸ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਕੀਤਾ ਹੈ ਤੇ ਰਾਜ ਕਮਲ ਪ੍ਰਕਾਸ਼ਨ ਨੇ ਇਸ ਦਾ ਪਹਿਲਾ ਸੰਸਕਰਣ 2015 'ਚ ਛਾਪਿਆ। ਨੇਮਾਡੇ ਨੂੰ ਨਾਵਲ 'ਹਿੰਦੂ' 'ਤੇ ਭਾਰਤੀ ਸਾਹਿਤ ਦਾ ਗਿਆਨਪੀਠ ਪੁਰਸਕਾਰ ਵੀ ਮਿਲਿਆ।


'ਹਿੰਦੂ' ਭਾਰਤੀ ਸਮਾਜ ਦੀ ਜਾਤੀਗਤ-ਸੱਭਿਆਚਾਰਕ ਸੰਰਚਨਾ ਦੀਆਂ ਸੂਖ਼ਮਤਾਵਾਂ ਦਾ ਬਹੁਆਯਾਮੀ, ਬਹੁਪਰਤੀ ਤੇ ਬਹੁਧੁਨੀਆਂ ਵਾਲਾ ਵਿਖਿਆਨ ਹੈ। ਇਹ ਬਿਰਤਾਂਤ ਪੰਜ ਹਜ਼ਾਰ ਸਾਲ ਪਹਿਲਾਂ ਮੋਹਨਜੋਦੜੋ ਦੇ ਸਮਿਆਂ ਤੋਂ ਚੱਲ ਕੇ ਉਨੀਵੀਂ-ਵੀਹਵੀਂ ਸਦੀ ਦੇ ਵੇਲਿਆਂ ਤਕ ਪਸਰਿਆ ਹੋਇਆ ਹੈ। ਇਸ ਬਿਰਤਾਂਤ 'ਚ ਭਾਰਤੀ ਜੀਵਨ, ਪੇਂਡੂ/ ਅਰਧ-ਸ਼ਹਿਰੀ, ਸ਼ਹਿਰੀ ਜੀਵਨ ਦੇ ਅਨੇਕ ਰੰਗ-ਰੂਪਾਂ, ਦੰਦ-ਕਥਾਵਾਂ, ਮਿੱਥਾਂ, ਇਤਿਹਾਸਕ ਪੜਾਵਾਂ 'ਚ ਪੇਸ਼ ਹੋ ਕੇ ਨਾਵਲ ਦੇ ਕਥਾਨਕ ਨੂੰ ਭਾਰਤ ਦੀ ਆਧਾਰਭੂਤ ਮਿਸ਼ਰਤ ਚੇਤਨਾ ਦਾ ਵਿਸ਼ਾਲ, ਵਿਰਾਟ ਤੇ ਵਿਵਿਧ ਦਸਤਾਵੇਜ਼ ਬਣਾ ਦਿੰਦਾ ਹੈ।

'ਹਿੰਦੂ' ਦੇ ਬਿਰਤਾਂਤ ਦਾ ਆਰੰਭ ਕੇਂਦਰੀ ਪਾਤਰ ਖੰਡੇਰਾਓ ਦੇ ਸਵੈਲਾਪ ਨਾਲ ਹੁੰਦਾ ਹੈ, 'ਕੌਣ ਹੈ? ਮੈਂ, ਮੈਂ ਹਾਂ ਖੰਡੇਰਾਓ....। ਖ਼ਾਮੋਸ਼ੀ। ਫਿਰ ਮੈਂ ਪੁੱਛਦਾਂ ਹਾਂ, ਤੂੰ ਕੌਣ ਏਂ? ਮੈਂ, ਤੂੰ ਹੀ ਏਂ ਖੰਡੇਰਾਓ। ਥੋੜ੍ਹੀ ਬੇਚੈਨੀ ਨਾਲ ਮੈਂ ਫਿਰ ਪੁੱਛਦਾਂ ਹਾਂ, ਯਾਨੀ... ਮੈਂ ਤੈਨੂੰ ਹੀ ਪੁੱਛ ਰਿਹੈਂ ਕਿ ਮੈਂ ਕੌਣ ਹਾਂ? ਆਪਣੇ ਆਪ ਨੂੰ ਹੀ ਪੁੱਛਣ ਜਿਹਾ ਕਿ ਮੈਂ ਕੌਣ ਹਾਂ? ਫਿਰ ਉਹ ਕੌਣ ਹੈ? ਮੈਂ ਹੀ ਹਾਂ, ਹੁਣ ਠੀਕ ਹੈ। ਤਾਂ ਹੀ ਤਾਂ ਅਸੀਂ ਕੁਝ ਗੱਲਾਂ ਕਰ ਸਕਾਂਗੇ। ਖੰਡੇਰਾਓ, ਮੈਂ, ਤੂੰ, ਉਹ ਸਾਰੇ ਇਕ ਹੀ ਹਾਂ। ਇਸ 'ਤੇ ਖ਼ਾਮੋਸ਼ੀ, ਕਈ ਸਦੀਆਂ ਦੀ। ਨਿਸ਼ਬਦ...। ਅਤੇ ਖੰਡੇਰਾਓ ਬਸ ਕਹਾਣੀ ਹੀ ਸੁਣਾਉਂਦਾ ਜਾ ਯਾਰ। ਰਾਮ ਰਾਮ, ਇਹ ਤਾਂ ਬੜੀ ਮੁਸੀਬਤ ਆ ਪਈ ਮੇਰੇ ਵਰਗੇ ਬੰਦੇ ਉੱਪਰ। ਅੱਜ ਕੱਲ੍ਹ ਸਾਰਿਆਂ ਕੋਲ ਕਹਿਣ ਲਈ ਬਹੁਤ ਕੁਝ ਹੁੰਦੈ ਪਰ ਕਹਾਣੀ ਨਹੀਂ ਹੁੰਦੀ।

'ਹਿੰਦੂ' 'ਚ ਨੇਮਾਡੇ ਕੋਲ ਕਹਿਣ ਲਈ ਬੜੀ ਰੌਚਕ ਤੇ ਮਹੱਤਵਪੂਰਣ ਕਹਾਣੀ ਹੈ ਜੋ ਭਾਰਤ ਦੇ ਪੰਜ ਹਜ਼ਾਰ ਸਾਲ ਦੀਆਂ ਜਾਤੀਗਤ ਤੇ ਸਾਂਸਕ੍ਰਿਤਕ ਸੰਰਚਨਾਵਾਂ ਦੇ ਵਿਕਾਸ ਦੀ ਮੀਮਾਂਸਾ 'ਤੇ ਆਧਾਰਿਤ ਹੈ। ਇਸ ਬਿਰਤਾਂਤ 'ਚ 'ਹਿੰਦੂ' ਸ਼ਬਦ ਦੇ ਅਸੀਮ ਤੇ ਨਿਰਾਕਾਰ ਵਿਸਤਾਰ ਦੇ ਅੰਦਰ ਸਮਾਈਆਂ ਆਪੋ ਆਪਣੇ ਢੰਗ ਨਾਲ ਸਮਾਜਿਕ ਰੂੜ੍ਹੀਆਂ 'ਚ ਬਦਲਦੀਆਂ, ਉਖੜੀਆਂ-ਪੁਖੜੀਆਂ, ਜੰਮੀਆਂ, ਬਿਖਰਦੀਆਂ ਵਿਚਾਰਕ ਧੁਰੀਆਂ, ਸਮੂਹਿਕ ਆਦਤਾਂ, ਸਵਾਰਥਾਂ ਤੇ ਪਰਮਾਰਥਾਂ ਦੀ ਆਪਸ 'ਚ ਉਲਝੀਆਂ ਹੋਈਆਂ ਅਨੇਕ ਜ਼ੰਜੀਰਾਂ-ਰੱਸੀਆਂ, ਸਮਾਜਿਕ-ਪਰਿਵਾਰਕ ਰਿਸ਼ਤਿਆਂ ਦੀ ਪੁਖ਼ਤਗੀ ਅਤੇ ਖਿਣਭੰਗਰਤਾ, ਸ਼ੋਸ਼ਣ-ਪੋਸ਼ਣ ਦੀਆਂ ਇਕ ਦੂਸਰੇ 'ਤੇ ਚੜ੍ਹੀਆਂ ਅੰਮ੍ਰਿਤ ਤੇ ਜ਼ਹਿਰ ਦੀਆਂ ਬੇਲਾਂ, ਸਮਾਜ ਦਾ ਅਸੀਮਭੂਤ ਆਤਮਸ਼ਾਤੀ ਪਉੜੀ ਪ੍ਰਬੰਧ, ਸਾਹ ਲੈਂਦਾ ਤੇ ਦਮ ਤੋੜਦਾ ਲੋਕ ਤੇ ਇਨ੍ਹਾਂ ਸਾਰੇ ਉਭੜ-ਖਾਬੜ ਦ੍ਰਿਸ਼ਾਂ ਵਿਚੋਂ ਰਾਹ ਬਣਾਉਂਦਾ ਸਮਾਂ, ਮੌਤ ਤੇ ਇੱਛਾ ਦਾ ਵੇਗ ਤੇ ਤੇਜ਼ ਵਹਾਅ ਦੇ ਡੂੰਘੇ ਭੰਵਰਾਂ 'ਚ ਡੁੱਬਦੇ,ਉਭਰਦੇ ਜੀਵਨ ਅਤੇ ਆਪਣੇ ਹੀ ਜ਼ਖ਼ਮਾਂ ਨੂੰ ਚੱਟਦੇ ਅਗ੍ਰਸਰ ਕਾਲ ਦੇ ਵਿਸ਼ਾਲ ਅਰਥ ਪੇਸ਼ ਹੁੰਦੇ ਹਨ।

'ਹਿੰਦੂ' ਦਾ ਬਿਰਤਾਂਤ ਦੇਸੀ-ਬਦੇਸ਼ੀ ਗੌਰਵ ਦਾ ਮਹਾਂਕਾਵਿ ਹੈ, ਜਿਸ 'ਚ ਭਾਰਤ ਦੇ ਜਾਤੀ 'ਸਵੈ' ਦੀ ਬਹੁਸਤੱਰੀ, ਬਹੁਮੁੱਖੀ ਤੇ ਬਹੁਵਰਣੀ ਖ਼ੁਦਾਈ ਰਾਹੀਂ ਕੀਤੀ ਖੋਜ ਪ੍ਰਸਤੁਤ ਹੋਈ ਹੈ। ਇਹ ਨਾ ਅਸਿਮਤਾ ਦੇ ਕਿਸੇ ਜੜ੍ਹ ਆਤਮ ਮੁਗਧ ਵਿਖਿਆਨ ਦਾ ਪਾਲਣ ਪੋਸ਼ਣ ਕਰਦਾ ਹੈ ਨਾ 'ਆਪਣਿਆਂ' ਦੇ ਨਾਂ 'ਤੇ ਸੰਸਕ੍ਰਿਤੀ ਤੇ ਸੱਭਿਆਚਾਰ ਦੀਆਂ ਰਗ਼ਾਂ 'ਚ ਰੀਂਘ ਦੀਆਂ ਸਿਉਂਕਾਂ ਦੇ ਪ੍ਰਤੱਖਣ ਤੇ ਪ੍ਰਗਟਾਵੇ ਦਾ ਤੁਸ਼ਟੀਕਰਣ ਹੈ ਜਿਨ੍ਹਾਂ ਨੇ 'ਭਾਰਤ ਵਰਸ਼' ਨੂੰ ਅੰਦਰੋਂ-ਅੰਦਰ ਖੋਖਲਾ ਕੀਤਾ ਹੈ। ਇਹ ਬਿਰਤਾਂਤ ਉਸ ਵਿਸਤ੍ਰਿਤ ਤੇ ਵਿਰਾਟ ਇਕਾਈ ਨੂੰ ਸਮੁੱਚਤਾ ਤੇ ਸਮੱਗਰਤਾ ਨਾਲ ਦੇਖਦੇ ਹੋਏ ਅੱਗੇ ਵਧਦਾ ਹੈ ਜਿਸ ਨੂੰ ਅਸਲ 'ਚ ਭਾਰਤੀ ਸੰਸਕ੍ਰਿਤੀ ਤੇ ਸੱਭਿਅਤਾ ਦਾ ਯਥਾਰਥ ਕਹਿੰਦੇ ਹਨ।

'ਹਿੰਦੂ' ਦਾ ਸਮੁੱਚਾ ਬਿਰਤਾਂਤ ਸਾਡਾ ਕਿਸੇ ਦਾ ਵੀ ਆਪਣੇ ਆਪ ਨਾਲ ਕੀਤਾ ਸੰਵਾਦ-ਸਵੈਲਾਪ ਹੋ ਸਕਦਾ ਹੈ। ਆਪਣੇ ਆਪ ਨਾਲ ਤੇ ਆਪਣੇ ਅੰਦਰ ਵੱਸੇ ਯਥਾਰਥ ਤੇ ਨਵੇਂ ਯਥਾਰਥ ਵਿਚਾਲਿਓਂ



ਰਾਹ ਲੱਭਦੇ ਹੋਏ ਰਸਤਿਆਂ 'ਚੋਂ ਪੈਦਾ ਹੋਇਆ ਆਲਾਪ, ਜਿਸ ਦਾ ਸੁਰ ਪੰਚਮ ਦਾ ਹੈ। ਇਸ ਨਾਵਲ 'ਚ ਅਨੇਕ ਪਾਤਰ ਹਨ ਜਿਵੇਂ ਖੰਡੇਰਾਓ, ਅਲੀ, ਮਾਂ ਤੇ ਹੋਰ। ਪਰ ਨਾਵਲ ਦੇ ਕੇਂਦਰ 'ਚ ਖੰਡੇਰਾਓ ਹੀ ਹੈ। ਉਸ ਦੇ ਗਿਰਦ ਹੀ ਸਾਰਾ ਬਿਰਤਾਂਤ ਪਸਰਦਾ ਹੈ। ਇਹ ਬਿਰਤਾਂਤ ਲਕੀਰੀ ਨਹੀਂ ਸਗੋਂ ਬਹੁਪਰਤੀ, ਬਹੁਧੁਨੀਆਂ ਵਾਲਾ ਤੇ ਬਹੁਪਾਸਾਰੀ ਹੈ। ਕਥਾ 'ਚ ਸਮਾਂ ਕਈ ਵਾਰ ਅੱਗੇ ਵਧਦਾ ਹੈ, ਪਿੱਛੇ ਪਰਤਦਾ ਹੈ ਅਤੇ ਫਿਰ ਅੱਗੇ ਵੱਧਦਾ ਹੈ।

'ਹਿੰਦੂ' 'ਚ ਖੰਡੇਰਾਓ ਇਕ ਪਾਤਰ ਹੀ ਨਹੀਂ ਬਲਕਿ ਸਾਰੇ ਦਾ ਸਾਰਾ ਸਮਾਜ ਹੈ। ਇਹ ਪਾਤਰ ਸਮਾਜ ਦੀਆਂ ਗੁੰਝਲਾਂ ਦਾ ਬਿੰਬ ਹੈ। ਇਸ ਬਿਰਤਾਂਤ 'ਚ ਸਮਾਜ ਹੀ ਆਪਣੀ ਸਮੱਗਰਤਾ ਨਾਲ ਇਕ ਪਾਤਰ ਵਾਂਗ ਵਿਵਹਾਰ ਕਰਦਾ ਹੈ। ਸੰਵਾਦ ਵੀ ਪੂਰਾ ਸਮਾਜ ਕਰਦਾ ਪ੍ਰਤੀਤ ਹੁੰਦਾ ਹੈ, ਪਾਤਰ ਨਹੀਂ। ਖੁਰਦੇ ਤੇ ਖੀਣ ਹੁੰਦੇ ਪਰ ਫਿਰ ਵੀ ਅਡਿੱਗ ਸਮਾਜ ਦੇ ਅੰਦਰ ਗੂੰਜਦੀ ਤੇ 'ਸਾਨੂੰ ਵੀ ਕਿਤੇ ਸੁਣ ਲਵੋ' ਦੀ ਬੇਨਤੀ-ਪ੍ਰਾਰਥਨਾ ਕਰਦੀ ਜਿਊਣ ਦੀ ਜ਼ਿੱਦ ਦੀ ਅਣਸੁਣੀ ਚੀਖ਼-ਪੁਕਾਰ ਇਨ੍ਹਾਂ ਸੰਵਾਦਾਂ ਦੇ ਆਰ ਪਾਰ ਫੈਲੀ ਹੋਈ ਹੈ। ਖੇਤੀ ਸੱਭਿਆਚਾਰ, ਪੇਂਡੂ ਵਿਵਸਥਾ, ਵਪਾਰ ਅਤੇ ਰਾਜ-ਸੱਤਾ ਦੀ ਗਲੇ ਤਕ ਫੱਸੀਆਂ ਤੇ ਸਿਰ ਤੋਂ ਪੈਰ ਤਕ ਭ੍ਰਿਸ਼ਟਾਚਾਰ ਨਾਲ ਲਿਬੜੀਆਂ ਸੰਰਚਨਾਵਾਂ, ਇਨ੍ਹਾਂ ਸਭ ਨੂੰ ਦੇਖਦੀ-ਪਰਖ ਦੀ ਤੇ ਪੇਸ਼ ਕਰਦੀ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਦੀ ਕਥਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਹੁੰਦੀ ਹੈ। ਇਸ ਤਰ੍ਹਾਂ 'ਹਿੰਦੂ' ਨਾਵਲ ਦਾ ਪਾਠ, ਪਾਠਕ ਨੂੰ ਆਪਣੀਆਂ ਆਂਦਰਾਂ 'ਚੋਂ ਖਿੱਚ ਕੇ ਸਮੋਅ ਲੈਣ ਖਮਤਾ ਦਾ ਪਾਠ ਹੈ।

'ਹਿੰਦੂ' ਦਾ ਬਿਰਤਾਂਤ ਭਾਵੇਂ ਖੰਡੇਰਾਓ ਦੇ ਸਵੈਲਾਪੀ ਸੰਵਾਦ ਨਾਲ ਸ਼ੁਰੂ ਹੁੰਦਾ ਹੈ ਪਰ ਇਸ ਦਾ ਅੰਤ ਮਰਾਠੀ ਸੱਭਿਆਚਾਰ 'ਚ ਪ੍ਰਚਲਿਤ ਦੇਵਤਾ ਦੇ ਸਾਹਮਣੇ ਆਪਣੀਆਂ ਸ਼ਿਕਾਇਤਾਂ ਨੂੰ ਸੁਣਾਉਣ ਦੀ ਸਮੂਹ ਗੀਤ ਦੀ ਰੀਤ 'ਗਾਹਰਾਣੇ' ਨਾਲ ਹੁੰਦਾ ਹੈ,

*'ਏਸ ਘਰ ਦੀ ਬੇਲ ਮੰਡੂਏ 'ਤੇ ਚਦ੍ਹਨੇ ਦੋ ਭਗਵਾਨ...*
*ਬੜੀ ਮਾਈ ਦੇ ਪੂਤ ਕੋ ਹਲਦੀ ਲਗਨੇ ਦੋ ਭਗਵਾਨ...*
*ਭੂਆ ਮਾਈ ਕੇ ਭਜੇ ਕੇ ਹਲਦੀ ਲਗਨੇ ਦੋ ਭਗਾਨ...*
*ਬੜੀ ਮਾਈ ਕੇ ਪੂਤ ਕੇ ਘਰ ਕੰਗਨ ਬਜਨੇ ਦੋ ਭਗਵਾਨ...*
*ਬੜੀ ਮਾਈ ਕੇ ਪੂਤ ਕੀ ਦੇਹਰੀ ਮੇਂ ਬਾਲ ਗੋਪਾਲ ਰੇਂਗਨੇ ਦੋ ਭਗਵਾਨ...*


'ਹਿੰਦੂ' ਦੇ ਇਸ ਤਰ੍ਹਾਂ ਦੇ ਅੰਤ ਦਾ ਭਾਵ ਹੈ ਕਿ ਅੰਤ ਏਕਾਲਾਪੀ ਸੰਵਾਦ ਦੀ ਮੁਕਤੀ ਸਮੂਹ ਗੀਤ ਰਾਹੀਂ ਹੀ ਹੋਣੀ ਹੈ , ਭਾਵ ਬੰਦੇ ਦੀ ਕੱਲੀ ਹੋਣੀ ਨੇ ਸਮੂਹ 'ਚ ਸੰਘਰਸ਼ਸ਼ੀਲ ਹੋ ਕੇ ਹੀ ਪਰਿਵਰਤਨ ਦਾ ਕਾਰਣ ਬਣਨਾ ਹੈ।

'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜਿਹੇ ਕਥ 'ਚ ਹੀ ਨਹੀਂ ਬਲਕਿ ਆਕਾਰ ਤੇ ਸਰੋਕਾਰ 'ਚ ਵੀ ਵਿਸ਼ਾਲ ਤੇ ਵੱਡ ਆਕਾਰੀ ਨਾਵਲ ਦੇ ਲੇਖਕ ਭਾਲ ਚੰਦਰ ਮਹਾਰਾਸ਼ਟਰ ਦੇ ਜ਼ਿਲ੍ਹੇ ਜਲਗਾਂਵ ਦੇ ਪਿੰਡ ਸਾਂਗਵੀ ਵਿਖੇ 27 ਮਈ 1938 'ਚ ਜੰਮਿਆ। ਪੂਨੇ ਤੇ ਮੁੰਬਈ ਯੂਨੀਵਰਸਿਟੀਆਂ 'ਚੋਂ ਪੜ੍ਹਾਈ ਕਰ ਕੇ ਔਰੰਗਾਬਾਦ ਯੂਨੀਵਰਸਿਟੀ 'ਚੋਂ ਪੀਐਚਡੀ ਕਰ ਕੇ ਔਰੰਗਾਬਾਦ, ਲੰਡਨ, ਗੋਆ ਤੇ ਮੁੰਬਈ ਦੀਆਂ ਯੂਨੀਵਰਸਿਟੀਆਂ 'ਚ ਅਧਿਆਪਨ ਕੀਤਾ। ਨੇਮਾਡੇ ਮੁੰਬਈ ਯੂਨੀਵਰਸਿਟੀ 'ਚ ਤੁਲਨਾਤਮਕ ਸਾਹਿਤ ਅਧਿਐਨ ਦੀ ਗੁਰੂਦੇਵ ਰਵਿੰਦਰ ਨਾਥ ਟੈਗੋਰ ਚੇਅਰ ਦੇ ਮੁੱਖੀ ਰਹੇ ਤੇ 1998 ਉੱਥੋਂ ਹੀ ਸੇਵਾਮੁਕਤ ਹੋਏ। ਭਾਲ ਚੰਦਰ ਨੇਮਾਡੇ ਦੇ ਮਰਾਠੀ ਸਾਹਿਤ ਜਗਤ 'ਚ ਸਿਰਜਣਾਤਮਕ ਯੋਗਦਾਨ ਵੱਜੋਂ ਨਾਵਲ 'ਕੋਸਲਾ', 'ਬਿੜਾਰ', 'ਹੂਲ', 'ਜਰੀਲਾ' ਤੇ 'ਝੂਲ' ਤੇ ਕਵਿਤਾ ਸੰਗ੍ਰਹਿ 'ਮੇਲਡੀ' ਤੇ 'ਦੇਖਣੀ' ਹਨ। ਉਨ੍ਹਾਂ ਨੇ ਆਲੋਚਨਾ ਤੇ ਖੋਜ 'ਚ ਵੀ ਮਹੱਤਵਪੂਰਣ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਆਲੋਚਨਾ ਦੀਆਂ ਪੁਸਤਕਾਂ 'ਸਾਹਿਤਯਾਚੀ ਭਾਸ਼ਾ', 'ਟੀਕਾ ਸੰਵਯਵਰ', ਸਾਹਿਤ ਸੰਸਕ੍ਰਿਤੀ ਤੇ ਜਾਗ੍ਰਿਤੀਕਰਣ' ਹਨ। ਉਨ੍ਹਾਂ ਦੀ ਪੁਸਤਕ 'ਤੁਕਾਰਾਮ' ਨੂੰ ਭਾਰਤੀ ਸਾਹਿਤ ਅਕਾਦਮੀ ਨੇ ਪ੍ਰਕਾਸ਼ਿਤ ਕੀਤਾ। ਅੰਗਰੇਜ਼ੀ 'ਚ ਉਨ੍ਹਾਂ ਦੀਆਂ ਕਿਤਾਬਾਂ 'ਦਾ ਇਨਫਲੂਐਂਸ ਆਨ ਮਰਾਠੀ : ਇੰਡੋ ਐਂਗਲੀਅਨ ਰਾਈਟਿੰਗਜ਼', 'ਫਰਾਂਜ਼ ਕਾਫਕਾ : ਏ ਕੰਟਰੀ ਡਾਕਟਰ', ਤੇ 'ਨੇਟਿਵਿਜ਼ਮ : ਦੇਸੀਵਾਦ'।

ਨੇਮਾਡੇ ਨੂੰ 'ਟੀਕਾ ਸਵਯੰਵਰ ਆਲੋਚਨਾ ਗ੍ਰੰਥ' ਲਈ 1991 'ਚ ਸਾਹਿਤ ਅਕਾਦਮੀ ਪੁਰਸਕਾਰ ਤੇ ਨਾਵਲ 'ਹਿੰਦੂ' ਤੇ ਸਮੁੱਚੇ ਸਾਹਿਤ ਯੋਗਦਾਨ ਬਦਲੇ ਗਿਆਨਪੀਠ ਪੁਰਸਕਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਸਨਮਾਨ ਨਾਲ ਵੀ ਸਨਮਾਨਿਤ ਕੀਤਾ। ਇਸ ਨਾਵਲ ਦਾ ਹਿੰਦੀ 'ਚ ਅਨੁਵਾਦ ਡਾ. ਗੋਰਖ ਥੋਰਾਤ ਨੇ ਨੇਮਾਡੇ ਦੇ ਨਾਵਲ 'ਝੂਲ' ਤੇ ਕਵਿਤਾ ਸੰਗ੍ਰਹਿ 'ਦੇਖਣੀ' ਦਾ ਵੀ ਅਨੁਵਾਦ ਕੀਤਾ ਹੈ। ਪੰਜਾਬੀ ਦੇ ਪਾਠਕਾਂ ਨੂੰ ਭਾਰਤੀ ਸਮਾਜ ਦੀਆਂ ਜਾਤੀਗਤ ਸੂਖ਼ਮਤਾਵਾਂ ਤੇ ਗੁੰਝਲਾਂ ਨੂੰ ਸਮਝਣ ਲਈ ਭਾਲ ਚੰਦਰ ਨੇਮਾਡੇ ਦਾ 'ਹਿੰਦੂ-ਜੀਨੇ ਕਾ ਸਮ੍ਰਿਧ ਕਬਾੜ' ਜ਼ਰੂਰ ਪੜ੍ਹਨਾ ਚਾਹੀਦਾ ਹੈ। •

---

# ਉਹ ਸਰਘੀ ਵਰਗੇ ਦਿਨ





ਅਰਤਿੰਦਰ ਸੰਧੂ
ਮੋਬਾਈਲ : 98153-02081

*ਸਾਡੇ ਸਮੇਂ ਪੜ੍ਹਾਈ ਦਾ ਕੋਈ ਵੀ ਬੋਝ, ਨਾ ਘਰ ਅਤੇ ਨਾ ਹੀ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ 'ਚ ਸਕੂਲ ਦਾ ਕੰਮ ਮਿਲਦਾ ਕਿ ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ ਹਨ...*

ਮੈਨੂੰ ਤਰਨ ਤਾਰਨ ਦੇ ਜੰਡਿਆਲਾ ਰੋਡ 'ਤੇ ਸਥਿਤ ਹਾਈ ਸਕੂਲ ਵਿਚ, ਉੱਨੀ ਸੌ ਇਕਵੰਜਾ ਜਾਂ ਬਵੰਜਾ ਵਿਚ ਦਾਖਲ ਕਰਵਾਇਆ ਗਿਆ ਸੀ। ਇਹ ਉਹ ਸਮਾਂ ਸੀ, ਜਦ ਦੇਸ਼ ਨੂੰ ਅਜ਼ਾਦੀ ਮਿਲਣ ਪਿੱਛੋਂ ਤੇ ਪੰਜਾਬ ਵਿਚ ਵੰਡ ਦੀ ਤਬਾਹੀ ਸਹਿਣ ਉਪਰੰਤ ਕੁਝ ਲੋਕਾਂ ਦਾ ਤਾਂ ਟਿਕ-ਟਿਕਾ ਹੋ ਚੁੱਕਾ ਸੀ ਤੇ ਕੁਝ ਦਾ ਹਾਲੇ ਹੋ ਰਿਹਾ ਸੀ। ਲੋਕਾਂ ਵਿਚ ਸਮਰਪਣ ਭਰਿਆ ਉਤਸ਼ਾਹ ਸੀ, ਉਦੋਂ। ਮੈਨੂੰ ਆਪਣੇ ਸਕੂਲ ਦਾਖਲੇ ਦੇ ਵਕਤ, ਸਕੂਲ ਦੀ ਖ਼ੂਬਸੂਰਤ ਮੁੱਖ ਅਧਿਆਪਕਾ ਰਾਜ ਬੇਦੀ ਦਾ ਚਿਹਰਾ ਅਜੇ ਵੀ ਯਾਦ ਹੈ। ਫਿਰ ਕੁਝ ਹੀ ਦਿਨਾਂ ਪਿੱਛੋਂ ਮਿਸ ਰਾਜਬੰਸ ਕੌਰ ਨੂੰ ਮੁੱਖ-ਅਧਿਆਪਕਾ ਬਣਾ ਦਿੱਤਾ ਗਿਆ। ਰਾਜ ਬੇਦੀ ਨੂੰ ਨੌਕਰੀ ਤੋਂ ਜਵਾਬ ਮਿਲਣ ਪਿੱਛੋਂ ਉਹ ਤੇ ਉਸ ਦੀ ਮਾਂ ਤਾਰਾ ਬੇਦੀ ਦੋਵੇਂ ਜਲੰਧਰ ਰੇਡੀਓ ਸਟੇਸ਼ਨ 'ਤੇ ਕੰਮ ਕਰਨ ਲੱਗ ਪਈਆਂ ਸਨ। ਘਰ ਵਿਚ ਇਸ ਬਾਰੇ ਗੱਲਾਂ ਵੀ ਹੁੰਦੀਆਂ ਰਹਿੰਦੀਆਂ।

ਰਾਜ ਬੇਦੀ ਅਤੇ ਰਾਜਬੰਸ, ਦੋਵਾਂ ਦੇ ਹੀ ਪਰਿਵਾਰ ਪਾਕਿਸਤਾਨ ਤੋਂ ਆਏ ਸਨ। ਮਿਸ ਰਾਜਬੰਸ ਲੰਬਾ ਸਮਾਂ ਮੁੱਖ-ਅਧਿਆਪਕਾ ਰਹੇ ਫਿਰ ਪ੍ਰਿੰਸੀਪਲ ਬਣੇ ਅਤੇ ਅਖੀਰ ਸਕੂਲਾਂ ਦੇ ਉਪ-ਨਿਰਦੇਸ਼ਕ ਦੇ ਤੌਰ ਤੇ ਸੇਵਾ ਮੁਕਤ ਹੋਏ। ਉਦੋਂ ਇਕ ਤਰ੍ਹਾਂ ਨਾਲ ਹਰ ਚੀਜ਼ ਦੀ ਨਵੇਂ ਤੌਰ ਤੇ ਉਸਾਰੀ ਹੋ ਰਹੀ ਸੀ। ਸਕੂਲ ਵਿਚ ਬਹੁਤੀਆਂ ਅਧਿਆਪਕਾਵਾਂ ਵਿਧਵਾ ਜਾਂ ਕੁਆਰੀਆਂ ਸਨ ਤੇ ਇਹੋ ਗੱਲ ਸਾਰੇ ਸ਼ਹਿਰ ਵਿਚ ਮਸ਼ਹੂਰ ਵੀ ਸੀ। ਉਦੋਂ ਮਿਡਲ ਪਾਸ ਔਰਤਾਂ ਵੀ ਸਕੂਲ ਦੀਆਂ ਅਧਿਆਪਕਾਵਾਂ ਲਾਈਆਂ ਗਈਆਂ ਸਨ। ਉਹ ਬਹੁਤ ਮਿਹਨਤੀ ਤੇ ਆਪਣੇ ਕੰਮ ਨੂੰ ਜੀ ਜਾਨ ਨਾਲ ਨਿਭਾਉਂਦੀਆਂ ਸਨ। ਸਕੂਲ ਵਿਚ ਸਵੇਰ ਵੇਲੇ ਪ੍ਰਾਰਥਨਾਂ ਵਿਚ ਆਮ ਤੌਰ ਤੇ ਦੋ ਗੀਤ ਵਾਰੀ ਵਾਰੀ ਗਾਏ ਜਾਂਦੇ, ਇਕ ਤਾਂ, "ਸਾਰੇ ਜਹਾਂ ਸੇ ਅੱਛਾ, ਹਿੰਦੋਸਤਾਂ ਹਮਾਰਾ" ਤੇ ਦੂਜਾ, "ਸ਼ੁਭ ਸੁਖ ਚੈਨ ਕੀ ਬਰਖਾ ਬਰਸੇ, ਭਾਰਤ ਭਾਗਯ ਹਮਾਰਾ"। ਇਕ ਦਿਨ ਸਾਡੀ ਜਮਾਤ ਤੇ ਹੋਰ ਜਮਾਤ ਦੀਆਂ ਵਿਦਿਆਰਥਣਾਂ ਨੂੰ ਦਫ਼ਤਰ ਵੱਲ ਬੁਲਾਇਆ ਗਿਆ। ਉੱਥੇ ਦਫ਼ਤਰ ਦੇ ਬਾਹਰ ਇਕ ਮੇਜ਼ ਤੇ ਰੇਡੀਓ ਰੱਖਿਆ ਹੋਇਆ ਸੀ ਤੇ ਬਾਰਾਂ ਵੱਜਣ ਦੀ ਉਡੀਕ ਹੋ ਰਹੀ ਸੀ, ਜਦ ਕਿ ਦੇਸ਼ ਦਾ ਨਵਾਂ ਰਾਸ਼ਟਰੀ ਗਾਣ ਰੇਡੀਓ ਤੋਂ ਪ੍ਰਸਾਰਤ ਹੋਣਾ ਸੀ। ਬਾਰਾਂ ਵਜੇ ਸ਼ੁਰੂ ਹੋਇਆ' ਜਨ ਗਨ ਮਨ...' ਕੁਝ ਕੁੜੀਆਂ ਗਾ ਰਹੀਆਂ ਸਨ ਤੇ ਇਕ ਮਰਦਾਵੀਂ ਅਵਾਜ਼, ਬਾਰ ਬਾਰ ਜਿੱਥੇ ਉਹ ਗਲਤੀ ਕਰਦੀਆਂ, ਉਨ੍ਹਾਂ ਨੂੰ ਟੋਕ ਕੇ ਸਹੀ ਤਰ੍ਹਾਂ ਗਾਣਾ ਸਿਖਾ ਰਹੀ ਸੀ। ਇਸ ਤਰ੍ਹਾਂ ਕਈ ਵਾਰ ਹੋਇਆ ਤੇ ਪ੍ਰੋਗਰਾਮ ਖਤਮ ਹੋਣ ਪਿੱਛੋਂ, ਮੁੱਖ-ਅਧਿਆਪਕਾ ਨੇ ਬੱਚਿਆਂ ਨੂੰ ਸਮਝਾਇਆ ਕਿ ਦੇਖੋ, ਕਿਸ ਤਰ੍ਹਾਂ ਗਲਤੀਆਂ ਨੂੰ ਠੀਕ ਕਰਵਾਇਆ ਜਾ ਰਿਹਾ ਹੈ। ਸਾਨੂੰ ਕੁਝ ਸਾਲਾਂ ਬਾਅਦ ਹੀ ਇਨ੍ਹਾਂ ਗੱਲਾਂ ਦੀ ਸਮਝ ਆ ਸਕੀ ਸੀ। ਇਸੇ ਤਰ੍ਹਾਂ ਹਰ ਰੋਜ਼ ਵੱਖ ਵੱਖ ਜਮਾਤਾਂ ਨੂੰ ਬੁਲਾ ਕੇ ਰੇਡੀਓ 'ਤੇ ਰਾਸ਼ਟਰੀ ਗੀਤ ਨੂੰ ਸਿਖਾਉਣ ਦੀ ਕਵਾਇਦ ਚਲਦੀ ਸੀ।

ਉਦੋਂ ਪੜ੍ਹਾਈ ਦਾ ਕੋਈ ਵੀ, ਕਿਸੇ ਤਰ੍ਹਾਂ ਦਾ ਵੀ ਬੋਝ, ਨਾ ਘਰ ਤੇ ਨਾ ਸਕੂਲ ਵਾਲਿਆ ਵੱਲੋਂ ਹੀ ਪਾਇਆ ਜਾਂਦਾ ਸੀ। ਗਰਮੀਆਂ ਦੀਆਂ ਛੁੱਟੀਆਂ ਵਿਚ ਸਕੂਲ ਦਾ ਕੰਮ ਮਿਲਦਾ ਕਿ, ਮਿੱਟੀ ਦੀਆਂ ਸੌ ਗੋਲੀਆ ਬਣਾ ਕੇ ਲਿਆਉਣੀਆਂ, ਤਾਂ ਕਿ ਬੱਚੇ ਖੇਡਦੇ ਖੇਡਦੇ ਗਿਣਤੀ ਸਿੱਖਣ। ਕਦੇ ਮਿੱਟੀ ਦਾ ਖਰਬੂਜਾ ਬਣਾ ਕੇ ਉਸ ਤੇ ਅਸਲੀ ਖਰਬੂਜੇ ਵਾਂਗ ਰੰਗ ਲਾ ਕੇ ਲਿਆਉਣਾ। ਇਕ ਵਾਰ, ਮੈਂ ਮਿੱਟੀ ਦੀਆਂ ਗੋਲੀਆਂ ਸ਼ਬਦ ਵੱਲ ਤੇ ਧਿਆਨ ਨਾ ਦਿੱਤਾ ਤੇ ਘਰ ਜਾ ਕੇ ਕਹਿ ਦਿੱਤਾ, 'ਮਿੱਟੀ ਦੇ ਸੌ ਦੇ ਸਾਰੇ ਹਿੰਦਸੇ ਬਣਾ ਕੇ ਖੜਨੇ ਹਨ। ਮੇਰੀ ਨਾਨੀ ਨੇ ਮੈਨੂੰ ਤਾਂ ਮਿੱਟੀ ਨੂੰ ਹੱਥ ਨਾ ਲਾਉਣ ਦਿੱਤਾ ਤੇ ਆਪ ਦੋ ਦਿਨ, ਛੱਤ ਤੇ ਧੁੱਪੇ ਬੈਠ ਕੇ, ਮਿੱਟੀ ਗੋ ਕੇ, ਇਕ ਤੋਂ ਲੈ ਕੇ ਸਾਰੇ ਹਿੰਦਸੇ ਬਣਾਏ, ਸੁਕਾਏ ਤੇ ਸਕੂਲ ਜਾਣ ਵਾਲੇ ਦਿਨ ਇਕ ਕੱਪੜੇ ਵਿਚ ਬੰਨ ਕੇ ਮੈਨੂੰ ਫੜਾ ਦਿੱਤੇ।

ਪਹਿਲੀ ਦੀ ਸਾਡੀ ਇਕ ਅਧਿਆਪਕਾ ਸੀ, ਹਰਨਾਮ ਕੌਰ। ਉਹ ਕੁੜੀਆਂ ਨੂੰ ਕੁਝ ਵੀ ਸਿਖਾਉਣ ਵਾਸਤੇ ਨਵਾਂ ਢੰਗ ਸੋਚ ਕੇ ਆਉਂਦੀ। ਰੰਗਾਂ ਦੀ ਪਹਿਚਾਣ ਕਰਵਾਉਣ ਵਾਸਤੇ ਉਹ ਨਿੱਕਾ ਜਿਹਾ ਨਾਟਕ ਕਰਵਾਉਂਦੀ। ਕੁਝ ਕੁੜੀਆਂ ਚੁੰਨੀਆਂ ਲੈ ਕੇ ਆਉਂਦੀਆਂ ਸਨ। ਉਹ ਵੱਖ ਵੱਖ ਰੰਗਾਂ ਦੀਆਂ ਚੁੰਨੀਆਂ ਉਨ੍ਹਾਂ ਕੋਲੋ ਇਕੱਠੀਆਂ ਕਰਦੀ ਤੇ ਇਕ ਕੁੜੀ ਨੂੰ ਚੁੰਨੀਆਂ ਵੇਚਣ ਵਾਲਾ ਭਾਈ ਬਣਾ ਦੇਂਦੀ। ਫਿਰ ਉਸ ਦੇ ਸਿਖਾਏ ਅਨੁਸਾਰ, ਚੁੰਨੀਆਂ ਵੇਚਣ ਵਾਲਾ ਦੁਕਾਨਦਾਰ ਬਣੀ ਕੁੜੀ, ਇਕ ਕਤਾਰ ਕੋਲ ਫਿਰਦੀ ਤੇ ਗਾਉਂਦੀ,

*ਆਨੇ ਆਨੇ ਚੁੰਨੀਆਂ, ਤੇ ਲੈ ਲਓ ਸਿਰ ਮੁੰਨੀਆਂ...*

ਕੋਈ ਕੁੜੀ ਅਵਾਜ਼ ਦੇਂਦੀ, "ਭਾਈ ਚੁੰਨੀ ਦੇ ਜਾ" ਭਾਈ ਬਣੀ ਕੁੜੀ, ਇਕ ਇਕ ਚੁੰਨੀ ਫੜਦੀ, ਤੇ ਪੁੱਛਦੀ" ਤੂੰ ਆਹ ਲਾਲ ਚੁੰਨੀ ਲੈਣੀ ਆ ਕਿ, ਆਹ ਨੀਲੀ, ਆਹ ਪੀਲੀ ਕਿ ਆਹ ਹਰੀ"? ਜਦੋਂ ਕੁੜੀ ਕੋਈ ਇਕ ਰੰਗ ਦੱਸਦੀ ਤਾਂ ਚੁੰਨੀਆਂ ਵੇਚਣ ਵਾਲਾ ਬਣੀ ਕੁੜੀ ਕਹਿੰਦੀ, "ਮੈਂ ਤਾਂ ਕਿਹਾ, ਚੁੰਨੀਆਂ, ਲੈ ਲਓ ਸਿਰਮੁੰਨੀਆਂ ਤੇ ਤੇਰਾ ਤਾਂ ਸਿਰ ਹੀ ਨਹੀਂ ਮੁੰਨਿਆ, ਮੈਂ ਨਹੀਂ ਤੈਨੂੰ ਚੁੰਨੀ ਵੇਚਣੀ"। ਤੇ ਫਿਰ ਉਹ ਦੂਸਰੀ ਕਤਾਰ ਵਿਚ ਵੀ ਇਹੋ ਡਰਾਮਾ ਦੁਹਰਾਉਂਦੀ। ਬੱਚਿਆਂ ਨੂੰ ਹੱਸਦਿਆਂ ਹੱਸਦਿਆਂ ਰੰਗ ਯਾਦ ਹੋ ਜਾਂਦੇ। ਕਿੰਨੇ ਅਸਾਨ ਤੇ ਬਿਨਾਂ ਕਿਸੇ ਖਰਚੇ ਦੇ, ਕਿੰਨੇ ਸਧਾਰਨ ਤੇ ਅਸਰਦਾਰ 'ਪਲੇਅ ਵੇਅ' ਦੇ ਤਰੀਕੇ ਸਨ ਉਹ, ਸਿਖਾਉਣ ਦੇ। ਇਸ ਤਰ੍ਹਾਂ ਸਹਿਜ ਸੁਭਾਅ ਸਿੱਖੀਆਂ ਜੀਵਨ ਜਾਂਚਾਂ ਹੀ ਇਸ ਪੀੜ੍ਹੀ ਦੀ ਵਧੀਆ ਕਾਰਜ ਕੁਸ਼ਲਤਾ ਦਾ ਕਾਰਨ ਰਹੀਆਂ ਹੋਣਗੀਆਂ ਸ਼ਾਇਦ। •

---

# ਸਰਵ ਧਰਮ ਸਤਿਕਾਰਦੀ ਪ੍ਰੋ. ਪੂਰਨ ਸਿੰਘ ਦੀ ਕਵਿਤਾ



ਅੰਮ੍ਰਿਤਪਾਲ ਸਿੰਘ ਸੰਧੂ
ਮੋਬਾਈਲ : 94649-29718

*ਪ੍ਰੋ. ਪੂਰਨ ਸਿੰਘ ਨੇ ਸਿੱਖ, ਬੁੱਧ ਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ 'ਚ ਇਕਮਿਕ ਕੀਤਾ। ਉਨ੍ਹਾਂ ਦੀ ਕਵਿਤਾ 'ਚ ਕੱਟੜ ਧਾਰਮਿਕਤਾ ਨਹੀਂ ਹੈ, ਕਿਉਂਕਿ ਉਨ੍ਹਾਂ 'ਤੇ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਉਨ੍ਹਾਂ ਦੀ ਕਵਿਤਾ ਬੱਝੀ ਹੈ...*

ਪ੍ਰੋ. ਪੂਰਨ ਸਿੰਘ ਅਧੁਨਿਕ ਪੰਜਾਬੀ ਕਾਵਿ ਨੂੰ ਥੰਮ ਦੇਣ ਵਾਲੇ ਕਵੀਆਂ ਵਿੱਚੋਂ ਤੇ ਪੰਜਾਬੀਆਂ ਦੇ ਖੁੱਲ੍ਹੇ ਡੁੱਲੇ ਸੁਭਾਅ ਵਾਂਗੂ ਖੁੱਲ੍ਹੀ ਕਵਿਤਾ ਦੇ ਪੈਂਡੇ ਤੋਰਨ ਵਾਲਾ ਕਵੀ ਹੈ। ਜੋ ਪ੍ਰਭਾਵ ਉਸ ਦੀ ਜ਼ਿੰਦਗੀ ਨੇ ਗ੍ਰਹਿਣ ਕੀਤੇ ਓਹ ਹੀ ਕਵਿਤਾ ਗ੍ਰਹਿਣ ਕਰਦੀ ਗਈ। ਭਾਵੇਂ ਅਮਰੀਕਾ ਦੇ ਛੰਦਮੁਕਤ ਕਵਿਤਾ ਦੇ ਪਿਤਾਮਾ ਵਾਲਟਵਿਟਮੈਨ ਦਾ ਪ੍ਰਭਾਵ ਗ੍ਰਹਿਣ ਕਰ ਕੇ ਪੰਜਾਬੀ ਵਿਚ ਖੁੱਲ੍ਹੀ ਕਵਿਤਾ ਦੀ ਪਿਰਤ ਪਾਉਣਾ ਹੋਵੇ ਜਾਂ ਜਪਾਨੀ ਬੁੱਧ ਭਿਕਸ਼ੂ ਦੇ ਪ੍ਰਭਾਵ ਵਿਚ ਆਉਣਾ ਹੋਵੇ, ਸਵਾਮੀ ਰਾਮਤੀਰਥ ਦਾ ਪ੍ਰਭਾਵ ਗ੍ਰਹਿਣ ਕਰਨਾ ਹੋਵੇ ਅਤੇ ਆਖਰ ਵਿਚ ਭਾਈ ਵੀਰ ਸਿੰਘ ਦਾ ਪ੍ਰਭਾਵ ਗ੍ਰਹਿਣ ਕਰਕੇ ਫਿਰ ਸਿੱਖ ਧਰਮ ਵੱਲ ਪਰਤਣਾ ਹੋਵੇ।

ਸਮੇਂ ਸਮੇਂ 'ਤੇ ਉਸ ਨੇ ਆਪਣੀ ਕਵਿਤਾ ਦੇ ਮਾਧਿਅਮ ਨਾਲ ਜ਼ਿੰਦਗੀ ਦੇ ਧਾਰਮਿਕ ਉਤਰਾਵਾਂ ਚੜ੍ਹਾਵਾਂ ਦੀ ਪੇਸ਼ਕਾਰੀ ਕੀਤੀ ਹੈ। ਉਸ ਦੀ ਕਵਿਤਾ ਵਿਚ ਭਾਈ ਵੀਰ ਸਿੰਘ ਵਰਗਾ ਧਰਮ ਜਾਂ ਅਧਿਆਤਮਵਾਦ ਦਾ ਬੱਝਵਾਂ ਰੂਪ ਨਹੀਂ ਸਗੋਂ ਵਾਲਟਵਿਟਮੈਨ ਦੀ ਧਾਰਮਿਕ ਫਿਲਾਸਫ਼ੀ ਸੀ ਜੋ ਕਿਸੇ ਵਿਸ਼ੇਸ਼ ਧਰਮ ਤਕ ਸੀਮਤ ਨਹੀਂ ਸੀ। ਵਿਗਿਆਨਕ ਹੋ ਕੇ ਵੀ ਇਸ ਮਹਾਂਸਾਗਰ ਨੇ ਸਿੱਖ ਧਰਮ, ਬੁੱਧ ਧਰਮ ਅਤੇ ਹਿੰਦੂ ਧਰਮ ਜਿਹੀ ਵਿਸ਼ਾਲ ਤ੍ਰਿਵੇਣੀ ਨੂੰ ਆਪਣੇ ਹਿਰਦੇ ਵਿਚ ਇਕਮਿਕ ਕੀਤਾ। ਉਸ ਦੀ ਕਵਿਤਾ ਵਿਚ ਕੱਟੜ ਧਾਰਮਿਕਤਾ ਨਹੀਂ ਕਿਉਂਕਿ ਉਸ ਉੱਪਰ ਕਿਸੇ ਇਕ ਧਰਮ ਦਾ ਅਸਰ ਨਹੀਂ, ਨਾ ਹੀ ਕਿਸੇ ਧਰਮ ਦੇ ਨੇਮਾਂ ਅੰਦਰ ਕਵਿਤਾ ਜਾਂ ਉਸ ਦਾ ਆਪਾ ਬੱਝਿਆ।

*ਨੇਮਾਂ ਵਾਲੀ ਗੱਲ ਨਾ ਕਰਨੀ ਕਾਈ,*
*ਧਰਮ ਕਰਮਾਂ ਥੀਂ ਨੱਸਣਾ*
*ਅਨੇਮੀ ਰਹਿਣਾ,*
*ਸੋਚ ਸਾਰੀ ਡੋਬਣਾ,*
*ਹੱਸਣਾ ਤੇ ਰੋਣਾ, ਚੀਖਣਾ*
*ਤੇ ਦਰਿਆਵਾਂ ਕਿਨਾਰੇ ਦੌੜ ਦੇ ਫਿਰਨਾ।*

ਉਸ ਦੀ ਕਵਿਤਾ ਧਰਮਾਂ ਕਰਮਾਂ ਤੋਂ ਭੱਜ ਕੇ ਰੱਬ ਨੂੰ ਭਾਲਦੀ ਫਿਰਦੀ ਹੈ। ਰੱਬ ਦੀ ਭਾਲ ਕਰਨ ਵਾਲਾ ਬੰਦਾ ਕਿਸੇ ਹੱਦ ਦੀ ਪਰਵਾਹ ਨਹੀਂ ਕਰਦਾ ਵੇਦਾਂਤ ਅਤੇ ਸਵਾਮੀ ਰਾਮ ਤੀਰਥ ਦੀ ਫ਼ਿਲਾਸਫ਼ੀ ਅਨੁਸਾਰ ਪਰਮਾਤਮਾ ਬ੍ਰਹਿਮੰਡ ਦੇ ਜ਼ੱਰੇ ਜ਼ੱਰੇ ਵਿਚ ਹੈ। ਉਸ ਦੀ ਹੋਂਦ ਸਤਿਚਿਤ ਅਨੰਦ ਹੈ। ਉਹ ਵੀ ਇਸ ਪ੍ਰਭਾਵ ਅਧੀਨ ਕਣ ਕਣ ਵਿਚ ਟਿਕੇ ਹੋਏ ਪਾਰਬ੍ਰਹਮ ਦੇ ਦੀਦਾਰ ਕਰਨਾ ਲੋਚਦਾ ਹੈ ਤਾਂ ਹੀ ਉਹ ਕਹਿੰਦਾ ਹੈ।

*ਹਾਲੇ ਮੇਰੀਆਂ ਅੱਖਾਂ*
*ਪੂਰੀਆਂ ਸੁਜਾਖੀਆਂ ਨਾ*
*ਮੈਨੂੰ ਰੱਬ ਨਾ ਦਿਸਦਾ*
*ਹਰ ਥਾਂ ਹਰ ਕਿਸੀ ਚੀਜ਼ ਵਿਚ...*

ਕਵਿਤਾ ਵਿਚਲੀ ਉਸ ਦੀ ਰੱਬੀ ਭਾਲ ਨੇ ਉਸ ਨੂੰ ਇਕ ਸਾਂਝੀਵਾਲਤਾ ਦਾ ਪ੍ਰਤੀਕ ਬਣਾ ਦਿੱਤਾ ਹੈ 'ਜੇ ਤੂੰ ਮੇਰਾ ਹੋਵੇਂ'



ਇਕ ਅਕਾਲ ਪੁਰਖ ਅਤੇ ਸਰਵਸਾਂਝੇ ਪਰਮਾਤਮਾ ਵੱਲ ਸੰਕੇਤ ਕਰਦੀ ਹੈ।

*ਜੇ ਤੂੰ ਮੇਰਾ ਹੋਵੇ , ਮੈਂ ਦੇਖਾਂ ਨਿੱਤ ਤੈਨੂੰ*
*ਮੰਦਰ ਦੀ ਨਾ ਲੋੜ ਮੈਨੂੰ*
*ਮਸਜਿਦ, ਗਿਰਜਾ ਮੇਰਾ ਤੂੰ ਹੈਂ...*

ਕਰਮਕਾਂਡ ਰਹਿਤ ਨਿਰੋਲ ਸਿਕ ਉਸ ਦੇ ਹਿਰਦੇ ਨੂੰ ਆਪਣੀ ਤਰਫ਼ ਖਿੱਚ ਰਹੀ ਹੈ। ਆਪਣੇ ਆਪ ਨੂੰ ਉਸ ਪਰਮ ਸ਼ਕਤੀ ਵੱਲ ਵਧਣੋ ਰੋਕਣ ਲਈ ਇਸ ਤਰ੍ਹਾਂ ਅਸਮਰੱਥ ਹੈ ਜਿਵੇਂ ਉਹ ਆਪ ਪਤੰਗ ਅਤੇ ਉਸ ਦੀ ਡੋਰ ਪ੍ਰਮਾਤਮਾ ਹੱਥ ਹੋਵੇ ਅਤੇ ਉਹ ਉਸ ਨੂੰ ਖਿੱਚ ਰਿਹਾ ਹੋਵੇ।

*ਮੈ ਪਤੰਗ ਕਿਸੇ ਦੀ,*
*ਡੋਰਾਂ ਵਾਲਾ ਖਿੱਚਦਾ।*
*ਪਤੰਗ ਪਈ ਚੜ੍ਹਦੀ,*
*ਉੱਚੀ ਹਵਾ ਵਿਚ...*

ਉਹ ਤਾਂ ਪਰਮਾਤਮਾਂ ਦੇ ਦਰਸ਼ਨ ਚਾਹੁੰਦਾ ਉਸ ਨੂੰ ਕੋਈ ਫ਼ਰਕ ਨਹੀਂ ਬੁੱਧ ਬਣ ਕੇ ਆਵੇ, ਕ੍ਰਿਸ਼ਨ ਮੁਰਾਰੀ, ਸਿੱਖ ਗੁਰੂ ਜਾਂ ਹਜ਼ਰਤ ਮੁਹੰਮਦ ਸਾਹਿਬ। ਉਹ ਤਾਂ ਜੀਵ ਰੂਪੀ ਇਸਤਰੀ ਬਣ ਕੇ ਬੂਹੇ ਬਾਰੀਆਂ ਖੋਲ੍ਹ ਖੜ੍ਹਾ ਹੈ।

*ਮੈਂ ਤਾਂ ਬੂਹੇ ਬਾਰੀਆਂ ਖੋਲ੍ਹ ਖੜ੍ਹੀ*
*ਸਾਰੇ ਰੂਹਾਂ ਦੀਆਂ,*
*ਲੱਖਾਂ ਬਾਰੀਆਂ ਵਾਲਾ ਰੂਹ ਮੇਰਾ...*

ਉਸ ਦੇ ਕੰਨ ਤਾਂ ਹਮੇਸ਼ਾ ਪੰਡਿਤ-ਪ੍ਰੋਹਤ, ਮੁੱਲਾ-ਮੁਲਾਣਿਆਂ ਤੋਂ ਦੀਨ ਈਮਾਨ ਦੀ ਬਜਾਏ ਇਹ ਸੁਣਨਾ ਲੋਚਦੇ 'ਉਹ ਮੈਨੂੰ ਪਿਆਰ ਕਰਦਾ' ਬੁੱਧ ਦੀ ਸਮਾਧੀ, ਕ੍ਰਿਸ਼ਨ ਮੁਰਾਰੀ ਦੀ ਬਾਂਸਰੀ, ਕਲਗੀਆਂ ਵਾਲੇ ਦੇ ਸੁੰਮਾ ਦੀ ਟਾਪ, ਨਾਨਕ ਜੀ ਦੇ ਸ਼ਬਦਾਂ ਵਿਚ ਗੱਲ ਕੀ , ਜਲ-ਥਲ, ਚਾਰ ਦਿਸ਼ਾਵਾਂ, ਪੱਤੇ-ਪੱਤੇ, ਬੂਟੇ-ਬੂਟੇ ਅੰਦਰ ਕਾਦਰ ਦੀ ਭਾਲ ਹੈ। ਉਸ ਦੀ ਭਟਕਣਾ ਜਾਂ ਕਸ਼ਮਕਸ਼ ਜਾਂ ਰੱਬੀ ਭਾਲ ਵਿਚ ਸਥਿਰਤਾ ਜਾਂ ਖੜੋਤ ਵੀ ਆਉਂਦੀ ਜਦੋਂ ਭਾਈ ਵੀਰ ਸਿੰਘ ਦੇ ਪ੍ਰਭਾਵ ਸਦਕਾ ਸਿੱਖ ਧਰਮ ਵਿਚ ਵਾਪਸ ਆਉਂਦਾ ਹੈ। ਆਪਣੇ ਹਿਰਦੇ ਦੀ ਵਿਥਿਆ ਬਿਆਨ ਕਰਦਾ ਸਿੱਖ ਧਰਮ ਤੋਂ ਦੂਰ ਹੋਣ ਬਾਰੇ ਉਹ ਲਿਖਦਾ ਹੈ :

*ਕਟੋਰਾ ਲਾਲ ਲਾਲ ਗੁਰਾਂ ਵਾਲਾ ਨਾਮ ਸੀ*
*ਜਿਸ ਵਿਚ ਉਨ੍ਹਾਂ ਦਾ ਅੰਮ੍ਰਿਤ ਨਾਮ ਸੀ*
*ਹੱਥੋਂ ਮੇਰੇ ਛਹਿ ਪਿਆ ਸੀ ਆਪ ਮੁਹਾਰਾ*
*ਕਟੋਰਾ ਭੱਜਿਆ ਅੰਮ੍ਰਿਤ ਭੌਂ 'ਤੇ*
*ਵੀਟਿਆ ਗਿਆ ਮੈਥੀਂ...*

ਪ੍ਰੋ. ਪੂਰਨ ਸਿੰਘ ਪੰਜਾਬੀ, ਹਿੰਦੀ, ਅੰਗਰੇਜ਼ੀ, ਉਰਦੂ, ਫਾਰਸੀ, ਜਰਮਨੀ ਜਪਾਨੀ ਭਾਸ਼ਾਵਾਂ ਦਾ ਗਿਆਤਾ ਸੀ। ਉਸ ਨੇ ਉਲੱਥੇ ਜਾਂ ਅਨੁਵਾਦਤ ਸਾਹਿਤ ਦੀ ਬਜਾਏ ਮੂਲ ਭਾਸ਼ਾ ਵਿਚ ਸਾਹਿਤ ਪੜ੍ਹਿਆ। ਡੂੰਘੇ ਅਧਿਐਨ ਨੂੰ ਆਪਣੀ ਕਵਿਤਾ ਉੱਤੇ ਲਾਗੂ ਕੀਤਾ। ਸਿੱਖ ਧਰਮ ਵਿਚ ਮੁੜ ਤੋਂ ਆ ਕੇ ਉਸ ਦੀ ਕਵਿਤਾ ਸਰਵ ਧਰਮ ਸਤਿਕਾਰਦੀ ਰਹੀ। ਇਹ ਹੀ ਉਸ ਦੀ ਕਵਿਤਾ ਵਿਚਲੀ ਖੁੱਲ੍ਹਦਿਲੀ ਅਤੇ ਮਸਤਾਨੇ ਸੁਭਾਅ ਵਾਲੇ ਕਵੀ ਦੀ ਖ਼ਾਸੀਅਤ ਸੀ। •

---

## ਕਵਿਤਾਵਾਂ

### ਮੇਰਾ ਯਕੀਨ ਕਾਫੀ ਨਹੀਂ

ਵਿਚਾਰਾਂ ਦਾ ਵਿਰੋਧ ਹੋਵੇ
ਜਾਨਲੇਵਾ
ਜ਼ਰੂਰੀ ਨਹੀਂ
ਆਵਾਜ਼ ਦੇ ਕਤਲ
ਕਤਲ ਦੀ ਸਾਜ਼ਿਸ਼
ਸਾਜ਼ਿਸ਼ ਦੇ ਬਿਰਤਾਂਤ
ਬਿਰਤਾਂਤ ਦੇ ਪਾਤਰਾਂ
ਪਾਤਰਾਂ ਦੇ ਕਤਲ ਦੇ ਦਿਨ
ਤਾਜ਼ਾ-ਤਰੀਨ ਸਰਗਰਮੀਆਂ
ਮੈਨੂੰ ਯਕੀਨ ਹੈ
ਸੱਤਾ ਦੀ ਕੋਈ
ਸਿੱਧੀ ਅਸਿੱਧੀ
ਸ਼ਮੂਲੀਅਤ ਨਹੀਂ ਹੋਣੀ
ਹੋਰ ਬਹੁਤ ਕੁਝ ਹੈ
ਜੋ ਆਪ ਕਰਨਾ ਹੁੰਦਾ
ਆਪਣੇ ਹੱਥੀਂ
ਹੱਥ ਸੁੱਚੇ ਕਰਨੇ ਹੁੰਦੇ ਨੇ
ਰਸਮਾਂ ਨਿਭਾਉਣੀਆਂ
ਪਰਸ਼ਾਦ ਕਰਾਉਣੇ
ਵਿਰੋਧਾਂ ਦੀ ਖਿੱਲੀ ਉਡਾਉਣੀ
ਵਾਅਦਿਆਂ ਦੇ ਪੇਚ
ਮਨ ਦੀਆਂ ਗੱਲਾਂ ਦੇ ਪਰਪੰਚ
ਬਣਾਉਣੇ ਹੁੰਦੇ ਨੇ
ਆਪਣੇ ਕੁਣਬੇ ਦੇ ਸਰਪੰਚ
ਜਿਤਾਉਣੇ ਹੁੰਦੇ ਨੇ
ਤਾਹੀਂ ਤੇ ਯਕੀਨ ਹੈ ਮੈਨੂੰ
ਮੇਰਾ ਯਕੀਨ ਕਾਫੀ ਨਹੀਂ !



• ਦੇਵਿੰਦਰ ਸਿੰਘ ਜੌਹਲ, ਮੋਬਾਈਲ : 95010-13457

### ਬੱਦਲਾਂ 'ਚੋਂ ਚੰਨ ਤੱਕਦਾ

ਬੱਦਲਾਂ 'ਚੋਂ ਚੰਨ ਤੱਕਦਾ
ਨੀ ਮੈਂ ਚੰਨ ਦੇ ਗੁਆਂਢ ਘਰ ਪਾਵਾਂ
ਚੰਨ ਤੋਂ ਮੈਂ ਲੈ ਕੇ ਚਾਨਣੀ
ਪਿੰਡੇ ਉੱਤੇ ਮਲ-ਮਲ ਨ੍ਹਾਵਾਂ
ਤੱਕ ਤੱਕ ਸੋਹਣੇ ਚੰਨ ਨੂੰ
ਇਸ਼ਕ ਦੇ ਸੋਹਲੇ ਗਾਵਾਂ
ਚੰਨ ਉੱਤੇ ਡਾਹ ਕੇ ਚਰਖਾ
ਨੀ ਮੈਂ ਤੰਦ ਰਿਸ਼ਮਾਂ ਦੀ ਪਾਵਾਂ
ਚੰਨ ਦੀਆਂ ਰਿਸ਼ਮਾਂ ਦਾ
ਦੁਪੱਟੇ 'ਤੇ ਲਹਿਰੀਆ ਪਾਵਾਂ
ਇਸ਼ਕ 'ਚ ਸੋਹਣੇ ਚੰਨ ਦੇ
ਨੂਰ-ਨੂਰ ਹੋ ਜਾਵਾਂ
ਬੱਦਲਾਂ 'ਚ ਫਿਰਾਂ ਨੱਚਦੀ
ਨੀ ਮੈਂ ਅੰਬਰੀ ਪੀਂਘਾਂ ਪਾਵਾਂ
ਚੰਨ ਦੀ ਮੜ੍ਹਾ ਕੇ ਚਾਨਣੀ
ਨੀ ਮੈਂ ਗਲ਼ ਦਾ ਤਵੀਤ ਬਣਾਵਾਂ
ਸੀਨੇ ਨਾਲ ਲਾ ਕੇ ਚੰਨ ਨੂੰ
ਨੀ ਮੈਂ ਚੰਨ ਦੀ ਚਕੋਰ ਬਣ ਜਾਵਾਂ।



• ਜਸ ਪ੍ਰੀਤ

### ਪਾਣੀ

ਅੱਜ ਪਾਣੀ ਦੋਗਲੇ ਹੋ ਗਏ ਨੇ ਰਲ਼ ਸਾਫ਼ ਤੇ ਗੰਦਲੇ,
ਕਈ ਹੰਸਾਂ ਦੀ ਥਾਂ ਬੈਠੇ ਨੇ ਨਿਰਮਲ ਹੋਏ ਬਗਲੇ।

ਸਾਨੂੰ ਕੀਹਨੇ ਪੁੱਛਣਾ ਮੁੱਲ ਨਾ ਪੈਂਦਾ ਰਾਜੇ ਦਾ,
ਝੂਠੀ ਡੱਫਲੀ ਰੋਜ਼ ਵਜਾਵੇ ਨਾ ਸੱਚ ਸੁਣਦਾ ਵਾਜੇ ਦਾ।

ਹਰ ਕੋਈ ਹੁਝਾਂ ਮਾਰੇ ਸਮਝ ਨਾ ਆਉਂਦੀ ਏ,
ਕਲਯੁੱਗ ਨਾਚ ਨਚਾਵੇ ਜਾਂ ਕੁਦਰਤ ਗਾਉਂਦੀ ਏ।

ਰੋਜ਼ ਗਿੱਠ ਲੰਬਾ ਕੱਦ ਹੋ ਜਾਂਦਾ ਝੂਠੇ ਲੋਕਾਂ ਦਾ,
ਸਦਾ ਪੈਰਾਂ ਵਿਚ ਰੁਲਦਾ ਜੀਵਨ ਚੰਗੀਆਂ ਸੋਚਾਂ ਦਾ।



• ਲਵਲੀ ਬਰਾੜ ਭੇਖਾ , ਮੋਬਾਈਲ : 98789-49996

## ਗ਼ਜ਼ਲਾਂ

ਗੋਲੀ ਮਾਰ ਬੰਦੂਕ ਚਲਾਓ ਸ਼ਬਦ ਕਦੇ ਵੀ ਮਰਦੇ ਨਹੀਂ।
ਪੌਣਾਂ ਅੰਦਰ ਘੁਲ ਜਾਂਦੇ ਨੇ, ਵਕਤ ਅਜਾਈਂ ਕਰਦੇ ਨਹੀਂ।

ਰਾਜੇ ਨੂੰ ਸ਼ੀਂਹ ਆਖਣ ਵਾਲੀ ਪਿਰਤ ਮੇਰੇ ਗੁਰੂ ਨਾਨਕ ਦੀ,
ਹਾਲੇ ਤੀਕ ਮੁਕੱਦਮ ਜ਼ਹਿਰੀ, ਸ਼ੀਸ਼ੇ ਨੂੰ ਵੀ ਜਰਦੇ ਨਹੀਂ।

ਅੰਬਰ ਦੇ ਵਿਚ ਕਿੰਨੇ ਤਾਰੇ ਜਾਗ ਰਹੇ ਨੇ ਸਦੀਆਂ ਤੋਂ,
ਇਕ ਅੱਧ ਨੁੱਕਰ ਭੁਰ ਜਾਵੇ ਤਾਂ ਠੰਢੇ ਹਾਉਕੇ ਭਰਦੇ ਨਹੀਂ।

ਧਰਤੀ ਦੀ ਮਰਯਾਦਾ ਏਹੀ, ਚੋਰਾਂ ਨੂੰ ਬੱਸ ਚੋਰ ਕਹੋ,
ਹੱਕ ਸੱਚ ਤੇ ਇਨਸਾਫ਼ ਦੇ ਪਹਿਰੂ ਇਂਜ ਆਖਣ ਤੋਂ ਡਰਦੇ ਨਹੀਂ।

ਅੰਨ੍ਹੇ ਕੁੱਤੇ 'ਵਾ ਨੂੰ ਭੌਂਕਣ, ਦੁਸ਼ਮਣ ਦੀ ਪਹਿਚਾਣ ਬਿਨਾਂ,
ਆਪਣੀ ਨਸਲ ਬਿਨਾਂ ਬੇਨਸਲੇ, ਹੋਰ ਕਿਸੇ ਨੂੰ ਜਰਦੇ ਨਹੀਂ।

ਕਲਮਕਾਰ ਜੋ ਲਿਖੇ, ਮਿਟਾਵੇਂ, ਤੇਰੇ ਵੱਸ ਦੀ ਬਾਤ ਨਹੀਂ,
ਸ਼ਾਸਤਰਾਂ ਨੂੰ ਸ਼ਸਤਰ ਮਾਰੇ, ਸੂਰੇ ਏਦਾਂ ਕਰਦੇ ਨਹੀਂ।

ਇਕ ਦੀਵੇ ਦੀ ਲਾਟ ਬੁਝਾ ਕੇ ਤੇਜ਼ ਹਨੇਰੀ ਸਮਝੇ ਨਾ,
ਬੰਨ੍ਹ ਕਤਾਰਾਂ, ਜਗਦੇ ਜੁਗਨੂੰ, ਪੈਰ ਪਿਛਾਂਹ ਨੂੰ ਧਰਦੇ ਨਹੀਂ।



• ਗੁਰਭਜਨ ਗਿੱਲ, ਮੋਬਾਈਲ : 98726-31199

ਕਿਸੇ ਜੰਗਲ 'ਚ ਰਹਿ ਲਈਏ ਕਿ ਏਦੂੰ ਤਾਂ ਗ਼ਨੀਮਤ ਹੈ।
ਤਿਰੇ ਇਸ ਰਾਜ ਵਿਚ ਰਹਿ ਕੇ ਅਸਾਂ ਖੱਟੀ ਮੁਸੀਬਤ ਹੈ।

ਨਹੀਂ ਆਜ਼ਾਦ ਹੋਇਆ ਮੁਲਕ ਮੇਰਾ ਦੋਸਤੋ ਹਾਲੇ,
ਕਿ ਥੋੜ੍ਹੀ ਦੇਰ ਦੀ ਇਸ ਨੂੰ ਮਿਲੀ ਹਾਲੇ ਜ਼ਮਾਨਤ ਹੈ।

ਬੜਾ ਹੈ ਕਰਜ਼ ਮੇਰੇ ਪੁਰ ਮਿਰੀ ਇਸ ਮਾਤ ਭੂਮੀ ਦਾ,
ਮਿਰੇ ਹਰ ਖ਼ੂਨ ਦਾ ਕਤਰਾ ਤਾਂ ਏਸੇ ਦੀ ਅਮਾਨਤ ਹੈ।

ਮਰਾਂਗਾ ਲੋਕ ਘੋਲਾਂ ਵਿਚ ਮੈਂ ਪਿੱਛੇ ਨਹੀਂ ਹਟਦਾ,
ਇਹੋ ਮੇਰੀ ਅਦਾਵਤ ਹੈ, ਇਹੋ ਮੇਰੀ ਅਕੀਦਤ ਹੈ।

ਕਰਾਂ ਮਜ਼ਲੂਮ ਦੀ ਰਾਖੀ ਜ਼ੁਲਮ ਦਾ ਟਾਕਰਾ ਕਰ ਕੇ,
ਇਹੋ ਹੈ ਮਾਰਫ਼ਤ ਮੇਰੀ ਇਹੋ ਮੇਰੀ ਤਰੀਕਤ ਹੈ।

ਇਕੇਰਾਂ ਬੋਲ੍ਹ ਦੀ ਰਾਖੀ ਜਿੜ੍ਹਾ ਵੀ ਬੈਠ ਜਾਂਦਾ ਹੈ,
ਹਮੇਸ਼ਾਂ ਹੀ ਅਮਾਨਤ ਵਿਚ ਰਿਹਾ ਕਰਦਾ ਖ਼ਿਆਨਤ ਹੈ।

ਅਗਰ ਤੂੰ 'ਮੂਰਤੀ' ਚੁੱਕਦਾ ਨਹੀਂ ਇਨਸਾਨ ਦਾ ਝੰਡਾ,
ਤਿਰੀ ਇਹ ਬੁਜ਼ਦਿਲੀ ਹੈ ਇਹ ਨਹੀਂ ਤੇਰੀ ਦਿਆਨਤ ਹੈ।



• ਡਾ.ਰਾਮ ਮੂਰਤੀ, ਮੋਬਾਈਲ : 94174-49665

ਹਰ ਖ਼ੁਸ਼ੀ ਨੂੰ ਪਾਉਣ ਖਾਤਰ ਗਿਰ ਰਿਹਾ ਇਨਸਾਨ ਹੈ।
ਆਦਮੀ ਦੇ ਭੇਸ ਪਿੱਛੇ ਪਲ਼ ਰਿਹਾ ਸ਼ੈਤਾਨ ਹੈ।

ਕੂੜ ਚਾਲਾਂ ਖੇਡ ਬਾਬੇ ਭਰਮ ਏਨੇ ਪਾ ਰਹੇ
ਖੇਡ ਐਸੀ ਖੇਡਦੇ ਕਿ ਰੱਬ ਵੀ ਹੈਰਾਨ ਹੈ।

ਬੇਈਮਾਨੀ ਦਾ ਪਸਾਰਾ ਹਰ ਤਰਫ਼ ਹੀ ਫੈਲਿਆ,
ਲਾਲਚਾਂ ਦੇ ਵੱਸ, ਬੰਦਾ ਬਣ ਰਿਹਾ ਹੈਵਾਨ ਹੈ।

ਕੌਣ ਬਹਿ ਕੇ ਸੋਚਦਾ ਕਿ ਕੀ ਭਲਾ ਤੇ ਕੀ ਬੁਰਾ,
ਕੋਲ ਨਾ ਜ਼ਮੀਰ, ਬੈਠਾ ਕਰ ਰਿਹਾ ਨੁਕਸਾਨ ਹੈ।

ਹੋ ਗਏ ਨੇ ਆਮ ਚੋਰੀ, ਠੱਗੀਆਂ ਦੇ ਮਾਮਲੇ,
ਮਿਲ ਰਹੇ ਨੇ ਚੋਰ, ਕੁੱਤੀ ਵਿਕ ਰਿਹਾ ਈਮਾਨ ਹੈ।

ਦੌਲਤਾਂ ਤੇ ਸ਼ੋਹਰਤਾਂ ਨੇ ਨਾਲ ਜਾਣਾ ਨਾ ਕਦੀ,
ਚਾਰ ਦਿਨ ਦੀ ਖੇਡ, ਬੰਦਾ ਦੋ ਘੜੀ ਮਹਿਮਾਨ ਹੈ।

ਜ਼ੋਰ ਕਿੰਨਾ ਲਾ ਲਵੇ, ਪਰ ਸੱਚ ਏਹੋ ਆਖਰੀ,
ਮੌਤ ਹੈ ਅਟੱਲ ਸਭ ਨੇ ਜਾਵਣਾ ਸ਼ਮਸ਼ਾਨ ਹੈ।



• ਰਾਜਵਿੰਦਰ ਕੌਰ 'ਜਟਾਣਾ', ਮੋਬਾਈਲ : 97806-88270

## ਗੀਤ

### ਧੀਆਂ ਦੇ ਬੋਲ

ਧੀਆਂ ਦੇ ਬੋਲ ਚਿੜੀਆਂ ਦੀ ਚੀ-ਚੀ ਇਹੋ ਇਸ਼ਾਰਾ।
ਰਸਮਾਂ ਦੀ ਜ਼ੰਜ਼ੀਰ 'ਚ ਜਕੜਿਆ ਵਜੂਦ ਸਾਰਾ।

ਵਿਹੜੇ ਦੀ ਰੌਣਕ ਹਰ ਘਰ ਦਾ ਸ਼ਿੰਗਾਰ
ਰਹਿ ਜਾਣ ਤਰਸਦੀਆ ਨਾ ਮਿਲਦਾ ਪਿਆਰ
ਫੁੱਲਾਂ ਦੀ ਮਹਿਕ ਕਰੇ ਕੰਡਿਆ 'ਚ ਗੁਜ਼ਾਰਾ।

ਖੋਟੇ ਲੇਖ, ਸਿਰ ਦਾ ਭਾਰ, ਕਹਿ ਮਾਰਨ ਤਾਅਨੇ
ਭਾਵੇਂ ਸਦੀਆ ਤੋਂ ਇਨ੍ਹਾਂ ਦੇ ਰਿਣੀ ਨੇ ਜ਼ਮਾਨੇ
ਆਦਮੀ ਦੇ ਸਿਰ ਔਰਤ ਦਾ ਕਰਜ਼ ਹੈ ਭਾਰਾ।

ਬਾਬਲ ਨਾ ਸੁਣੇ ਤੇ ਦੁਨੀਆ ਵੀ ਅਣਜਾਣ
ਸਮਝੇ ਨਾ ਕੋਈ ਖ਼ਾਮੋਸ਼ ਅੱਖਾਂ ਦੀ ਜ਼ੁਬਾਨ
ਬਾਲੜੀਆਂ ਤਾਂ ਸਾਥੋਂ ਚਾਹੁੰਦੀਆਂ ਨੇ ਸਹਾਰਾ।

ਇਹ ਧਰਤੀ ਤੇ ਅੰਬਰ ਪਏ ਦਿੰਦੇ ਨੇ ਦੁਹਾਈ
ਕੁੱਖ ਦੇ ਕਾਤਲਾਂ ਨੇ ਅੱਤ ਬਹੁਤ ਮਚਾਈ
ਟੁੱਟ ਗਈ ਜੇ ਵਿਵੇਕ ਲੜੀ ਡੁੱਬ ਜਾਏਗਾ ਤਾਰਾ।



• ਵਿਵੇਕ ਕੁਮਾਰ, ਮੋਬਾਈਲ : 94633-84051

# ਵਿੱਤ ਮੰਤਰੀ ਚੀਮਾ ਵੱਲੋਂ ਨਾਬਾਰਡ ਦਾ 'ਸਟੇਟ ਫੋਕਸ ਪੇਪਰ' ਜਾਰੀ; ਵਿੱਤੀ ਸਾਲ 2024-25 ਦੌਰਾਨ ਤਰਜੀਹੀ ਖੇਤਰ ਲਈ 243606 ਕਰੋੜ ਰੁਪਏ ਦੀ ਕਰਜਾ ਸਮਰੱਥਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਵੱਲੋਂ ਕਰਵਾਏ ਗਏ 'ਸਟੇਟ ਕ੍ਰੈਡਿਟ ਸੈਮੀਨਾਰ' ਦੌਰਾਨ ਸੰਸਥਾ ਦਾ 'ਸਟੇਟ ਫੋਕਸ ਪੇਪਰ' (ਐਸ.ਐਫ.ਪੀ) 2024-25 ਜਾਰੀ ਕੀਤਾ। ਐਸ.ਐਫ.ਪੀ. ਵਿੱਚ ਵਿੱਤੀ ਸਾਲ 2024-25 ਦੌਰਾਨ ਪੰਜਾਬ ਵਿੱਚ ਤਰਜੀਹੀ ਖੇਤਰਾਂ ਲਈ 243606 ਕਰੋੜ ਰੁਪਏ ਦੀ ਕਰਜਾ ਸਮਰੱਥਾ ਦਾ ਅਨੁਮਾਨ ਲਗਾਇਆ ਗਿਆ ਹੈ।




ਸੈਮੀਨਾਰ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜੋਰ ਦਿੰਦਿਆ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਨਾਬਾਰਡ ਅਤੇ ਹੋਰ ਹਿੱਸੇਦਾਰਾਂ ਨਾਲ ਮਿਲ ਕੇ ਕੰਮ ਕਰਨ ਵਚਨਬੱਧ ਹੈ ਤਾਂ ਜੋ ਸੂਬੇ ਦੇ ਖੇਤੀਬਾੜੀ ਅਤੇ ਪੇਂਡੂ ਖੇਤਰਾਂ ਦੀ ਪੂਰੀ ਸਮਰੱਥਾ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਿਵੇਸ਼ ਲਈ ਇੱਕ ਯੋਗ ਮਾਹੌਲ ਬਣਾਉਣ ਅਤੇ ਇਹਨਾਂ ਪ੍ਰੋਜੈਕਟਾਂ ਦੇ ਲਾਭ ਹੇਠਲੇ ਪੱਧਰ ਤੱਕ ਪਹੁੰਚਣ ਨੂੰ ਯਕੀਨੀ ਬਣਾਉਣ ਲਈ ਦ੍ਰਿੜ ਹੈ।

ਪੰਜਾਬ ਦੀ ਪੇਂਡੂ ਆਰਥਿਕਤਾ ਦੀ ਮਜ਼ਬੂਤੀ ਲਈ ਨਿਵੇਸ਼ ਨੂੰ ਦਿਸ਼ਾ ਦੇਣ ਵਿੱਚ 'ਸਟੇਟ ਫੋਕਸ ਪੇਪਰ' ਦੀ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ, ਵਿੱਤ ਮੰਤਰੀ ਨੇ ਕਿਹਾ ਕਿ 'ਸਟੇਟ ਫੋਕਸ ਪੇਪਰ' ਨਿਵੇਸ਼ ਅਤੇ ਕਰਜ਼ੇ ਲਈ ਤਰਜੀਹੀ ਖੇਤਰਾਂ ਨੂੰ ਉਜਾਗਰ ਕਰਦੇ ਹੋਏ ਖੇਤੀਬਾੜੀ ਅਤੇ ਪੇਂਡੂ ਵਿਕਾਸ ਲਈ ਰਾਜ ਦੀ ਅੰਦਰ ਮੌਜੂਦ ਸੰਭਾਵਨਾਵਾਂ ਦਾ ਵਿਆਪਕ ਮੁਲਾਂਕਣ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਤਸੱਲੀ ਵਾਲੀ ਗੱਲ ਹੈ ਕਿ ਕੁੱਲ ਕਰਜ਼ਾ ਯੋਜਨਾ ਵਿੱਚੋਂ, ਖੇਤੀਬਾੜੀ ਕਰਜ਼ੇ ਦੀ ਸੰਭਾਵਨਾ ਦਾ ਹਿੱਸਾ 118445.86 ਕਰੋੜ ਰੁਪਏ (48.62%) ਹੈ, ਜਿਸ ਵਿੱਚ ਫਸਲੀ ਕਰਜ਼ਾ 69393.35 ਕਰੋੜ ਰੁਪਏ (28.49%) ਅਤੇ ਖੇਤੀਬਾੜੀ ਮਿਆਦੀ ਕਰਜ਼ਾ 24526.61 ਕਰੋੜ ਰੁਪਏ (19%) ਹੈ, ਅਤੇ ਇਸ ਦੇ ਨਾਲ ਹੀ ਐਮ.ਐਸ.ਐਮ.ਈ ਲਈ ਕਰਜਾ ਸੰਭਾਵਨਾ 80724.34 ਕਰੋੜ ਰੁਪਏ (33.14%) ਹੈ।

ਵਿੱਤ ਮੰਤਰੀ ਨੇ ਨਾਬਾਰਡ ਵੱਲੋਂ ਸ਼ੁਰੂ ਤੋਂ ਹੀ ਪੰਜਾਬ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਣ ਲਈ ਸ਼ਲਾਘਾ ਕੀਤੀ। ਉਨ੍ਹਾਂ ਨੇ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਹੇਠਾਂ ਜਾਣ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਫਸਲੀ ਵਿਭਿੰਨਤਾ ਦੀਆਂ ਪਹਿਲਕਦਮੀਆਂ, ਸੂਖਮ ਸਿੰਚਾਈ ਤਕਨੀਕਾਂ ਨੂੰ ਅਪਣਾਉਣ ਅਤੇ ਸਬੰਧਤ ਭਾਈਵਾਲਾਂ ਦੇ ਸਹਿਯੋਗ ਨਾਲ ਇਸ ਮੁੱਦੇ ਨੂੰ ਹੱਲ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਨੇ ਸਾਰੇ ਭਾਈਵਾਲਾਂ ਨੂੰ ਸੂਬੇ ਦੇ ਸਰਵਪੱਖੀ ਵਿਕਾਸ ਲਈ 'ਸਟੇਟ ਫੋਕਸ ਪੇਪਰ' ਤੋਂ ਅਗਵਾਈ ਲੈਣ ਦਾ ਸੱਦਾ ਦਿੱਤਾ। ਵਿੱਤ ਮੰਤਰੀ ਨੇ ਕਿਹਾ ਕਿ 'ਸਟੇਟ ਫੋਕਸ ਪੇਪਰ' ਬੈਂਕਾਂ ਅਤੇ ਹੋਰ ਵਿੱਤੀ ਸੰਸਥਾਵਾਂ ਦੀਆਂ ਤਰਜੀਹਾਂ ਨੂੰ ਰਾਜ ਦੇ ਵਿਕਾਸ ਟੀਚਿਆਂ ਨਾਲ ਜੋੜ ਕੇ ਮੁੱਖ ਖੇਤਰਾਂ ਵੱਲ ਸੇਧ ਦੇਣ ਵਿੱਚ ਮਦਦ ਕਰੇਗਾ।

ਇਸ ਦੌਰਾਨ ਵਿੱਤ ਮੰਤਰੀ ਨੇ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓਜ਼), ਸਵੈ-ਸਹਾਇਤਾ ਸਮੂਹ (ਐਸ.ਐਚ.ਜੀ), ਸੰਯੁਕਤ ਦੇਣਦਾਰੀ ਸਮੂਹਾਂ (ਜੇ.ਐਲ.ਜੀ) ਅਤੇ ਬੈਂਕਾਂ ਨੂੰ ਉਨ੍ਹਾਂ ਦੇ ਸਬੰਧਤ ਖੇਤਰਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ। ਇਸ ਮੌਕੇ 'ਤੇ ਲਗਾਈ ਗਈ ਪ੍ਰਦਰਸ਼ਨੀ ਵਿਖੇ ਵਿੱਤ ਮੰਤਰੀ ਨੇ ਨਾਬਾਰਡ ਦੀਆਂ ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਤੋਂ ਪਹਿਲਾਂ, ਸੈਮੀਨਾਰ ਨੂੰ ਸੰਬੋਧਨ ਕਰਦਿਆਂ, ਨਾਬਾਰਡ ਪੰਜਾਬ ਦੇ ਖੇਤਰੀ ਦਫ਼ਤਰ ਦੇ ਮੁੱਖ ਜਨਰਲ ਮੈਨੇਜਰ ਰਘੂਨਾਥ ਬੀ. ਨੇ ਪੰਜਾਬ ਦੇ ਪੇਂਡੂ ਵਿਕਾਸ ਨੂੰ ਤੇਜ਼ ਕਰਨ ਲਈ ਸਰੋਤਾਂ ਅਤੇ ਮੁਹਾਰਤ ਨੂੰ ਸਹੀ ਦਿਸ਼ਾ ਦੇਣ ਵਿੱਚ ਨਾਬਾਰਡ ਦੀ ਭੂਮਿਕਾ ਦਾ ਜਿਕਰ ਕਰਦਿਆਂ ਸੂਬੇ ਦੇ ਵਿਕਾਸ ਦੇ ਯਤਨਾਂ ਲਈ ਸੰਸਥਾ ਦੇ ਨਿਰੰਤਰ ਸਮਰਥਨ ਦੀ ਵਚਨਬੱਧਤ ਨੂੰ ਦੁਹਰਾਇਆ।

ਸੈਮੀਨਾਰ ਵਿੱਚ ਸਕੱਤਰ ਵਿੱਤ ਦੀਪਰਵਾ ਲਾਕਰਾ, ਐਮ.ਡੀ., ਪੰਜਾਬ ਰਾਜ ਕਾਪਰੇਟਿਵ ਬੈਂਕ ਦਵਿੰਦਰ ਸਿੰਘ, ਉਪ ਕੁਲਪਤੀ ਗੁਰੂ ਅੰਗਦ ਦੇਵ ਵੈਟਨਰੀ ਸਾਇੰਸਿਜ਼ ਯੂਨੀਵਰਸਿਟੀ ਡਾ. ਇੰਦਰਜੀਤ ਸਿੰਘ, ਵੀ.ਸੀ., ਗਡਵਾਸੂ, ਡੀ.ਜੀ.ਐਮ, ਆਰ.ਬੀ.ਆਈ. ਚੰਡੀਗੜ੍ਹ ਸਵਿਤਾ ਵਰਮਾ, ਚੇਅਰਮੈਨ, ਪੰਜਾਬ ਗ੍ਰਾਮੀਣ ਬੈਂਕ ਜੀ.ਕੇ.ਨੇਗੀ, ਅਤੇ ਸਬੰਧਤ ਵਿਭਾਗਾਂ, ਬੈਂਕਾਂ, ਖੇਤੀਬਾੜੀ ਯੂਨੀਵਰਸਿਟੀਆਂ ਦੇ ਹੋਰ ਨੁਮਾਇੰਦਿਆਂ ਨੇ ਵੀ ਹਿੱਸਾ ਲਿਆ।

# 'ਕੌਫ਼ੀ ਵਿਦ ਆਫ਼ੀਸਰ' ਪ੍ਰੋਗਰਾਮ ਦਾ ਆਗਾਜ਼, ਏ.ਡੀ.ਸੀ. ਹਰਜਿੰਦਰ ਸਿੰਘ ਬੇਦੀ ਵੱਲੋਂ ਰੁਜ਼ਗਾਰ ਦੀ ਚੋਣ ਲਈ ਨੌਜਵਾਨਾਂ ਦਾ ਮਾਰਗ ਦਰਸ਼ਨ


ਏ.ਡੀ.ਸੀ. ਦਿਹਾਤੀ ਵਿਕਾਸ ਡਾ. ਹਰਜਿੰਦਰ ਸਿੰਘ ਬੇਦੀ ਕੌਫ਼ੀ ਵਿਦ ਆਫ਼ੀਸਰ ਪ੍ਰੋਗਰਾਮ ਮੌਕੇ ਉਮੀਦਵਾਰਾਂ ਦਾ ਮਾਰਗ ਦਰਸ਼ਨ ਕਰਦੇ ਹੋਏ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਪਟਿਆਲਾ, 19 ਫਰਵਰੀ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਦੀ ਨਿਵੇਕਲੀ ਪਹਿਲਕਦਮੀ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਨੇ 'ਕੌਫ਼ੀ ਵਿਦ ਆਫ਼ੀਸਰ' ਦਾ ਆਗਾਜ਼ ਕੀਤਾ ਹੈ। ਇਸ ਤਹਿਤ ਅੱਜ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਨੇ ਪਟਿਆਲਾ ਜ਼ਿਲ੍ਹੇ ਦੇ ਉਤਸ਼ਾਹੀ ਨੌਜਵਾਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਰੋਜ਼ਗਾਰ ਦੀ ਚੋਣ ਕਰਨ ਲਈ ਮਾਰਗ ਦਰਸ਼ਨ ਕੀਤਾ।

ਡਾ. ਹਰਜਿੰਦਰ ਸਿੰਘ ਬੇਦੀ ਨੇ ਆਪਣੀ ਮੈਡੀਕਲ ਦੀ ਪੜ੍ਹਾਈ ਤੋਂ ਆਈ.ਏ.ਐਸ. ਬਣਨ ਦਾ ਸਫ਼ਰ ਅਤੇ ਨਿਜੀ ਤਜਰਬਾ ਸਾਂਝਾ ਕਰਦਿਆਂ ਨੌਜਵਾਨਾਂ ਨੂੰ ਟੀਚੇ ਨਿਰਧਾਰਤ ਕਰਕੇ ਮਿਹਨਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕੈਰੀਅਰ ਕਾਊਂਸਲਿੰਗ, ਮਾਰਗ ਦਰਸ਼ਨ, ਕੈਰੀਅਰ ਦੇ ਟੀਚਿਆਂ ਦਾ ਵਿਕਾਸ ਕਰਨਾ, ਨਿੱਜੀ ਸ਼ਕਤੀਆਂ ਤੇ ਕਮਜ਼ੋਰੀਆਂ ਦੀ ਪਛਾਣ ਕਰਨ ਸਮੇਤ ਨਿੱਜੀ ਤੇ ਸਰਕਾਰੀ ਸੈਕਟਰ ਵਿੱਚ ਕੈਰੀਅਰ/ਨੌਕਰੀ ਦੇ ਮੌਕਿਆਂ ਬਾਰੇ ਗਿਆਨ ਸਾਂਝਾ ਕਰਨਾ ਅਤੇ ਸਵੈ-ਰੁਜ਼ਗਾਰ ਲਈ ਆਤਮ ਵਿਸ਼ਵਾਸ ਵਧਾਉਣ ਦੇ ਨੁਕਤੇ ਸਾਂਝੇ ਕੀਤੇ।

ਏ.ਡੀ.ਸੀ. ਡਾ. ਬੇਦੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨੌਜਵਾਨਾਂ ਦਾ ਮਾਰਗ ਦਰਸ਼ਨ ਕਰਨ ਲਈ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਨੌਜਵਾਨਾਂ ਨਾਲ ਹਰ ਮਹੀਨੇ ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਦੇ ਅਫ਼ਸਰਾਂ ਨਾਲ ਮੁਲਾਕਾਤ ਕਰਨ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ https://forms.gle/-kF2swdxe8HUy3mtM6 ਲਿੰਕ ਉਪਰ ਰਜਿਸਟਰ ਕਰ ਸਕਦੇ ਹਨ ਜਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਬਲਾਕ-ਡੀ ਮਿੰਨੀ ਸਕੱਤਰੇਤ ਦੇ ਦਫ਼ਤਰ ਆ ਕੇ ਮਿਲ ਸਕਦੇ ਹਨ।

ਇਸ ਦੌਰਾਨ ਪੁੱਜੇ ਨੌਜਵਾਨ ਲੜਕੇ ਤੇ ਲੜਕੀਆਂ ਨੇ ਇਸ ਪ੍ਰੋਗਰਾਮ ਵਿਚ ਭਾਗ ਲੈ ਕੇ ਕਾਫੀ ਉਤਸਾਹਿਤ ਮਹਿਸੂਸ ਕੀਤਾ ਤੇ ਕੈਰੀਅਰ ਤੇ ਰੁਜ਼ਗਾਰ ਦੇ ਮੌਕੇ ਸਬੰਧੀ ਆਪਣੇ ਸ਼ੰਕੇ ਦੂਰ ਕਰਨ ਲਈ ਸਵਾਲ ਜਵਾਬ ਕੀਤੇ।ਪ੍ਰੋਗਰਾਮ ਮੌਕੇ ਰੋਜ਼ਗਾਰ ਅਫ਼ਸਰ ਕੰਵਲ ਪੁਨੀਤ ਕੌਰ ਤੇ ਤੇਜਵਿੰਦਰ ਸਿੰਘ, ਡਿਪਟੀ ਸੀਈਓ ਸਤਿੰਦਰ ਸਿੰਘ ਤੇ ਕੈਰੀਅਰ ਕਾਉਂਸਲਰ ਰੂਪਸੀ ਪਾਹੂਜਾ ਵੀ ਮੌਜੂਦ ਸਨ।

# ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਦਤਿਆਲ, ਗੋਲ, ਕਥਲੋਰ ਅਤੇ ਜਸਵਾਂ ਵਿਖੇ ਪਹੁੰਚ ਲਿਆ ਲੋਕ ਸੁਵਿਧਾ ਕੈਂਪਾਂ ਦਾ ਜਾਇਜਾ



**ਪਠਾਨਕੋਟ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਹੜੇ ਕੰਮਾਂ ਨੂੰ ਕਰਵਾਉਂਣ ਦੇ ਲਈ ਲੋਕਾਂ ਨੂੰ ਕਈ ਕਈ ਦਿਨ ਸਰਕਾਰੀ ਦਫਤਰਾਂ ਦੇ ਚੱਕਰ ਲਗਾਉਂਣੇ ਪੈਂਦੇ ਸਨ ਅੱਜ ਉਨ੍ਹਾਂ ਲੋਕਾਂ ਨੂੰ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਪਿੰਡ ਪਿੰਡ "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਲਗਾਏ ਜਾ ਰਹੇ ਲੋਕ ਸੁਵਿਧਾ ਕੈਂਪਾਂ ਵਿੱਚ ਇੱਕ ਹੀ ਦਿਨ ਵਿੱਚ ਲੋਕਾਂ ਦੇ ਕਾਗਜਾਤ ਤਿਆਰ ਹੋ ਰਹੇ ਹਨ। ਇਹ ਪ੍ਰਗਟਾਪਾ। ਇਹ ਪਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਵਣ ਅਤੇ ਜੰਗਲੀ ਜੀਵ ਸੁਰੱਖਿਆ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਪੰਜਾਬ ਨੇ ਅੱਜ ਪਿੰਡ ਜਸਵਾਂ ਵਿਖੇ ਲੋਕ ਸੁਵਿਧਾ ਕੈਂਪ ਦਾ ਦੋਰਾ ਕਰਨ ਮਗਰੋਂ ਕੀਤਾ।

ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਜ ਕੁਮਾਰ ਨਾਇਬ ਤਹਿਸੀਲਦਾਰ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿਘ, ਰਜਿੰਦਰ ਸਿੰਘ ਭਿੱਲਾ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਸੂਬੇਦਾਰ ਕੁਲਵੰਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਜਿਕਰਯੋਗ ਹੈ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਪਿੰਡ ਦਤਿਆਲ, ਜਸਵਾਂ, ਗੋਲ ਅਤੇ ਕਥਲੋਰ ਵਿਖੇ ਲੋਕ ਸੁਵਿਧਾ ਕੈਂਪ ਲਗਾਏ ਗਏ ਹਨ।

ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸਰਕਾਰੀ ਸੁਵਿਧਾਵਾਂ ਉਨ੍ਹਾਂ ਦੇ ਘਰ੍ਹਾਂ ਦੇ ਨਜਦੀਕ ਦੇਣ ਦੇ ਉਦੇਸ ਨਾਲ ਪੂਰੇ ਪੰਜਾਬ ਅੰਦਰ "ਆਪ ਦੀ ਸਰਕਾਰ ਆਪ ਦੇ ਦੁਆਰਾ" ਮੁਹਿੰਮ ਤਹਿਤ ਲੋਕ ਸੁਵਿਧਾ ਕੈਂਪ ਲਗਾ ਰਹੀ ਹੈ। ਇਨ੍ਹਾਂ ਕੈਂਪਾਂ ਵਿੱਚ ਪਹੁੰਚ ਰਹੇ ਲੋਕਾਂ ਦੇ ਕਾਰਜ ਮੋਕੇ ਤੇ ਹੀ ਕੀਤੇ ਜਾਂਦੇ ਹਨ। ਜਿਸ ਦੇ ਚਲਦਿਆਂ ਲੋਕਾਂ ਵਿੱਚ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਵਿੱਚ ਲੋਕ ਸੁਵਿਧਾ ਕੈਂਪ ਲਗਾ ਕੇ ਇੰਨ੍ਹਾਂ ਕੈਂਪਾਂ ਦਾ ਲਾਭ ਲੋਕਾਂ ਨੂੰ ਸਿੱਧੇ ਰੂਪ ਵਿੱਚ ਦਿੱਤਾ ਜਾ ਰਿਹਾ ਹੈ ਅਤੇ ਕੈਂਪ ਵਿੱਚ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਦੇ ਰਹੇ ਹਨ।

# ਮਾਮਲਾ ਮਿਸ਼ਨ ਦੀ ਜ਼ਿਲ੍ਹਾ ਪ੍ਰਧਾਨ ਨਾਲ ਬਦਸਲੂਕੀ ਕਰਨ ਦਾ

## ਜ਼ਲਦ ਕਾਰਵਾਈ ਨਾ ਕੀਤੀ ਤਾਂ ਵੱਡੇ ਪੱਧਰ 'ਤੇ ਖੋਲਾਂਗੇ ਮੋਰਚਾ: ਦਰਸ਼ਨ ਕਾਂਗੜਾ ਕੌਮੀ ਪ੍ਰਧਾਨ



**ਲੁਧਿਆਣਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੇ ਲੁਧਿਆਣਾ ਤੋਂ ਨੇਹਾ ਚੰਡਾਲੀਆ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਲੁਧਿਆਣਾ ਨਾਲ ਮਿਉਂਸਪਲ ਕਾਰਪੋਰੇਸ਼ਨ ਲੁਧਿਆਣਾ ਦੇ ਇੱਕ ਕਲਰਕ ਵੱਲੋਂ ਕੀਤੀ ਗਈ ਬਦਸਲੂਕੀ ਦਾ ਮਾਮਲਾ ਭਖਦਾ ਨਜ਼ਰ ਆ ਰਿਹਾ ਹੈ ਜਿਸ ਦੇ ਚਲਦਿਆਂ ਭਾਰਤੀਯ ਅੰਬੇਡਕਰ ਮਿਸ਼ਨ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਨੇਹਾ ਚੰਡਾਲੀਆ ਨਾਲ ਬਦਸਲੂਕੀ ਕਰਨ ਵਾਲੇ ਕਲਰਕ ਖਿਲਾਫ ਕਾਰਵਾਈ ਨਾ ਕਰਨ ਤੇ ਲੁਧਿਆਣਾ ਪੁਲਿਸ ਨੂੰ ਚੇਤਾਵਨੀ ਦਿੰਦਿਆਂ ਵੱਡੇ ਪੱਧਰ ਤੇ ਮੋਰਚਾ ਖੋਲ੍ਹਣ ਦਾ ਐਲਾਨ ਕਰ ਦਿੱਤਾ ਹੈ।

ਜਿਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਲੁਧਿਆਣਾ ਤੋਂ ਜ਼ਿਲ੍ਹਾ ਪ੍ਰਧਾਨ ਨੇਹਾ ਚੰਡਾਲੀਆ ਨੇ ਦੱਸਿਆ ਕਿ ਉਨ੍ਹਾਂ ਦੇ ਪਤੀ ਜ਼ੋ ਲੁਧਿਆਣਾ ਕਾਰਪੋਰੇਸ਼ਨ ਵਿੱਚ ਨੌਕਰੀ ਕਰਦੇ ਹਨ ਜਿਨ੍ਹਾਂ ਇੱਕ ਲੋਨ ਲਿਆ ਸੀ ਅਤੇ ਉਸ ਦੀਆਂ ਸਾਰੀਆਂ ਕਿਸ਼ਤਾਂ ਭਰਨ ਦੇ ਬਾਵਜੂਦ ਉਨ੍ਹਾਂ ਦੀ ਤਨਖ਼ਾਹ ਵਿਚੋਂ ਪੈਸੇ ਕੱਟ ਲਏ ਜਾਂਦੇ ਸਨ ਜਿਸ ਸਬੰਧੀ ਜਦੋਂ ਨੇਹਾ ਚੰਡਾਲੀਆ ਵੱਲੋਂ ਦਫਤਰ ਜਾ ਕੇ ਉਨ੍ਹਾਂ ਸਬੰਧਤ ਕਲਰਕ ਨਾਲ ਗੱਲਬਾਤ ਕੀਤੀ।

# ਆਈਵੀਵਾਈ ਗਰੁੱਪ ਆਫ਼ ਹਾਸਪਿਟਲਸ ਨੇ ਸੀਨੀਅਰ ਸਿਟੀਜ਼ਨ ਪ੍ਰਿਵੀਲੇਜ ਕਾਰਡ ਲਾਂਚ ਕੀਤਾ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਸਿਟੀਜ਼ਨ ਦੀਆਂ ਸਿਹਤ ਸੰਭਾਲ ਲੋੜਾਂ ਨੂੰ ਬਿਹਤਰ ਬਣਾਉਣ ਲਈ 5 ਹਸਪਤਾਲ, 750 ਬਿਸਤਰਿਆਂ, 280 ਆਈਸੀਯੂ ਬਿਸਤਰਿਆਂ ਅਤੇ ਹਰ ਸਾਲ 3 ਲੱਖ ਤੋਂ ਵੱਧ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਪੰਜਾਬ ਦੇ ਸਭ ਤੋਂ ਵੱਡੇ ਸੁਪਰ ਸਪੈਸ਼ਲਿਟੀ ਹਸਪਤਾਲ ਨੈਟਵਰਕ ਆਈਵੀਵਾਈ ਗਰੁੱਪ ਆਫ਼ ਹਸਪਤਾਲ ਨੇ ਅੱਜ ਸੀਨੀਅਰ ਸਿਟੀਜ਼ਨ ਲਈ ਵਿਸ਼ੇਸ਼ ਪ੍ਰਿਵੀਲੇਜ ਕਾਰਡ ਲਾਂਚ ਕੀਤਾ ਹੈ। । ਕ੍ਰਿਟੀਕਲ ਕੇਅਰ ਦੇ ਮੁਖੀ ਅਤੇ ਗਰੁੱਪ ਮੈਡੀਕਲ ਡਾਇਰੈਕਟਰ ਡਾ( ਬ੍ਰਿਗੇਡੀਅਰ) ਸਾਧਨ ਸਾਹਨੀ ਨੇ ਦੱਸਿਆ ਕਿ ਇਹ ਵਿਸ਼ੇਸ਼ ਅਧਿਕਾਰ ਕਾਰਡ ਕੰਸਲਟੈਂਟ, ਰੇਡੀਓਲੋਜੀ, ਲੈਬ ਟੈਸਟ, ਐਮਰਜੈਂਸੀ ਵਿੱਚ ਮੁਫਤ ਐਂਬੂਲੈਂਸ ਸੇਵਾਵਾਂ 'ਤੇ ਛੋਟ ਦੇ ਨਾਲ-ਨਾਲ 18 ਵੱਖ-ਵੱਖ ਵਿਸ਼ੇਸ਼ ਪ੍ਰਿਵੀਲੇਜ ਸਹੂਲਤਾਂ ਮੁਫਤ ਪ੍ਰਦਾਨ ਕਰੇਗਾ। ਕਾਰਡਧਾਰਕ ਆਰਬੀਐਸ, ਈਸੀਜੀ ਅਤੇ ਈਸੀਐਚਓ ਆਦਿ ਵਰਗੇ ਮੁਫਤ ਜ਼ਰੂਰੀ ਟੈਸਟਾਂ ਦਾ ਵੀ ਲਾਭ ਲੈ ਸਕਦੇ ਹਨ।




ਪ੍ਰੀਵਿਲੇਜ ਕਾਰਡ ਲਈ ਰਜਿਸਟ੍ਰੇਸ਼ਨ ਕਰਵਾਉਣ ਲਈ, ਸੀਨੀਅਰ ਸਿਟੀਜ਼ਨ ਆਈਵੀਵਾਈ ਗਰੁੱਪ ਦੇ 5 ਹਸਪਤਾਲਾਂ ਮੋਹਾਲੀ, ਅੰਮ੍ਰਿਤਸਰ, ਖੰਨਾ, ਨਵਾਂਸ਼ਹਿਰ ਅਤੇ ਹੁਸ਼ਿਆਰਪੁਰ ਵਿੱਚੋਂ ਕਿਸੇ ਇੱਕ ਵਿੱਚ ਰਜਿਸਟਰ ਕਰ ਸਕਦੇ ਹਨ।

ਡਾ ਸਾਹਨੀ ਨੇ ਅੱਗੇ ਦੱਸਿਆ ਕਿ ਭਾਰਤ ਵਿੱਚ 60 ਸਾਲ ਤੋਂ ਵੱਧ ਉਮਰ ਦੇ 149 ਮਿਲੀਅਨ ਲੋਕ ਹਨ ਜੋ ਕਿ ਆਬਾਦੀ ਦਾ 10.5% ਹੈ ਅਤੇ 2050 ਤੱਕ ਇਹ ਦੁੱਗਣੀ ਹੋ ਕੇ 20.8% ਹੋ ਜਾਵੇਗੀ ਅਤੇ ਕੁੱਲ ਗਿਣਤੀ 347 ਮਿਲੀਅਨ ਹੋ ਜਾਵੇਗੀ ਅਤੇ ਇਸ ਦੇ ਅੰਤ ਤੱਕ ਸਦੀ ਇਹ ਵਧ ਕੇ 36% ਹੋ ਜਾਵੇਗਾ।

# ਕੰਬਾਈਨ ਐਸੋਸੀਏਸ਼ਨ ਵਲੋਂ ਕਿਸਾਨੀ ਸੰਘਰਸ ਦੀ ਹਮਾਇਤ ਦਾ ਐਲਾਨ



**ਨਾਭਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕੰਮਬਾਈਨ ਐਂਡ ਐਗਰੀਕਲਚਰ ਇੰਮਲੀਮੈਂਟਸ ਮੈਨੂੰਫੈਕਚਰਜ ਵੈਲਫੇਅਰ ਐਸੋਸੀਏਸ਼ਨ ਰਜਿਸਟਡ ਵਲੋਂ ਪ੍ਰਧਾਨ ਅਵਤਾਰ ਸਿੰਘ ਨੰਨੜੇ ਦੀ ਅਗਵਾਈ ਹੇਠ ਇੱਕ ਹੰਗਾਮੀ ਮੀਟਿੰਗ ਸੱਦੀ ਗਈ ਜਿਸ ਜਿਸ ਵਿੱਚ ਵਿਸ਼ਵਕਰਮਾ ਵੈਲਫੇਅਰ ਸੋਸਾਇਟੀ ਵਲੋਂ ਵਿਸ਼ਵਕਰਮਾ ਭਵਨ ਦੀ ਚੱਲ ਰਹੀ ਉਸਾਰੀ ਵਿੱਚ ਸੋਸਾਇਟੀ ਦੇ ਸਰਗਰਮ ਮੈਂਬਰ ਗੁਰਮੇਲ ਹੀਰਾ ਕੰਬਾਈਨ ਵਲੋਂ ਦਿੱਤੇ ਜਾ ਰਹੇ ਸਹਿਯੋਗ ਲਈ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਐਸੋਸੀਏਸ਼ਨ ਵਲੋਂ ਕੇਂਦਰ ਸਰਕਾਰ ਤੋਂ ਆਪਣੀਆਂ ਮੰਗਾਂ ਮਨਵਾਉਣ ਲਈ ਵਿੱਢੇ ਸੰਘਰਸ਼ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਇਸ ਮੌਕੇ ਪ੍ਰਧਾਨ ਅਵਤਾਰ ਸਿੰਘ ਨੰਨੜੇ ਕੇਂਦਰ ਸਰਕਾਰ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਸਾਨਾਂ ਦੀਆਂ ਹੱਕੀ ਮੰਗਾਂ ਤੁਰੰਤ ਮੰਨਣ ਦੀ ਮੰਗ ਕੀਤੁ ਗਈ।

ਇਸ ਮੌਕੇ ਵਿਸਵਕਰਮਾ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਚਰਨ ਸਿੰਘ ਗੁਪਤਾ ਐਮ ਡੀ ਮਲਕੀਤ ਕੰਮਬਾਈਨ, ਚੈਅਰਮੈਨ ਭਗਵੰਤ ਸਿੰਘ ਰਾਮਗੜੀਆ, ਮੀਤ ਪ੍ਰਧਾਨ ਪਾਖਰਸਿੰਘ ਐਮ ਡੀ ਹਰਦੇਵ ਕੰਬਾਈਨ, ਕੌਸਲਰ ਹਰਪ੍ਰੀਤ ਸਿੰਘ ਪ੍ਰੀਤ ਐਮ ਡੀ ਐਮ ਐਸ ਕੰਬਾਈਨ,ਲਖਵਿੰਦਰ ਸਿੰਘ ਲੱਖੀ ਐਮ ਡੀ ਗਹੀਰ ਕੰਬਾਈਨ, ਅਮਰੀਕ ਸਿੰਘ ਐਮ ਡੀ ਗਹੀਰ ਕੰਬਾਈਨ, ਬਲਜਿੰਦਰ ਸਿੰਘ ਐਮ ਡੀ ਸਿਆਣ ਕੰਬਾਈਨ ਸਰਬਜੀਤ ਸਿੰਘ ਐਮ ਡੀ ਸਾਰਕੋ ਕੰਬਾਈਨ, ਗਿਆਨ ਚੰਦ ਵਿਰਦੀ ਵਿਰਦੀ ਨਿਉ ਫਰਨੀਚਰ, ਗੁਰਮੀਤ ਸਿੰਘ ਪਨੇਸਰ, ਅਵਤਾਰ ਸਿੰਘ ਮਠਾੜੂ, ਸੁਨੀਲ ਕੁਮਾਰ ਆਸੋਕਾ ਲੈਲੈਂਡ ਤੋਂ ਇਲਾਵਾ ਐਸੋਸੀਏਸ਼ਨ ਦੇ ਅਹੁੱਦੇਦਾਰ, ਅਤੇ ਮੈਂਬਰ ਮੋਜੂਦ ਸਨ।

# ਜੱਜ ਬਣ ਕੇ ਯਾਦਵਿੰਦਰ ਨੇ ਕਕਰਾਲਾ ਭਾਈਕਾ ਦਾ ਨਾਂ ਰੌਸ਼ਨ ਕੀਤਾ



**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਪੀਸੀਐੱਸ ਜੁਡੀਸ਼ਲ ਦੇ ਸਾਲ 2023 ਦੇ ਐਲਾਨੇ ਨਤੀਜਿਆਂ ਵਿੱਚੋਂ 65ਵਾਂ ਸਥਾਨ ਹਾਸਿਲ ਕਰਕੇ ਯਾਦਵਿੰਦਰ ਸਿੰਘ ਪਾਪੜਾ ਨੇ ਆਪਣੇ ਮਾਤਾ-ਪਿਤਾ ਦੇ ਨਾਲ਼ ਪਿੰਡ ਕਕਰਾਲਾ ਭਾਈਕਾ ਦਾ ਨਾਂ ਰੌਸ਼ਨ ਕੀਤਾ ਹੈ।ਸਧਾਰਨ ਪੇਂਡੂ ਪਰਿਵਾਰ ਵਿੱਚ ਜਨਮੇ ਯਾਦਵਿੰਦਰ ਸਿੰਘ ਨੇ ਮੁੱਢਲੀ ਸਿੱਖਿਆ ਪਿੰਡ ਕਕਰਾਲਾ ਤੋਂ ਹਾਸਲ ਕਰਨ ਉਪਰੰਤ ਕਾਨੂੰਨ ਦੀ ਪੜ੍ਹਾਈ ਪੰਜਾਬ ਯੂਨੀਵਰਸਿਟੀ ਦੇ ਰਿਜਨਲ ਸੈਂਟਰ ਲੁਧਿਆਣਾ ਤੋਂ ਕਰਕੇ ਪੀਸੀਐੱਸ ਜੁਡੀਸ਼ਲ ਦੀ ਤਿਆਰੀ ਆਪਣੇ ਚਾਚਾ ਸੁਖਚੈਨ ਸਿੰਘ ਪੀਸੀਐੱਸ (ਐਲਾਈਡ) ਡੀਡੀਪੀਓ ਸੰਗਰੂਰ ਦੀ ਦੇਖ-ਰੇਖ ਹੇਠ ਆਰੰਭ ਕੀਤੀ। ਉਨ੍ਹਾਂ ਪਹਿਲੀ ਕੋਸ਼ਿਸ਼ ਵਿੱਚ ਇਹ ਵੱਕਾਰੀ ਪ੍ਰੀਖਿਆ ਪਾਸ ਕਰ ਕੇ ਜੱਜ ਦਾ ਸਨਮਾਨਯੋਗ ਅਹੁਦਾ ਛੋਟੀ ਉਮਰੇ ਹਾਸਿਲ ਕੀਤਾ।

ਯਾਦਵਿੰਦਰ ਨੇ ਦੱਸਿਆ ਕਿ ਉਸ ਦੇ ਮਾਤਾ ਮਨਜੀਤ ਕੌਰ ਘਰੇਲੂ ਔਰਤ ਅਤੇ ਪਿਤਾ ਗੁਰਦਾਸ ਸਿੰਘ ਪੰਜਾਬ ਪੁਲੀਸ ਵਿੱਚ ਬਤੌਰ ਸਹਾਇਕ ਸਬ ਇੰਸਪੈਕਟਰ ਤਾਇਨਾਤ ਹਨ।

# ਸਰਕਾਰਾਂ ਹੋਈਆਂ ਨਾਕਾਮ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ ਬਾਬਾ ਸੁੱਚਾ ਸਿੰਘ ਅਤੇ ਬਾਬਾ ਸਤਨਾਮ ਸਿੰਘ ਵੱਲੋਂ ਆਪਣੇ ਖਰਚੇ ਤੇ ਬਣਾਈ ਸੜਕ

**ਸ੍ਰੀ ਅਨੰਦਪੁਰ ਸਾਹਿਬ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਾਂ ਦੇ ਪ੍ਰਸਿੱਧ ਛੇ ਰੋਜਾ ਕੌਮੀ ਤਿਉਹਾਰ ਹੋਲੇ ਮਹੱਲੇ ਤੇ ਜਿੱਥੇ ਸੰਗਤਾਂ ਦੇਸ਼ਾਂ ਵਿਦੇਸ਼ਾਂ ਤੋਂ ਨਤਮਸਤਕ ਹੋਣ ਲਈ ਸ੍ਰੀ ਅਨੰਦਪੁਰ ਸਾਹਿਬ ਤਖਤ ਸ਼੍ਰੀ ਕੇਸਗੜ ਸਾਹਿਬ ਵਿਖੇ ਆਉਂਦੀਆਂ ਹਨ ਉੱਥੇ ਹੀ ਵੱਖ-ਵੱਖ ਥਾਵਾਂ ਤੋਂ ਆਉਂਦੀਆਂ ਸੰਗਤਾਂ ਵਾਸਤੇ ਕਈ ਪ੍ਰਬੰਧ ਮੁਕੰਮਲ ਕੀਤੇ ਜਾਂਦੇ ਹਨ ਜਿੱਥੇ ਥਾਂ ਥਾਂ ਤੇ ਲੰਗਰ ਅਤੇ ਹੋਰ ਸੁਵਿਧਾਵਾਂ ਸਥਾਨਕ ਵਾਸੀਆ ਵੱਲੋਂ ਸੰਗਤਾਂ ਲਈ ਕੀਤੀ ਹੋ ਜਾਂਦੀ ਹ ਉਥੇ ਹੀ



ਸ੍ਰੀ ਆਨੰਦਪੁਰ ਸਾਹਿਬ ਗੜਸ਼ੰਕਰ ਸੜਕ ਦੇ ਖਸਤਾ ਹਾਲਤ ਨੂੰ ਮੁੱਖ ਰੱਖਦੇ ਹੋਏ ਦੁਆਬੇ ਨੂੰ ਜੋੜਨ ਵਾਲੀ ਸੜਕ ਦੀ ਮੁਰੰਮਤ ਹੋਲੇ ਮਹੱਲੇ ਤੋਂ ਪਹਿਲਾ ਕਰਵਾਉਣ ਲਈ ਕਈ ਵਾਰ ਸਰਕਾਰਾਂ ਨੂੰ ਬੇਨਤੀਆਂ ਕਰ ਦਿੱਤੀਆਂ ਗਈਆਂ ਸਨ ਪਰ ਫਿਰ ਵੀ ਇਸ ਸੜਕ ਦਾ ਕੰਮ ਹੋਲੇ ਮਹੱਲੇ ਤੋਂ ਪਹਿਲਾਂ ਆਰੰਭ ਨਾ ਹੋ ਪਾਇਆ ਜਿਸ ਦੇ ਕਾਰਨ ਸੰਗਤਾਂ ਦੀ ਪਰੇਸ਼ਾਨੀ ਨੂੰ ਮੁੱਖ ਰੱਖਦੇ ਹੋਏ ਇਸ ਦਾ ਹੱਲ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਬਾਬਾ ਸੁੱਚਾ ਸਿੰਘ ਅਤੇ ਸਤਨਾਮ ਸਿੰਘ ਵੱਲੋਂ ਸਾਂਝੇ ਤੌਰ ਤੇ ਇਸ ਸੜਕ ਨੂੰ ਆਪਣੇ ਖਰਚੇ ਤੇ ਬਣਾਉਣ ਦਾ ਫੈਸਲਾ ਕੀਤਾ ਹੈ ਇੱਥੇ ਦੱਸ ਦਈਏ ਕਿ ਦੁਆਬੇ ਤੋਂ ਆਉਣ ਵਾਲੀ ਸੰਗਤ ਨੂੰ ਸੜਕ ਦੀ ਖਸਤਾ ਹਾਲਤ ਕਾਰਨ ਆਉਂਦੀ ਪਰੇਸ਼ਾਨੀ ਨੂੰ ਦੂਰ ਕਰਨ ਲਈ ਇਹ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਕਾਰ ਸੇਵਾ ਵਾਲੇ ਬਾਬਾ ਸੁੱਚਾ ਸਿੰਘ ਜੀ ਵੱਲੋਂ ਕਰਵਾਈ ਜਾ ਰਹੀ ਹੈ।

# ਸੀਡੀਪੀ ਨੇ ਨਿਸਾਨ ਦੇ ਕਾਰਪੋਰੇਟ ਸਸਟੇਨੇਬਿਲਟੀ ਯਤਨਾਂ ਦੀ ਸ਼ਲਾਘਾ ਕੀਤੀ

**ਚੰਡੀਗੜ੍ਹ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਸਾਨ ਮੋਟਰ ਕੰਪਨੀ ਲਿਮਟਿਡ ਨੇ ਕਾਰਪੋਰੇਟ ਸਸਟੇਨੇਬਿਲਟੀ ਦੇ ਖੇਤਰ ਵਿੱਚ ਇੱਕ ਵਾਰ ਫਿਰ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਨਿਸਾਨ ਦੀ ਗਲੋਬਲ ਵਾਤਾਵਰਣ ਸੁਰੱਖਿਆ ਐਨਜੀਓ ਸੀਡੀਪੀ ਦੁਆਰਾ ਪ੍ਰਸ਼ੰਸਾ ਕੀਤੀ ਗਈ ਹੈ।

ਲਗਾਤਾਰ ਪੰਜਵੇਂ ਸਾਲ, ਪਾਣੀ ਦੀ ਸੁਰੱਖਿਆ ਪ੍ਰਤੀ ਨਿਸਾਨ ਦੇ ਯਤਨਾਂ ਨੂੰ ਸੀਡੀਪੀ ਦੀ ਵੱਕਾਰੀ 'ਏ' ਸੂਚੀ ਵਿੱਚ ਮਾਨਤਾ ਦਿੱਤੀ ਗਈ ਹੈ। ਜਲਵਾਯੂ ਪਰਿਵਰਤਨ ਪ੍ਰਤੀ ਨਿਸਾਨ ਦੇ ਯਤਨਾਂ ਨੂੰ ਵੀ 'ਏ' ਸੂਚੀ ਮਿਲੀ ਹੈ। ਨਿਸਾਨ ਲਗਾਤਾਰ 11 ਸਾਲਾਂ ਤੋਂ ਇਸ ਸ਼੍ਰੇਣੀ ਵਿੱਚ ਲੀਡਰਸ਼ਿਪ ਦੀ ਸਥਿਤੀ ਵਿੱਚ ਹੈ।

ਸੀਡੀਪੀ ਦੀ ਸਾਲਾਨਾ ਵਾਤਾਵਰਣ ਖੁਲਾਸੇ ਅਤੇ ਸਕੋਰਿੰਗ ਪ੍ਰਕਿਰਿਆ ਨੂੰ ਵਿਸ਼ਵ ਪੱਧਰ 'ਤੇ ਕਾਰਪੋਰੇਟ ਵਾਤਾਵਰਣ ਪਹਿਲਕਦਮੀਆਂ ਵਿੱਚ ਪਾਰਦਰਸ਼ਤਾ ਲਈ ਉੱਚ ਮਿਆਰ ਵਜੋਂ ਮਾਨਤਾ ਪ੍ਰਾਪਤ ਹੈ।




ਸੀਡੀਪੀ ਨੇ ਨਿਸਾਨ ਦੀ ਹੇਠਾਂ ਕਦਮਾਂ ਲਈ ਤਾਰੀਫ਼ ਕੀਤੀ:

- ਗਲੋਬਲ ਇਨਵਾਇਰਨਮੈਂਟਲ ਮੈਨੇਜਮੈਂਟ ਕਮੇਟੀ ਅਤੇ ਰੀਜਨਲ ਕਮੇਟੀਆਂ ਦੀ ਜਲਵਾਯੂ ਪਰਿਵਰਤਨ ਅਤੇ ਜਲ ਸੁਰੱਖਿਆ ਚੁਣੌਤੀਆਂ ਦਾ ਵਿਆਪਕ ਪ੍ਰਬੰਧਨ, ਸੰਭਾਵੀ ਖਤਰਿਆਂ ਨੂੰ ਹੱਲ ਕਰਨ ਲਈ ਕਾਰਵਾਈ ਕਰਨ ਸਮੇਤ।
- ਜਲਵਾਯੂ ਪਰਿਵਰਤਨ ਸੂਚਕਾਂਕ 'ਤੇ ਆਧਾਰਿਤ ਕਾਰਜਕਾਰੀ ਮੁਆਵਜ਼ਾ ਪ੍ਰਣਾਲੀ।
- ਸੰਚਾਲਨ ਅਤੇ ਨਿਸਾਨ ਉਤਪਾਦਾਂ ਦੇ ਜੀਵਨ ਚੱਕਰ ਲਈ 2050 ਤੱਕ ਕਾਰਬਨ ਨਿਰਪੱਖਤਾ ਦੇ ਟੀਚੇ ਨੂੰ ਉਤਸ਼ਾਹਿਤ ਕਰਨ ਲਈ।
- ਸੁੰਦਰਲੈਂਡ, ਯੂਕੇ ਵਿੱਚ ਨਿਸਾਨ ਦੀ ਫੈਕਟਰੀ ਵਿੱਚ ਦੁਨੀਆ ਦੇ ਪਹਿਲੇ EV ਨਿਰਮਾਣ ਈਕੋਸਿਸਟਮ, EVCFZero ਨੂੰ ਲਾਂਚ ਕਰਨਾ।
- ਵਿਗਿਆਨ-ਅਧਾਰਿਤ ਟੀਚਾ ਪਹਿਲਕਦਮੀਆਂ ਦੇ ਅਨੁਸਾਰ ਕਾਰਬਨ ਡਾਈਆਕਸਾਈਡ ਦੇ ਨਿਕਾਸ ਨੂੰ ਘਟਾਉਣ ਦਾ ਟੀਚਾ।
- ਦੁਨੀਆ ਭਰ ਵਿੱਚ ਇਸਦੇ ਉਤਪਾਦਨ ਸਾਈਟਾਂ 'ਤੇ ਪਾਣੀ ਦੇ ਜੋਖਮ ਮੁਲਾਂਕਣ ਦਾ ਆਯੋਜਨ ਕਰਨਾ।
- ਪਾਣੀ ਦੀ ਕਮੀ ਦੇ ਉੱਚ ਜੋਖਮ ਵਾਲੇ ਖੇਤਰਾਂ ਵਿੱਚ ਸਥਿਤ ਇਸਦੇ ਪਲਾਂਟਾਂ ਵਿੱਚ ਗੰਦੇ ਪਾਣੀ ਦੀ ਰੀਸਾਈਕਲਿੰਗ ਅਤੇ ਬਰਸਾਤੀ ਪਾਣੀ ਦੀ ਪ੍ਰਭਾਵੀ ਵਰਤੋਂ ਦੁਆਰਾ ਪਾਣੀ ਦੀ ਖਪਤ ਨੂੰ ਘਟਾਉਣ ਲਈ।
- ਨਿਯਮਾਂ ਅਨੁਸਾਰ ਡਰੇਨੇਜ ਵਾਟਰ ਮੈਨੇਜਮੈਂਟ ਮਾਪਦੰਡ ਸਥਾਪਤ ਕਰਨਾ ਅਤੇ ਸੁਰੱਖਿਅਤ ਪਾਣੀ ਦੀ ਗੁਣਵੱਤਾ ਨਿਯੰਤਰਣ ਦਾ ਪ੍ਰਬੰਧ ਕਰਨਾ।

# ਪ੍ਰਵਾਸੀ ਪੰਜਾਬੀਆਂ ਦਾ ਵਫ਼ਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਿਆ

**ਖੰਨਾ /ਪਾਇਲ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

-ਬੀਤੇ ਦਿਨ ਪ੍ਰਵਾਸੀ ਪੰਜਾਬੀਆਂ ਦਾ ਇਕ ਵਫ਼ਦ ਹਰਪਿੰਦਰ ਗਿੱਲ ਕੈਲਗਿਰੀ ਦੀ ਅਗਵਾਈ 'ਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੂੰ ਮਿਲਿਆਂ ਤੇ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਆ ਰਹੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ।

ਇਸ ਸਬੰਧੀ ਹਰਪਿੰਦਰ ਸਿੰਘ ਗਿੱਲ ਨੇ ਈਸੜੂ ਵਿਖੇ ਗੱਲਬਾਤ ਕਰਦਿਆਂ ਦੱਸਿਆ ਕਿ ਐਨ.ਆਰ.ਆਈ. ਭਰਾਵਾਂ ਨੂੰ ਆਪਣੀਆਂ ਨਿੱਜੀ ਜ਼ਮੀਨਾਂ, ਕਮਰਸ਼ੀਅਲ ਪਲਾਟਾਂ, ਨਿੱਜੀ ਦਸਤਾਵੇਜਾਂ ਤੋਂ ਇਲਾਵਾ ਪੰਜਾਬ 'ਚ ਕੀਤੇ ਨਿਵੇਸ਼ ਸਬੰਧੀ ਆ ਰਹੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਇਸ ਤੋਂ ਇਲਾਵਾ ਐਨ.ਆਰ.ਆਈ. ਭਰਾਵਾਂ ਦੀਆਂ ਜਮੀਨਾਂ ਤੇ ਕੀਤੇ ਨਜਾਇਜ ਕਬਜਿਆਂ ਦਾ ਮੁੱਦਾ ਵੀ ਮੁੱਖ ਮੰਤਰੀ ਅੱਗੇ ਉਠਾਇਆ। ਉਨ੍ਹਾਂ ਦੱਸਿਆ ਕਿ ਇਸ ਵਫਦ 'ਚ 40 45 ਦੇ ਕਰੀਬ ਐਨ.ਆਰ.ਆਈ. ਸ਼ਾਮਲ ਸਨ ਅਤੇ ਬੜੇ ਹੀ ਸੁਖਾਵੇਂ ਮਹੌਲ 'ਚ ਹੋਈ ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵਫਦ ਨੂੰ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਇਸ ਵਫਦ ਨਾਲ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਆਪਣੇ ਅਮਰੀਕਾ, ਕੈਨੇਡਾ ਵਿੱਚ ਬਿਤਾਏ ਸਮਿਆਂ ਦੀਆਂ ਯਾਦਾਂ ਨੂੰ ਵੀ ਸਾਝਾਂ ਕੀਤਾ।

ਇਸ ਮੌਕੇ ਫਿਲਮੀ ਕਲਾਕਾਰ ਬਿਨੂੰ ਢਿੱਲੋਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਬੇਨਤੀ ਕੀਤੀ ਕਿ ਇਨ੍ਹਾਂ ਪ੍ਰਵਾਸੀ ਭਰਾਵਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਅਧਾਰ ਤੇ ਕੀਤਾ ਜਾਵੇ ਕਿਉਂਕਿ ਪੰਜਾਬ ਦੀ ਤਰੱਕੀ 'ਚ ਇਨ੍ਹਾਂ ਦਾ ਅਹਿਮ ਰੋਲ ਹੈ ਤੇ ਜਦੋਂ ਵੀ ਅਸੀਂ ਇਨਾਂ ਕੋਲ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਜਾਂਦੇ ਹਾਂ ਤਾਂ ਪ੍ਰਵਾਸੀਆਂ ਵੱਲੋਂ ਬੜਾ ਮਾਣ ਸਤਿਕਾਰ ਦਿੱਤਾ ਜਾਂਦਾ ਹੈ।ਜੱਸੀ ਸੇਖੋਂ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਵੀ ਪ੍ਰਵਾਸੀ ਪੰਜਾਬੀਆਂ ਦਾ ਸਹਿਮ ਰੋਲ ਰਿਹਾ ਹੈ ਜਿਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਸ ਵਫ਼ਦ 'ਚ ਹਰਪਿੰਦਰ ਗਿੱਲ ਕੈਲਗਿਰੀ ਤੋਂ ਇਲਾਵਾ ਜੱਸੀ ਸੇਖੋਂ, ਹਰਿੰਦਰ ਸਿੰਘ,ਰਾਣਾ ਸੇਖੋਂ, ਗੁਰਚਰਨ ਸੇਖੋਂ, ਬਿੰਨੂੰ ਢਿੱਲੋਂ, ਸੁਖਬੀਰ ਸੋਹੀ, ਰਾਜਪਾਲ ਸੰਧੂ, ਮਾ. ਸਮਸ਼ੇਰ ਸਿੰਘ, ਬਹਾਦਰ ਸਿੰਘ,ਗੁਰਦੀਪ ਸਿੰਘ ਨੀਟੂ, ਹਰਜਾਪ ਟਿਵਾਣਾ, ਰਣਬੀਰ ਸੋਹੀ, ਰਾਜੂ ਬਾਜਵਾ, ਰਜਿੰਦਰ ਸਿੰਘ ਸੋਹੀ, ਨਵਦੀਪ ਸੇਖੋਂ, ਰਿੰਪੀ ਖਟਾਣਾ, ਦਰਸ਼ਨ ਗਿੱਲ ਯੂ.ਐਸ.ਏ., ਰਾਜਦੀਪ ਗਰੇਵਾਲ, ਹਤਿੰਦਰ ਧਾਲੀਵਾਲ, ਅਮਰਜੀਤ ਪੰਧੇਰ, ਬਲਵਿੰਦਰ ਸਿੰਘ ਟੋਰਾਂਟੋਂ, ਸਵਰਨ ਗਿੱਲ, ਰੇਨੂੰ ਸੋਹੀ, ਕਰਮਜੀਤ ਸੋਹੀ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਪੀ.ਐਸ.ਪੀ.ਸੀ.ਐਲ ਦੇ ਮੁਲਾਜ਼ਮਾਂ ਦੀ ਸ਼ੁਰੂਆਤੀ ਤਨਖਾਹ ਵਿੱਚ ਵਾਧਾ ਕੀਤਾ: ਈ.ਟੀ.ਓ.

**ਪਟਿਆਲਾ, 19 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਦੇ ਮੁਲਾਜ਼ਮਾਂ ਦੀ ਸ਼ੁਰੂਆਤੀ ਤਨਖਾਹ ਦੇ ਸਕੇਲ ਵਿੱਚ ਅਹਿਮ ਵਾਧੇ ਕਰਨ ਦਾ ਐਲਾਨ ਕੀਤਾ ਹੈ। ਇਸ ਲੜੀ ਹੇਠ, ਜੂਨੀਅਰ ਇੰਜੀਨੀਅਰਾਂ ਦੀ ਸ਼ੁਰੂਆਤੀ ਤਨਖਾਹ 17,450 ਰੁਪਏ ਤੋਂ ਵਧਾ ਕੇ 19,260 ਰੁਪਏ ਕਰ ਦਿੱਤੀ ਗਈ ਹੈ।



ਇਹ ਐਲਾਨ ਪੰਜਾਬ ਦੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਨੇ ਪੀ.ਐੱਸ.ਪੀ.ਸੀ.ਐੱਲ. ਦੇ ਮੁਲਾਜ਼ਮਾਂ ਵੱਲੋਂ ਆਪਣੇ ਤਨਖਾਹ ਦੇ ਸਕੇਲ ਨੂੰ ਪੰਜਾਬ ਸਰਕਾਰ ਦੇ ਹੋਰਨਾਂ ਕਰਮਚਾਰੀਆ ਦੇ ਬਰਾਬਰ ਕਰਨ ਸਬੰਧੀ ਲਗਾਤਾਰ ਕੀਤੀ ਜਾ ਰਹੀ ਮੰਗ ਦੇ ਜਵਾਬ ਵਿੱਚ ਕੀਤਾ। ਉਨ੍ਹਾਂ ਦੱਸਿਆ ਕਿ ਪੀ.ਐਸ.ਪੀ.ਸੀ.ਐਲ ਵੱਲੋਂ ਸੋਧੇ ਹੋਏ ਤਨਖਾਹ ਦੇ ਸਕੇਲ ਸਬੰਧੀ ਸਰਕੂਲਰ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਡਿਵੀਜ਼ਨਲ ਸੁਪਰਡੈਂਟ ਅਕਾਊਂਟਸ, ਰੈਵੇਨਿਊ ਅਕਾਊਂਟੈਂਟ ਆਦਿ ਸ਼੍ਰੇਣੀ ਗਰੁੱਪ 14 ਤੋਂ 16 ਵਿੱਚ ਰੱਖੇ ਗਏ ਹਨ ਅਤੇ ਉਨ੍ਹਾਂ ਦੀ ਸ਼ੁਰੂਆਤੀ ਤਨਖਾਹ 17,960 ਰੁਪਏ ਤੋਂ ਵਧਾ ਕੇ 19,260 ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਸੁਪਰਡੈਂਟ ਗ੍ਰੇਡ-2, ਪੀ.ਏ., ਐਸ.ਏ.ਐਸ. ਅਕਾਉਂਟਸ ਆਦਿ ਨੂੰ ਗਰੁੱਪ 15 ਤੋਂ 17 ਵਿੱਚ ਰੱਖਿਆ ਗਿਆ ਹੈ, ਜਿਨ੍ਹਾਂ ਦੀ ਸ਼ੁਰੂਆਤੀ ਤਨਖਾਹ 18,690 ਰੁਪਏ ਤੋਂ ਵਧਾ ਕੇ 19,260 ਰੁਪਏ ਕਰ ਦਿੱਤੀ ਗਈ ਹੈ। ਇਸ ਮੌਕੇ ਮੰਤਰੀ ਸ. ਹਰਭਜਨ ਸਿੰਘ ਈਟੀਓ ਨੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀ ਭਲਾਈ ਲਈ ਵਚਨਬੱਧਤਾ ਦੀ ਦੁਹਰਾਇਆ। ਬਿਜਲੀ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਾਰੇ ਕਰਮਚਾਰੀਆਂ ਦੀਆਂ ਉੱਚਿਤ ਪਰੇਸ਼ਾਨੀਆਂ ਅਤੇ ਮੰਗਾਂ ਨੂੰ ਹੱਲ ਕਰਨ, ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਲਈ ਉਚਿਤ ਮੁਆਵਜ਼ਾ ਅਤੇ ਮਾਨਤਾ ਦੇਣ ਨੂੰ ਯਕੀਨੀ ਬਣਾਉਣ ਲਈ ਸਮਰਪਿਤ ਹੈ।

ਇਸ ਦੌਰਾਨ ਕਰਮਚਾਰੀਆਂ ਦੀਆਂ ਲੋੜਾਂ ਪ੍ਰਤੀ ਸਰਕਾਰ ਦੀ ਜਵਾਬਦੇਹੀ ਦਾ ਜ਼ਿਕਰ ਕਰਦਿਆਂ, ਮੰਤਰੀ ਈ.ਟੀ.ਓ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਤਨਖਾਹ ਦੇ ਸਕੇਲ ਉਦਯੋਗ ਦੇ ਮਾਪਦੰਡਾਂ ਦੇ ਅਨੁਸਾਰ ਹੋਣ ਅਤੇ ਸਾਡੇ ਕਰਮਚਾਰੀਆਂ ਨੂੰ ਉੱਚਿਤ ਮੁਆਵਜ਼ਾ ਮਿਲੇ। ਪੀ.ਐੱਸ.ਪੀ.ਸੀ.ਐੱਲ. ਦੇ ਮੁਲਾਜ਼ਮਾਂ ਦੀ ਸ਼ੁਰੂਆਤੀ ਤਨਖਾਹ ਦੇ ਸਕੇਲ ਵਧਾਉਣ ਦਾ ਫੈਸਲਾ ਉਨ੍ਹਾਂ ਦੀ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ ਦਾ ਪ੍ਰਮਾਣ ਹੈ।

ਜਿਸਨੂੰ ਲੈ ਕੇ ਪੀ.ਐਸ.ਪੀ.ਸੀ.ਐਲ ਦੇ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਸ. ਭਗਵੰਤ ਮਾਨ ਅਤੇ ਬਿਜਲੀ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ ਵੱਲੋਂ ਉਹਨਾਂ ਦੀਆਂ ਦਿੱਕਤਾਂ ਨੂੰ ਦੂਰ ਕਰਨ ਹਿੱਤ ਤੁਰੰਤ ਅਮਲ ਵਿੱਚ ਲਿਆਂਦੀ ਗਈ ਕਾਰਵਾਈ ਲਈ ਦਿਲੋਂ ਧੰਨਵਾਦ ਕਰਦੇ ਹਾਂ।

ਸ਼ੁਰੂਆਤੀ ਤਨਖਾਹ ਦੇ ਸਕੇਲ ਵਿੱਚ ਇਹ ਵਾਧਾ ਉਨ੍ਹਾਂ ਦੀ ਭਲਾਈ ਲਈ ਸਰਕਾਰ ਦੀ ਸੱਚੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਜਿਕਰਯੋਗ ਹੈ ਕਿ ਮੁਲਾਜ਼ਮਾਂ ਵੱਲੋਂ ਮੰਗ ਉਠਾਏ ਜਾਣ ਤੋਂ ਬਾਅਦ 2 ਫਰਵਰੀ ਨੂੰ ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਆਈ.ਏ.ਐਸ ਦੀ ਹਾਜ਼ਰੀ ਵਿੱਚ ਮੀਟਿੰਗ ਕੀਤੀ ਗਈ ਸੀ ਅਤੇ ਵਿਚਾਰ-ਵਟਾਂਦਰਾ ਕਰਨ ਉਪਰੰਤ ਮੰਗ ਮੰਨ ਲਈ ਗਈ ਸੀ।

# ਨਿਗਮ ਕਮਿਸ਼ਨਰ ਵੱਲੋਂ ਗਊਸ਼ਾਲਾ ਦੇ ਪ੍ਰਾਜੈਕਟ ਦਾ ਜਾਇਜ਼ਾ



ਅੰਮ੍ਰਿਤਸਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਨਗਰ ਨਿਗਮ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਫਤਾਹਪੁਰ ਡੇਅਰੀ ਕੰਪਲੈਕਸ ਦਾ ਦੌਰਾ ਕਰਕੇ ਫਤਾਹਪੁਰ ਗਊਸ਼ਾਲਾ ਪ੍ਰਾਜੈਕਟ ਦੇ ਕੰਮ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਸੀਐਂਡਡੀ ਵੇਸਟ ਪਲਾਂਟ ਕੰਪਲੈਕਸ ਦਾ ਵੀ ਦੌਰਾ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਐਸਈ ਸੰਦੀਪ ਸਿੰਘ, ਐਮਓਐਚ ਡਾ. ਰਮਾ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਕਮਿਸ਼ਨਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਵਲੋਂ ਫਤਾਹਪੁਰ ਡੇਅਰੀ ਕੰਪਲੈਕਸ ਨੇੜੇ 1.80 ਏਕੜ ਵਿੱਚ ਮਿਉਂਸਿਪਲ ਜ਼ਮੀਨ 'ਤੇ ਇੱਕ ਗਊਸ਼ਾਲਾ, ਪਸ਼ੂ ਹਸਪਤਾਲ ਅਤੇ ਕੁੱਤਿਆਂ ਦੀ ਨਸਬੰਦੀ ਲਈ ਕੇਂਦਰ ਬਣਾਉਣ ਦੀ ਤਜਵੀਜ਼ ਰੱਖੀ ਗਈ ਹੈ। ਇੱਥੇ 700 ਗਊਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਸਿਹਤ ਨਾਲ ਸਬੰਧਤ ਹੋਰ ਮਸਲਿਆਂ ਧਿਆਨ ਵਿੱਚ ਰੱਖਿਆ ਜਾਵੇਗਾ।

ਪ੍ਰਾਜੈਕਟ ਦੀ ਕੁੱਲ ਲਾਗਤ 2.40 ਕਰੋੜ ਹੈ ਅਤੇ ਇਹ ਕੰਮ ਮੈਸਰਜ਼ ਗਗਨਦੀਪ ਐਸੋਸੀਏਟਸ ਨੂੰ ਅਲਾਟ ਕੀਤਾ ਗਿਆ ਹੈ। ਕਮਿਸ਼ਨਰ ਨੇ ਕਿਹਾ ਕਿ ਇਸ ਕੰਪਲੈਕਸ ਨੇੜੇ ਇਕ ਛੋਟੇ ਐਸ.ਟੀ.ਪੀ ਪਲਾਂਟ ਦੀ ਉਸਾਰੀ ਲਈ ਐਸਟੀਮੇਟ ਤਿਆਰ ਕਰਨ ਲਈ ਸਬੰਧਤ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਤਾਂ ਜੋ ਇਸ ਕੰਪਲੈਕਸ ਦੇ ਕੂੜੇ ਨੂੰ ਸਹੀ ਢੰਗ ਨਾਲ ਟਰੀਟ ਕਰਕੇ ਡਰੇਨ ਵਿੱਚ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਅੰਮ੍ਰਿਤਸਰ ਕੋਲ ਗਊ ਸੈੱਸ ਤਹਿਤ ਲੋੜੀਂਦੇ ਫੰਡ ਹਨ ਅਤੇ ਇਸ ਕਾਰਜ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਠੇਕੇਦਾਰ ਨੇ 4 ਮਹੀਨਿਆਂ ਵਿੱਚ ਪ੍ਰਾਜੈਕਟ ਨੂੰ ਪੂਰਾ ਕਰਨ ਦਾ ਵਾਅਦਾ ਕੀਤਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼ਹਿਰੀ ਸਹੂਲਤਾਂ ਬਿਹਤਰ ਢੰਗ ਨਾਲ ਪ੍ਰਦਾਨ ਕਰਨ ਲਈ ਨਗਰ ਨਿਗਮ ਦੇ ਸਟਾਫ਼ ਦਾ ਸਹਿਯੋਗ ਕਰਨ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਹਰਿਆ ਭਰਿਆ ਬਣਾਉਣ ਲਈ ਆਪਣੀਆਂ ਇਮਾਰਤਾਂ ਦਾ ਕੂੜਾ, ਸੀ ਅਤੇ ਕੂੜਾ ਸੜਕਾਂ ਅਤੇ ਗਲੀਆਂ ਵਿੱਚ ਨਾ ਸੁੱਟਣ।

# ਚੀਫ ਖਾਲਸਾ ਦੀਵਾਨ ਦੀ ਕਾਰਗੁਜ਼ਾਰੀ 'ਚ ਸੁਧਾਰ ਲਈ ਸਹਾਇਕ ਮੈਂਬਰ ਨਾਮਜ਼ਦ ਕਰਾਂਗੇ: ਨਿੱਝਰ

ਅੰਮ੍ਰਿਤਸਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ 18 ਫਰਵਰੀ ਨੂੰ ਹੋਣ ਵਾਲੀ ਚੋਣ ਤੋਂ ਪਹਿਲਾਂ ਮੌਜੂਦਾ ਹਾਕਮ ਧਿਰ ਡਾਕਟਰ ਇੰਦਰਬੀਰ ਸਿੰਘ ਨਿੱਝਰ ਧੜੇ ਨੇ ਭਵਿੱਖ ਦੀਆਂ ਯੋਜਨਾਵਾਂ ਦਾ ਖੁਲਾਸਾ ਕੀਤਾ ਹੈ।ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾਕਟਰ ਇੰਦਰਬੀਰ ਸਿੰਘ ਨਿੱਝਰ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਸਿੱਖ ਸੰਸਥਾ ਦੀ ਕਾਰਗੁਜ਼ਾਰੀ ਨੂੰ ਹੋਰ ਵੀ ਬਿਹਤਰ ਬਣਾਉਣ ਵਾਸਤੇ ਅਤੇ ਇਸ ਦੇ ਵਧੇਰੇ ਪਸਾਰ ਵਾਸਤੇ ਸਹਾਇਕ ਮੈਂਬਰ ਨਾਮਜ਼ਦ ਕਰਨ ਦੀ ਯੋਜਨਾ ਹੈ, ਜਿਸ ਵਿੱਚ ਵਧੇਰੇ ਵੱਖ-ਵੱਖ ਖਿੱਤਿਆਂ ਦੇ ਮਾਹਰ ਸ਼ਾਮਲ ਹੋਣਗੇ। ਸ਼ਹਿਰ ਅਤੇ ਪਿੰਡਾਂ ਦੇ ਸਮੂਹ ਸਕੂਲਾਂ ਵਿੱਚ ਮਾਂ ਬੋਲੀ ਪੰਜਾਬੀ ਦੇ ਨਾਲ ਨਾਲ ਬੱਚਿਆਂ ਨੂੰ ਅੰਗਰੇਜ਼ੀ ਵਿੱਚ ਵੀ ਮਾਹਰ ਬਣਾਇਆ ਜਾਵੇਗਾ ਤਾਂ ਜੋ ਉਹ ਭਵਿੱਖ ਵਿੱਚ ਵਿਸ਼ਵ ਪੱਧਰੀ ਮੁਕਾਬਲਿਆਂ ਦੇ ਸਮਰੱਥ ਹੋ ਸਕਣ। ਦੀਵਾਨ ਵਿੱਚ ਔਰਤ ਮੈਂਬਰਾਂ ਦੀ ਸ਼ਮੂਲੀਅਤ ਨੂੰ ਵੀ ਵਧਾਇਆ ਜਾਵੇਗਾ। ਸੰਸਥਾ ਵੱਲੋਂ ਤਕਨੀਕੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਵੱਲ



ਵੀ ਧਿਆਨ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਦੋ ਸਾਲ ਦੇ ਸਮੇਂ ਦੌਰਾਨ ਦੀਵਾਨ ਦੇ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਦੇ ਆਧੁਨਿਕ ਮਿਆਰਾਂ ਤਹਿਤ ਸੁਧਾਰ ਕੀਤੇ ਹਨ ਜੋ ਕਿ ਨਿਰੰਤਰ ਜਾਰੀ ਰਹਿਣਗੇ। ਇਸੇ ਤਰ੍ਹਾਂ ਹੋਰ ਨਵੇਂ ਸਕੂਲ ਖੋਲਣ ਦੀ ਯੋਜਨਾ ਹੈ। ਜ਼ਿਕਰਯੋਗ ਹੈ ਕਿ ਦੂਜੇ ਧੜੇ ਦੀਵਾਨ ਬਚਾਓ ਫਰੰਟ ਵੱਲੋਂ ਆਪਣਾ ਚੋਣ ਮਨੋਰਥ ਪੱਤਰ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ।

# ਚੌਥਾ ਦਰਜਾ ਮੁਲਾਜਮਾਂ ਨੇ ਆਪਣੀਆਂ ਮੰਗਾਂ ਸਬੰਧੀ ਰੋਸ ਰੈਲੀ ਕੀਤੀ

ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਚੌਥਾ ਦਰਜਾ ਮੁਲਾਜਮਾਂ ਨੇ ਆਪਣੀਆਂ ਤਰੱਕੀਆਂ ਸਮੇਤ ਚੀਰਾਂ ਤੋਂ ਲਮਕਾ ਅਵਸਥਾ ਵਿੱਚ ਚਲ ਰਹੀਆਂ ਮੰਗਾਂ ਨੂੰ ਲੈ ਕੇ ਕਰ ਤੇ ਆਬਕਾਰੀ ਦਫਤਰ ਵਿਖੇ ਸ਼ੁਰੂ ਕੀਤੀ ਰੈਲੀ ਦੌਰਾਨ ਵਧੀਕ ਸਟੇਟ ਕਮਿਸ਼ਨਰ (ਪ੍ਰਸ਼ਾਸ਼ਨ) ਪੰਜਾਬ ਸ੍ਰੀਮਤੀ ਜੀਵਪ੍ਰੀਤ ਕੌਰ ਪੀ.ਸੀ.ਐਸ. ਨੇ ਯੂਨੀਅਨ ਦੇ ਪ੍ਰਤੀਨਿਧਾਂ ਨਾਲ ਗੱਲਬਾਤ ਕਰਕੇ ਸ਼ਾਂਤ ਕਰਨ ਦਾ ਯਤਨ ਕੀਤਾ ਅਤੇ ਮੰਗਾਂ ਸਮੇਤ ਪ੍ਰਮੋਸ਼ਨਾਂ 15 ਦਿਨਾਂ ਦੇ ਅੰਦਰ ਅੰਦਰ ਪੂਰੀਆਂ ਕਰਨ ਦਾ ਭਰੋਸਾ ਦੇਣ ਤੇ ਕਰਮਚਾਰੀ ਸ਼ਾਂਤ ਹੋਏ ਤੇ ਉਹਨਾਂ ਨੇ ਆਪਣਾ ਸੰਘਰਸ਼ ਵੀ 15 ਦਿਨਾਂ ਲਈ ਮੁੱਲਤਵੀ ਕੀਤਾ ਗਿਆ। ਚੌਥਾ ਦਰਜਾ ਮੁਲਾਜਮਾਂ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਕਰ ਤੇ ਆਬਕਾਰੀ ਵਿਭਾਗ ਦੇ ਪ੍ਰਧਾਨ ਮੱਖਣ ਸਿੰਘ, ਚੇਅਰਮੈਨ ਵੇਦ ਪ੍ਰਕਾਸ਼ ਤੇ ਜਨਰਲ ਸਕੱਤਰ ਮੇਘ ਰਾਜ ਨੇ ਕਿਹਾ ਉਹਨਾਂ ਦੀਆਂ ਦੋ ਸਾਲਾਂ ਤੋਂ ਵਾਰ-ਵਾਰ





ਗੱਲਬਾਤ ਕਰਕੇ ਮੰਗਾਂ ਪੂਰੀਆਂ ਨਾ ਕਰਨ ਤੇ ਸੰਘਰਸ਼ ਸ਼ੁਰੂ ਕੀਤਾ ਗਿਆ ਸੀ। ਮੰਗਾਂ ਵਿੱਚ ਪ੍ਰਮੁੱਖ ਹਨ ਇਹ ਕਿ ਵਿਭਾਗ ਦੇ ਕੱਚੇ ਕਰਮੀਆਂ ਵੱਲੋਂ ਮਾਨਯੋਗ ਸੁਪਰੀਮ ਕੋਰਟ ਵਲੋਂ ਉਹਨਾਂ ਨੂੰ ਪੱਕਾ ਕਰਨ ਦਾ ਫੈਸਲਾ ਵਿਭਾਗ ਲਾਗੂ ਨਹੀਂ ਕਰ ਰਿਹਾ, ਵਿਦਿਅਕ ਯੋਗਤਾ ਰੱਖਦੇ ਚੌਥਾ ਦਰਜਾ ਕਰਮਚਾਰੀਆਂ ਨੂੰ ਪ੍ਰਮੋਸ਼ਨਾਂ ਨਹੀਂ ਦਿੱਤੀਆਂ ਜਾ ਰਹੀਆਂ, ਕਰਮਚਾਰੀਆਂ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ, ਜਿਸ ਵਿੱਚ ਜੀ.ਪੀ.ਫੰਡ, 4-9-14 ਆਦਿ ਬੈਨੀਫਿਟ ਵੀ ਨਹੀਂ ਮਿਲ ਰਹੇ ਆਦਿ ਮੰਗਾਂ ਸ਼ਾਮਲ ਸਨ।

ਮੁਲਾਜਮਾਂ-ਪੈਨਸ਼ਨਰਾਂ, ਕੱਚੇ ਕਰਮਚਾਰੀਆਂ ਸਮੇਤ ਨਰਸਿੰਗ ਸਟਾਫ, ਪੈਰਾ ਮੈਡੀਕਲ ਸਟਾਫ ਨੇ ਰਾਜਪੁਰਾ ਕਾਲੋਨੀ ਵਿਖੇ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਭਾਰਤ ਬੰਦ ਦੇ ਸੱਦੇ ਦੀ ਹਮਾਇਤ ਵਿੱਚ ਰੋਹ ਭਰਪੂਰ ਮਾਰਚ ਝੰਡੇ ਅਤੇ ਬੈਨਰ ਲੈ ਕੇ ਨਵੇਂ ਬੱਸ ਸਟੈਂਡ ਜਿੱਥੇ ਸੰਯੁਕਤ ਕਿਸਾਨ ਮੋਰਚੇ ਅਤੇ ਟਰੇਡ ਯੂਨੀਅਨ ਦੀ ਸਾਂਝੀ ਰੈਲੀ ਚਲ ਰਹੀ ਸੀ ਵਿੱਚ ਸ਼ਮੂਲੀਅਤ ਕੀਤੀ। ਇਸ ਦੀ ਅਗਵਾਈ ਨਿਰਮਲ ਸਿੰਘ ਧਾਲੀਵਾਲ ਤੇ ਦਰਸ਼ਨ ਸਿੰਘ ਲੁਬਾਣਾ ਪ੍ਰਮੁੱਖ ਆਗੂਆਂ ਨੇ ਕੀਤੀ ਹੋਰ ਜੋ ਆਗੂ ਸ਼ਾਮਲ ਹੋਏ ਉਹਨਾ ਵਿੱਚ ਬਲਜਿੰਦਰ ਸਿੰਘ , ਮਾਧੋ ਰਾਹੀ, ਜਗਮੋਹਨ ਨੋਲੱਖਾ, ਕਰਮਜੀਤ ਕੌਰ ਔਲਖ, ਸੰਦੀਪ ਬਰਨਾਲਾ ਆਦਿ ਸ਼ਾਮਲ ਸਨ।

# ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰ ਰਹੀ ਹੈ ਸਰਕਾਰ: ਬਲਕਾਰ ਸਿੰਘ





ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਸਿੱਖਿਆ ਵਿਭਾਗ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਿਆਂ ਨੂੰ ਹੋਰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ 'ਦਾਖਲ਼ਾ ਮੁਹਿੰਮ-2024' ਤਹਿਤ ਅੱਜ ਤੀਜੇ ਅਤੇ ਆਖ਼ਰੀ ਦਿਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵੱਲੋਂ ਜ਼ਿਲ੍ਹੇ ਵਿੱਚ ਦਾਖ਼ਲਾ ਜਾਗਰੂਕਤਾ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਾਖ਼ਲੇ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਮੋਬਾਇਲ ਵੈਨ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਬਿਹਤਰੀਨ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਅਤੇ ਅਤਿ ਆਧੁਨਿਕ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕਾਰਜਸ਼ੀਲ ਹੈ।

ਉਨ੍ਹਾਂ ਕਿਹਾ ਕਿ ਸਿੱਖਿਆ ਦਾ ਖੇਤਰ ਸੂਬਾ ਸਰਕਾਰ ਦੀ ਪਹਿਲੀ ਤਰਜੀਹ ਰਿਹਾ ਹੈ ਅਤੇ ਸੂਬੇ ਦੇ ਵਿਦਿਆਰਥੀਆਂ ਨੂੰ ਬਿਹਤਰੀਨ ਸਿੱਖਿਆ ਪ੍ਰਦਾਨ ਕਰਨ ਲਈ ਸਰਕਾਰ ਨੇ ਕ੍ਰਾਂਤੀਕਾਰੀ ਫੈਸਲੇ ਲਏ ਹਨ। ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਜਿਥੇ ਸੂਬੇ ਵਿੱਚ ਸਕੂਲ ਆਫ ਐਮੀਨੈਂਸ ਖੋਲ੍ਹੇ ਗਏ ਹਨ ਉਥੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜਿਆ ਗਿਆ।

ਉਨ੍ਹਾਂ ਸੂਬੇ ਵਿੱਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਸਰਕਾਰੀ ਸਕੂਲਾਂ ਵਿੱਚ ਹੋਏ ਸੁਧਾਰਾਂ ਅਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਬਾਰੇ ਦੱਸਦਿਆਂ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਹਰਜਿੰਦਰ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਇਲਾਕਿਆਂ ਵਿੱਚ ਸਿੱਖਿਆ ਵਿਭਾਗ ਵੱਲੋਂ ਜਾਗਰੂਕਤਾ ਵੈਨ ਰਾਹੀਂ ਦਾਖ਼ਲਾ ਮੁਹਿੰਮ ਦੇ ਪ੍ਰਚਾਰ-ਪ੍ਰਸਾਰ ਅਤੇ ਲੋਕ ਜਾਗਰੂਕਤਾ ਪੈਦਾ ਕਰਨ ਲਈ ਤਿੰਨ ਦਿਨ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਅਤੇ ਅੱਜ ਦਾਖ਼ਲਾ ਜਾਗਰੂਕਤਾ ਵੈਨ ਵੱਲੋਂ 7 ਐਜੂਕੇਸ਼ਨ ਬਲਾਕਾਂ ਦੇ ਇਲਾਕਿਆਂ ਵਿੱਚ ਮਾਪਿਆਂ ਨੂੰ ਜਾਗਰੂਕ ਕੀਤਾ ਗਿਆ।

# ਨਵੀਂ ਸਕੀਮ ਤਹਿਤ ਪਿੰਡਾਂ ਦੇ ਵਿਕਾਸ ਲਈ ਅੱਗੇ ਆਏ ਪਰਵਾਸੀ ਪੰਜਾਬੀ



ਮੋਗਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਵੱਲੋਂ ਨਵੀਂ ਲਿਆਂਦੀ ਗਈ ਪਲਾਨ ਸਕੀਮ ਐੱਨਆਰਆਈ -1 ਅਧੀਨ ਪਿੰਡਾਂ ਦੇ ਵਿਕਾਸ ਦਾ ਰਾਹ ਖੁੱਲ੍ਹ ਗਿਆ ਹੈ। ਇਸ ਸਕੀਮ ਤਹਿਤ ਕੁੱਲ ਪ੍ਰਾਜੈਕਟ 'ਤੇ 50 ਫੀਸਦੀ ਗਰਾਂਟ ਸਰਕਾਰ ਵੱਲੋਂ ਜਾਰੀ ਕੀਤੀ ਜਾਵੇਗੀ ਤੇ 50 ਫੀਸਦੀ ਯੋਗਦਾਨ ਐੱਨਆਰਆਈ ਵੱਲੋਂ ਪਾਇਆ ਜਾਵੇਗਾ।

ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਪਰਵਾਸੀ ਪੰਜਾਬੀਆਂ ਨਾਲ ਮੀਟਿੰਗ ਮਗਰੋਂ ਦੱਸਿਆ ਕਿ ਇਸ ਸਕੀਮ ਤਹਿਤ ਐੱਨਆਰਆਈ ਪਿੰਡਾਂ ਦਾ ਵਿਕਾਸ ਕਰਾਉਣ ਲਈ ਅੱਗੇ ਆਏ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਰਵਾਸੀ ਪੰਜਾਬੀਆਂ ਕੋਲੋਂ ਪ੍ਰਸਤਾਵ 18 ਫਰਵਰੀ ਸੋਮਵਾਰ ਤੱਕ ਭੇਜੇ ਜਾਣ ਲਈ ਆਖਿਆ ਗਿਆ ਹੈ ਤਾਂ ਜੋ ਅੱਗੇ ਪੰਜਾਬ ਸਰਕਾਰ ਨੂੰ ਭੇਜੇ ਜਾ ਸਕਣ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਐਨਆਰਆਈ ਪਿੰਡਾਂ ਵਿੱਚ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ। ਉਨ੍ਹਾਂ ਪਿੰਡ ਚੂਹੜ ਚੱਕ, ਰੋਡੇ, ਆਲਮਵਾਲਾ, ਢੁੱਡੀਕੇ ਆਦਿ ਵਿੱਚ ਐੱਨ ਆਰ ਆਈ ਪੰਜਾਬੀ ਪਰਿਵਾਰਾਂ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਪਲਾਨ ਸਕੀਮ ਐਨ ਆਰ ਆਈ -1 ਅਧੀਨ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕੁੱਲ ਪ੍ਰਾਜੈਕਟ ਲਾਗਤ ਲਈ 50 ਫੀਸਦੀ ਗਰਾਂਟ ਜਾਰੀ ਕੀਤੀ ਜਾਂਦੀ ਹੈ ਜਦਕਿ 50 ਫੀਸਦੀ ਯੋਗਦਾਨ ਐੱਨਆਰਆਈ ਪੰਜਾਬੀਆਂ ਵੱਲੋਂ ਪਾਇਆ ਜਾਂਦਾ ਹੈ। ਇਸ ਸਕੀਮ ਅਧੀਨ ਕੀਤੇ ਜਾਂ ਵਾਲੇ ਕੰਮਾਂ ਵਿੱਚ ਐੱਨਆਰਆਈ ਪੰਜਾਬੀਆਂ ਵੱਲੋਂ ਸਿੱਧੇ ਤੌਰ ਉੱਤੇ ਯੋਗਦਾਨ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਕਿਹੜੇ ਕੰਮ ਕਰਵਾਏ ਜਾਣੇ ਹੁੰਦੇ ਹਨ, ਉਹ ਵੀ ਐੱਨਆਰਆਈ ਪੰਜਾਬੀਆਂ ਦੀ ਸਲਾਹ ਨਾਲ ਹੀ ਚੁਣੇ ਜਾਂਦੇ ਹਨ। ਡੀਸੀ ਨੇ ਸਮੂਹ ਐੱਨਆਰਆਈ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਪਲਾਨ ਸਕੀਮ ਐੱਨਆਰ ਆਈ-1 ਦਾ ਪੂਰਾ ਲਾਭ ਲੈਣ। ਉਨ੍ਹਾਂ ਕਿਹਾ ਕਿ ਅੱਜ ਲੋੜ ਹੈ ਕਿ ਐਨ ਆਰ ਆਈ ਪੰਜਾਬੀ ਆਪਣੇ ਪਿੰਡਾਂ ਨੂੰ ਵਿਕਾਸ ਦੇ ਰਾਹ ਉੱਤੇ ਲਿਜਾਣ ਲਈ ਅਗਵਾਈ ਕਰਨ। ਮੀਟਿੰਗ ਵਿੱਚ ਸਹਾਇਕ ਕਮਿਸਨਰ (ਜ) ਸ੍ਰੀਮਤੀ ਸੁਭੀ ਆਂਗਰਾ, ਹੋਰ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਐੱਨਆਰਆਈ ਹਾਜ਼ਰ ਸਨ।

# ਖੁਰਾਕ ਕਮਿਸ਼ਨ ਦੇ ਮੈਂਬਰ ਵੱਲੋਂ ਆਂਗਣਵਾੜੀ ਕੇਂਦਰਾਂ ਦਾ ਦੌਰਾ



ਕਪੂਰਥਲਾ,19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੱਜ ਜ਼ਿਲ੍ਹਾ ਕਪੂਰਥਲਾ ਦੇ ਬਲਾਕ ਨਡਾਲਾ ਅਤੇ ਢਿੱਲਵਾਂ ਦੇ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਨਿਰੀਖਣ ਕਰਕੇ ਮਿਡ-ਡੇਅ ਮੀਲ ਤੇ ਹੋਰ ਭਲਾਈ ਯੋਜਨਾਵਾਂ ਦੀ ਸਮੀਖਿਆ ਕੀਤੀ। ਇਸ ਦੌਰਾਨ ਫੂਡ ਕਮਿਸ਼ਨ ਦੇ ਮੈਂਬਰ ਨੇ ਬਲਾਕ ਨਡਾਲਾ ਦੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਸੁਭਾਨਪੁਰ, ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਪਹਾੜੀਪੁਰ, ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਬਾਦਸ਼ਾਹਪੁਰ, ਸਰਕਾਰੀ ਹਾਈ ਸਕੂਲ ਥੰਮ ਬਾਦਸ਼ਾਹਪੁਰ ਅਤੇ ਬਲਾਕ ਢਿੱਲਵਾਂ ਦੇ ਆਂਗਣਵਾੜੀ ਨੰਬਰ 401, 422, 423 ਅਤੇ 424 ਦੀ ਚੈਕਿੰਗ ਕੀਤੀ। ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਕਿਹਾ ਕਿ ਚੈਕਿੰਗ ਦੌਰਾਨ ਕਈ ਸਕੂਲਾਂ ਵਿੱਚ ਮਿਡ-ਡੇਅ ਮੀਲ ਫੂਡ ਟੈਸਟ ਰਜਿਸਟਰ ਵੀ ਨਹੀਂ ਰੱਖਿਆ ਗਿਆ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬੱਚਿਆਂ ਦਾ ਖਾਣਾ ਬਣਾਉਣ ਅਤੇ ਪਰੋਸਣ ਸਮੇਂ ਸਾਫ਼ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਵੇ। ਉਨ੍ਹਾਂ ਸਕੂਲੀ ਵਿਦਿਆਰਥੀਆਂ ਨਾਲ ਮਿਡ-ਡੇਅ-ਮੀਲ ਬਾਰੇ ਗੱਲਬਾਤ ਕੀਤੀ ਅਤੇ ਖੁਦ ਭੋਜਨ ਚਖਿਆ।

ਉਨ੍ਹਾਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦਾ ਟੀਡੀਐੱਸ ਵੀ ਚੈੱਕ ਕੀਤਾ। ਉਨ੍ਹਾਂ ਹਦਾਇਤ ਕੀਤੀ ਕਿ ਜਿਨ੍ਹਾਂ ਸਕੂਲਾਂ ਵਿੱਚ ਆਰ.ਓ ਮਸ਼ੀਨ ਨਹੀਂ ਹੈ, ਉਨ੍ਹਾਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਸਮੇਂ-ਸਮੇਂ 'ਤੇ ਜਾਂਚ ਕਰਵਾਈ ਜਾਵੇ।

# ਚੀਨੀ ਡੋਰ ਦੀ ਲਪੇਟ 'ਚ ਆ ਕੇ ਬੱਚੇ ਦੀ ਮੌਤ



ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਆਦਮਪੁਰ ਸਥਿਤ ਦਾਣਾ ਮੰਡੀ ਵਿੱਚ ਡਾਕਖਾਨੇ ਨੇੜੇ ਅੱਜ ਚੀਨੀ ਡੋਰ ਦੀ ਲਪੇਟ ਆਉਣ ਕਾਰਨ ਇੱਕ 13 ਸਾਲਾ ਲੜਕੇ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜੈਵੀਰ ਸਿੰਘ ਪੁੱਤਰ ਜਤਿੰਦਰ ਸਿੰਘ, ਵਾਸੀ ਅਜੀਤ ਨਗਰ ਵਜੋਂ ਹੋਈ ਹੈ। ਜੈਵੀਰ ਆਪਣੇ ਭਰਾ ਨਾਲ ਐਕਟਿਵਾ 'ਤੇ ਜਾ ਰਿਹਾ ਸੀ ਅਤੇ ਚੀਨੀ ਡੋਰ ਵਿੱਚ ਉਲਝਣ ਕਾਰਨ ਉਸ ਦਾ ਗਲਾ ਚੀਰਿਆ ਗਿਆ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ, ਪਰ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ। ਘਟਨਾ ਵਿੱਚ ਜੈਵੀਰ ਦਾ ਭਰਾ ਵੀ ਜ਼ਖ਼ਮੀ ਹੋਇਆ ਹੈ। ਡਾਕਟਰ ਨੇ ਦੱਸਿਆ ਕਿ ਡੋਰ ਕਾਰਨ ਬੱਚੇ ਦੇ ਗਲੇ ਦੀਆਂ ਖ਼ੂਨ ਵਾਲੀਆਂ ਨਸਾਂ ਬੁਰੀ ਤਰ੍ਹਾਂ ਕੱਟੀਆਂ ਗਈਆਂ ਹਨ, ਜਿਸ ਕਾਰਨ ਉਸ ਦੀ ਮੌਤ ਹੋਈ ਹੈ। ਜਤਿੰਦਰ ਸਿੰਘ ਨੇ ਦੱਸਿਆ ਕਿ ਜੈਵੀਰ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ। ਉਨ੍ਹਾਂ ਰੋਸ ਜਤਾਇਆ ਕਿ ਅਦਾਲਤ ਵੱਲੋਂ ਰੋਕ ਲਗਾਉਣ ਦੇ ਬਾਵਜੂਦ ਚੀਨੀ ਡੋਰ ਦੀ ਵਿਕਰੀ ਅਤੇ ਵਰਤੋਂ ਹੋ ਰਹੀ ਹੈ ਤੇ ਪੁਲੀਸ ਇਸ ਮਾਮਲੇ ਵਿੱਚ ਕੋਈ ਸਖ਼ਤ ਕਾਰਵਾਈ ਨਹੀਂ ਕਰ ਰਹੀ।

# ਵਿਸ਼ੇਸ਼ ਕੈਂਪਾਂ ਵਿੱਚ ਮੁਲਾਜ਼ਮ ਭੇਜਣ ਕਾਰਨ ਆ ਰਹੀਆਂ ਨੇ ਦਿੱਕਤਾਂ; ਸਮੱਸਿਆ ਦੇ ਹੱਲ ਦੀ ਮੰਗ





ਜਲੰਧਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਵੱਲੋਂ ਲਗਾਏ ਜਾ ਰਹੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਕੈਂਪਾਂ ਕਾਰਨ ਸੁਵਿਧਾ ਕੇਂਦਰਾਂ ਵਿੱਚ ਆਪਣੇ ਕੰਮਾਂ ਕਰਵਾਉਣ ਲਈ ਆਉਂਦੇ ਲੋਕਾਂ ਨੂੰ ਮੁਲਾਜ਼ਮਾਂ ਦੀ ਘਾਟ ਕਾਰਨ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਜਾਣਕਾਰੀ ਅਨੁਸਾਰ ਅੱਜ ਕੱਲ੍ਹ ਸੇਵਾ ਕੇਂਦਰਾਂ 'ਚ ਸਿਰਫ ਦੋ ਜਾਂ ਤਿੰਨ ਹੀ ਮੁਲਾਜ਼ਮ ਹਾਜ਼ਰ ਹੁੰਦੇ ਹਨ ਤੇ ਬਾਕੀ ਮੁਲਾਜ਼ਮਾਂ ਨੂੰ ਵਿਸ਼ੇਸ਼ ਕੈਂਪਾਂ ਵਿਚ ਕੰਮ ਕਰਨ ਲਈ ਭੇਜਿਆ ਜਾ ਰਿਹਾ ਹੈ। ਅੱਜ ਵੱਖ-ਵੱਖ ਸੇਵਾ ਕੇਂਦਰਾਂ ਦਾ ਦੌਰਾ ਕਰਨ 'ਤੇ ਪਤਾ ਲੱਗਾ ਕਿ ਕਈ ਕੇਂਦਰ ਵਾਲੇ ਆਫਲਾਈਨ ਕੰਮ (ਜਿਵੇਂ ਜਨਮ ਅਤੇ ਮੈਰਿਜ ਸਰਟੀਫਿਕੇਟ 'ਤੇ ਡੀਸੀ ਦੇ ਕਾਊਂਟਰ ਸਾਈਨ) ਨਹੀਂ ਕਰ ਰਹੇ। ਸੇਵਾ ਕੇਂਦਰਾਂ ਵਿਚ ਤਾਇਨਾਤ ਮੁਲਾਜ਼ਮ ਇਹ ਕਹਿ ਕੇ ਲੋਕਾਂ ਵਾਪਸ ਮੋੜ ਰਹੇ ਹਨ ਕਿ ਜਲੰਧਰ ਡਾਕ ਲੈ ਕੇ ਜਾਣ ਵਾਲੇ ਮੁਲਾਜ਼ਮ ਕੈਂਪ ਵਿਚ ਗਏ ਹਨ। ਇਸ ਲਈ ਉਹ ਜਲੰਧਰ ਦੇ ਮੁੱਖ ਕੇਂਦਰ ਵਿਚ ਜਾ ਕੇ ਹੀ ਆਪਣਾ ਕੰਮ ਕਰਵਾ ਲੈਣ। ਅੱਜ ਆਦਮਪੁਰ ਸੇਵਾ ਕੇਂਦਰ ਵਿਚ ਕੰਮ ਕਰਵਾਉਣ ਆਏ ਨਿਸ਼ਚੇ ਨੇ ਦੱਸਿਆ ਕਿ ਉਹ ਆਪਣੀ ਭੈਣ ਦਾ ਜਨਮ ਅਤੇ ਮੈਰਿਜ ਸਰਟੀਫਿਕੇਟ ਡੀਸੀ ਤੋਂ ਕਾਊਂਟਰ ਸਾਈਨ ਕਰਵਾਉਣ ਲਈ ਆਇਆ ਸੀ ਤਾਂ ਉਥੇ ਤਾਇਨਾਤ ਇੱਕ ਮਹਿਲਾ ਮੁਲਾਜ਼ਮ ਨੇ ਕਿਹਾ ਕਿ ਉਕਤ ਸੇਵਾ ਕੇਂਦਰ ਵਿਚ ਆਫਲਾਈਨ ਕੰਮ ਬੰਦ ਹੈ ਇਸ ਲਈ ਉਹ ਜਲੰਧਰ ਦੇ ਮੁੱਖ ਸੇਵਾ ਕੇਂਦਰ ਵਿਚ ਜਾ ਕੇ ਕੰਮ ਕਰਵਾਉਣ। ਇਸੇ ਤਰ੍ਹਾਂ ਅਲਾਵਲਪੁਰ ਸੇਵਾ ਕੇਂਦਰ ਵਿਚ ਕੰਮ ਕਰਵਾਉਣ ਆਏ ਮਹਿੰਦਰ ਸਿੰਘ ਨੇ ਦੱਸਿਆ ਕਿ ਉਹ ਦੁਪਹਿਰ ਇੱਕ ਵਜੇ ਦਾ ਕੰਮ ਕਰਵਾਉਣ ਲਈ ਆਇਆ ਸੀ ਪਰ ਸਟਾਫ ਦੀ ਘਾਟ ਕਾਰਨ ਉਸ ਦਾ ਕੰਮ ਸ਼ਾਮ ਤੱਕ ਨਹੀਂ ਹੋਇਆ।

ਜਲੰਧਰ ਦੇ ਇੱਕ ਸੇਵਾ ਕੇਂਦਰ ਵਿਚ ਮੁਸਕਾਨ ਨੇ ਦੱਸਿਆ ਕਿ ਉਹ ਆਧਾਰ ਕਾਰਡ ਅਪਡੇਟ ਕਰਵਾਉਣ ਆਈ ਸੀ ਪਰ ਸਟਾਫ ਨਾ ਹੋਣ ਕਾਰਨ ਉਸ ਦਾ ਡਾਕ ਲੈ ਕੇ ਜਾਣ ਵਾਲੇ ਮੁਲਾਜ਼ਮ ਕੈਂਪ ਵਿਚ ਗਏ ਹਨ। ਇਸ ਲਈ ਉਹ ਜਲੰਧਰ ਦੇ ਮੁੱਖ ਕੇਂਦਰ ਵਿਚ ਜਾ ਕੇ ਹੀ ਆਪਣਾ ਕੰਮ ਕਰਵਾ ਲੈਣ। ਅੱਜ ਆਦਮਪੁਰ ਕੰਮ ਕਰਵਾ ਲੈਣ। ਅੱਜ ਆਦਮਪੁਰ ਸੇਵਾ ਕੇਂਦਰ ਵਿਚ ਕੰਮ ਕਰਵਾਉਣ ਆਏ ਨਿਸ਼ਚੇ ਨੇ ਦੱਸਿਆ ਕਿ ਉਹ ਆਪਣੀ ਭੈਣ ਦਾ ਜਨਮ ਸੇਵ ਆਧਾਰ ਅਪਡੇਟ ਨਹੀਂ ਹੋਇਆ। ਇਸ ਦੌਰਾਨ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਇਸ ਸਮੱਸਿਆ ਦਾ ਹੱਲ ਕੀਤਾ ਜਾਵੇ।

# ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਫੁਟਬਾਲ ਟੂਰਨਾਮੈਂਟ ਸ਼ੁਰੂ



ਗੜ੍ਹਸ਼ੰਕਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨਾਂ ਵਿੱਚ 61ਵਾਂ ਆਲ ਇੰਡੀਆ ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਫੁਟਬਾਲ ਟੂਰਨਾਮੈਂਟ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਸ਼ਾਨੋ-ਸ਼ੌਕਤ ਸ਼ੌਕਤ ਨਾਲ ਸ਼ੁਰੂ ਹੋ ਗਿਆ। ਅੱਜ ਦੇ ਉਦਘਾਟਨੀ ਮੈਚਾਂ ਵਿੱਚ ਟਾਟਾ ਟਿਸਕੋਨ ਦੇ ਸੀਨੀਅਰ ਸੇਲਜ਼ ਮੈਨੇਜਰ ਅਭਿਸ਼ੇਕ ਕੁਮਾਰ ਅਤੇ ਡਿਸਟਰੀਬਿਊਟਰ (ਪੰਜਾਬ) ਅਰੁਨ ਹਾਂਡਾ ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ ਜਦਕਿ ਸਿੱਖ ਵਿੱਦਿਅਕ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਸਰਪ੍ਰਸਤ ਡਾ. ਜੰਗ ਬਹਾਦਰ ਸਿੰਘ ਰਾਏ, ਅਰਜੁਨ ਐਵਾਰਡੀ ਗੁਰਦੇਵ ਸਿੰਘ ਗਿੱਲ, ਸ਼ਵਿੰਦਰਜੀਤ ਸਿੰਘ ਬੈਂਸ ਸੇਵਾ ਮੁਕਤ ਐੱਸਪੀ ਨੇ ਵਿਸ਼ੇਸ਼ ਮਹਿਮਾਨਾਂ ਵੱਜੋਂ ਹਾਜ਼ਰੀ ਭਰੀ। ਇਸ ਮੌਕੇ ਹਾਜ਼ਰ ਪਤਵੰਤੇ ਮਹਿਮਾਨਾਂ ਵੱਲੋਂ ਖਿਡਾਰੀਆਂ ਨਾਲ ਜਾਣ ਪਛਾਣ ਕੀਤੀ ਗਈ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਟੂਰਨਾਮੈਂਟ ਦਾ ਪਹਿਲਾ ਮੈਚ ਕਾਲਜ ਵਰਗ ਅਧੀਨ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਅਤੇ ਖਾਲਸਾ ਕਾਲਜ ਮਾਹਿਲਪੁਰ ਦੀਆਂ ਟੀਮਾਂ ਵਿਚਕਾਰ ਹੋਇਆ ਜਿਸ ਵਿੱਚ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਵਿਰੋਧੀ ਟੀਮ ਨੂੰ 2-1 ਦੇ ਅੰਤਰ ਨਾਲ ਹਰਾਇਆ। ਟੂਰਨਾਮੈਂਟ ਦੇ ਕਲੱਬ ਵਰਗ ਦੇ ਦੂਜੇ ਮੈਚ ਵਿੱਚ ਫੁਟਬਾਲ ਅਕੈਡਮੀ, ਦਿੱਲੀ ਨੇ ਜੇਸੀਟੀ ਅਕੈਡਮੀ, ਫਗਵਾੜਾ ਨੂੰ 3-1 ਦੇ ਫਰਕ ਨਾਲ ਹਰਾਇਆ।

# ਅੰਮ੍ਰਿਤਸਰ ਸੀਟ ਲਈ ਅਨਿਲ ਜੋਸ਼ੀ ਅਤੇ ਤਰਨਜੀਤ ਸਿੰਘ ਸੰਧੂ ਦੇ ਨਾਮ ਚਰਚਾ 'ਚ



ਅੰਮ੍ਰਿਤਸਰ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਭਾਜਪਾ ਦੇ ਸੀਨੀਅਰ ਆਗੂ ਰਹਿ ਚੁੱਕੇ ਅਤੇ ਹੁਣ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸਾਬਕਾ ਮੰਤਰੀ ਅਨਿਲ ਜੋਸ਼ੀ ਦੇ ਸਿਆਸੀ ਭਵਿੱਖ ਨੂੰ ਲੈ ਕੇ ਕਿਆਸਅਰਾਈਆਂ ਤੇਜ਼ ਹੋ ਗਈਆਂ ਹਨ। ਸਵਾਲ ਇਹ ਖੜ੍ਹੇ ਹੋ ਰਹੇ ਹਨ ਕਿ ਕੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸੰਸਦੀ ਹਲਕੇ ਤੋਂ ਜੋਸ਼ੀ ਨੂੰ ਚੋਣ ਮੈਦਾਨ 'ਚ ਉਤਾਰੇਗਾ ਜਾਂ ਸੀਟ ਦੇ ਇਤਿਹਾਸ ਮੁਤਾਬਿਕ, ਜੋ ਕਿ ਰਵਾਇਤੀ ਤੌਰ 'ਤੇ ਭਾਜਪਾ ਦੇ ਕੋਟੇ ਦੀ ਰਹੀ ਹੈ, ਨੂੰ ਦੇਖਦੇ ਹੋਏ ਆਪਣੇ ਉਮੀਦਵਾਰ ਨੂੰ ਚੋਣ ਮੈਦਾਨ 'ਚ ਉਤਾਰਨ ਦੀ ਸਹਿਮਤੀ ਲਈ ਭਾਜਪਾ ਨਾਲ ਗੱਲਬਾਤ ਕਰੇਗਾ ਹਾਲਾਂਕਿ ਨਾ ਤਾਂ ਅਜੇ ਅਕਾਲੀ ਦਲ ਅਤੇ ਭਾਜਪਾ ਵਿੱਚਾਲੇ ਗਠਜੋੜ ਹੋਇਆ ਹੈ ਅਤੇ ਨਾ ਹੀ ਅਕਾਲੀ ਦਲ ਤੇ ਭਾਜਪਾ ਨੇ ਅਜੇ ਤਕ ਅੰਮ੍ਰਿਤਸਰ ਸੰਸਦੀ ਸੀਟ 'ਤੇ ਆਪਣੇ ਉਮੀਦਵਾਰ ਦਾ ਐਲਾਨ ਕੀਤੈ। ਰਸਮੀ ਤੌਰ 'ਤੇ ਜ਼ਿਆਦਾਤਰ ਅਕਾਲੀ ਦਲ ਆਪਣੇ ਹਲਕਾ ਇੰਚਾਰਜਾਂ ਨੂੰ ਹੀ ਆਪਣੇ ਉਮੀਦਵਾਰ ਵਜੋਂ ਨਾਮਜ਼ਦ ਕਰਦਾ ਹੈ। ਚਰਚਾ ਇਹ ਵੀ ਹੈ ਕਿ ਜੇ ਦੋਵਾਂ ਪਾਰਟੀਆਂ ਵਿਚਾਲੇ ਗਠਜੋੜ ਹੋ ਜਾਂਦਾ ਹੈ ਤਾਂ ਦੋਵੇਂ ਧਿਰਾਂ ਅਨਿਲ ਜੋਸ਼ੀ ਦੇ ਨਾਂ 'ਤੇ ਚਰਚਾ ਕਰ ਸਕਦੀਆਂ ਹਨ।ਦੂਜੇ ਪਾਸੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਨਾਂ ਵੀ ਚਰਚਾ 'ਚ ਹੈ ਜਿਸ ਨੂੰ ਭਾਜਪਾ ਇੱਥੋਂ ਮੈਦਾਨ 'ਚ ਉਤਾਰ ਸਕਦੀ ਹੈ।

ਸੰਧੂ ਗੁਰਦੁਆਰਾ ਸੁਧਾਰ ਲਹਿਰ 'ਚ ਸਰਗਰਮੀ ਨਾਲ ਹਿੱਸਾ ਲੈਣ ਵਾਲੇ ਸਿੱਖ ਆਗੂ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਹਨ। ਜਿਨ੍ਹਾਂ ਨੂੰ ਅੰਮ੍ਰਿਤਸਰ ਤੋਂ ਸੰਭਾਵੀ ਸਾਂਝੇ ਉਮੀਦਵਾਰ ਵਜੋਂ ਦੇਖਿਆ ਜਾ ਰਿਹਾ ਹੈ। ਭਾਜਪਾ ਆਗੂ ਅਤੇ ਸਿਆਸੀ ਵਿਸ਼ਲੇਸ਼ਕ ਸੋਮਦੇਵ ਸ਼ਰਮਾ ਮੁਤਾਬਿਕ ਅੰਮ੍ਰਿਤਸਰ ਦੀ ਆਮ ਜਨਤਾ ਲਈ ਸੰਧੂ ਮੁਕਾਬਲਤਨ ਅਣਜਾਣ ਹੈ ਜਦ ਕਿ ਭਾਜਪਾ ਨੂੰ ਉਸ ਸਮੇਂ ਵੀ ਝਟਕਾ ਲੱਗਾ ਸੀ ਜਦੋਂ ਇਸ ਨੇ ਰਾਸ਼ਟਰੀ ਪੱਧਰ ਦੇ ਉੱਘੇ ਆਗੂ ਮਰਹੂਮ ਅਰੁਣ ਜੇਤਲੀ ਨੂੰ ਮੈਦਾਨ 'ਚ ਉਤਾਰਿਆ ਜੋ ਚੋਣਾਂ ਹਾਰ ਗਏ ਸਨ।

ਇਸੇ ਤਰ੍ਹਾਂ ਨੌਕਰਸ਼ਾਹ ਹਰਦੀਪ ਸਿੰਘ ਪੁਰੀ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ ਹਾਲਾਂਕਿ ਨਵਜੋਤ ਸਿੰਘ ਸਿੱਧੂ ਇੱਥੋਂ ਜਿੱਤ ਗਏ ਸਨ। ਉਨ੍ਹਾਂ ਕਿਹਾ ਕਿ ਨੌਕਰਸ਼ਾਹਾਂ ਦੀ ਜੀਵਨ ਸ਼ੈਲੀ ਉਨ੍ਹਾਂ ਦੀ ਜਨਤਾ ਨਾਲ ਜੁੜਨ ਦੀ ਸਮਰੱਥਾ 'ਚ ਰੁਕਾਵਟ ਪਾਉਂਦੀ ਹੈ। ਦੂਜੇ ਪਾਸੇ ਸੂਤਰਾਂ ਨੇ ਦੱਸਿਆ ਕਿ ਗਠਜੋੜ ਦੀ ਸਥਿਤੀ 'ਚ ਅੰਮ੍ਰਿਤਸਰ ਦੇ ਉਮੀਦਵਾਰ ਬਾਰੇ ਵਿਚਾਰ ਕਰਨ ਲਈ ਵੀਰਵਾਰ ਰਾਤ ਨੂੰ ਭਾਜਪਾ ਦੇ ਇੱਕ ਆਗੂ ਦੇ ਘਰ ਇਸ ਸਬੰਧੀ ਮੀਟਿੰਗ ਵੀ ਕੀਤੀ ਗਈ ਹੈ।

# ਸ਼੍ਰੋਮਣੀ ਕਮੇਟੀ ਨੇ ਸ਼ੰਭੂ ਬਾਰਡਰ 'ਤੇ ਕਿਸਾਨ ਭਰਾਵਾਂ ਅਤੇ ਰਾਹਗੀਰਾਂ ਲਈ ਚਲਾਇਆ ਲੰਗਰ





ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਜਾਣ ਵਾਲੇ ਕਿਸਾਨ ਭਰਾਵਾਂ ਅਤੇ ਰਾਹਗੀਰਾਂ ਲਈ ਲੰਗਰ ਚਲਾਏ ਜਾਣ ਦੀ ਸ਼ੁਰੂਆਤ ਕਰਦੇ ਹੋਏ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ, ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਅਤੇ ਹੋਰ।

ਪਟਿਆਲਾ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ ਨਿਰਦੇਸ਼ਾਂ 'ਤੇ ਕਿਸਾਨ ਭਰਾਵਾਂ ਲਈ ਪੰਜਾਬ-ਹਰਿਆਣਾ ਸਰਹੱਦ ਸੰਭੂ ਬੈਰੀਅਰ ਵਿਖੇ ਲੰਗਰ ਚਲਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ, ਜਿਸ ਤਹਿਤ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵੱਲੋਂ ਲੰਗਰ ਚਲਾਏ ਜਾਣ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ ਆਦਿ ਨੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੀ ਸਮੁੱਚੀ ਟੀਮ ਨੂੰ ਲੈ ਕੇ ਕਿਸਾਨ ਭਰਾਵਾਂ ਅਤੇ ਰਾਹਗੀਰਾਂ ਲਈ ਲੰਗਰ ਚਲਾਏ ਜਾਣ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਗੱਲਬਾਤ ਕਰਦਿਆਂ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਅਤੇ ਜਥੇਦਾਰ ਜਰਨੈਲ ਸਿੰਘ ਕਰਤਾਪੁਰ ਨੇ ਦੱਸਿਆ ਕਿ ਲੰਗਰ ਦੀ ਸ਼ੁਰੂਆਤ ਅਰਦਾਸ ਉਪਰੰਤ ਕੀਤੀ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਖੁਦ ਆਪਣੇ ਹੱਥਾਂ ਨਾਲ ਦਿੱਲੀ ਨੂੰ ਜਾਣ ਵਾਲੇ ਕਿਸਾਨ ਭਰਾਵਾਂ, ਸੰਗਤਾਂ ਅਤੇ ਰਾਹਗੀਰਾਂ ਨੂੰ ਲੰਗਰ ਛਕਾਉਣ ਦੀ ਸੇਵਾ ਕੀਤੀ। ਗੱਲਬਾਤ ਕਰਦਿਆਂ ਜਥੇਦਾਰ ਲਾਛੜੂ ਨੇ ਦੱਸਿਆ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨ ਭਰਾਵਾਂ ਨਾਲ ਵਾਅਦਾ ਖਿਲਾਫ਼ ਕੀਤੀ ਹੈ, ਜੋ ਹੁਣ ਆਪਣੀਆਂ ਅਧੂਰੀਆਂ ਰਹਿ ਗਈਆਂ ਮੰਗਾਂ ਮਨਵਾਉਣ ਲਈ ਦਿੱਲੀ ਜਾਣਾ ਚਾਹੁੰਦੇ ਹਨ। ਉਨ੍ਹਾਂ ਨੂੰ ਜਬਰ ਨਾਲ ਸੰਭੂ ਬੈਰੀਅਰ 'ਤੇ ਰੋਕ ਲਿਆ ਹੈ, ਜਿਸ ਨਾਲ ਲੋਕਤੰਤਰ ਦਾ ਵੱਡਾ ਘਾਣ ਸਾਹਮਣੇ ਆਇਆ ਹੈ। ਜਥੇਦਾਰ ਕਰਤਾਰਪੁਰ ਨੇ ਕਿਹਾ ਕਿ ਕਿਸਾਨਾਂ ਨਾਲ ਅਨਿਆਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਇਸ ਤਰ੍ਹਾਂ ਦਿੱਲੀ ਜਾਣ ਤੋਂ ਰੋਕਣਾ ਅਤੇ ਗੋਲੀਆਂ, ਕਾਰਤੂਸਾਂ ਮਾਰ ਕੇ ਕਿਸਾਨਾਂ ਨੂੰ ਜ਼ਖ਼ਮੀ ਕਰਨਾ ਅਣਮਨੁੱਖੀ ਵਰਤਾਰਾ ਹੈ, ਜੋ ਬੰਦ ਹੋਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਨੇਜਰ ਜਰਨੈਲ ਸਿੰਘ ਮਕਰੌੜ ਸਾਹਿਬ, ਕੈਪਟਨ ਖੁਸ਼ਵੰਤ ਸਿੰਘ, ਪਲਵਿੰਦਰ ਸਿੰਘ ਰਿੰਕੂ, ਜੰਗ ਸਿੰਘ ਇਟਲੀ, ਲਖਵਿੰਦਰ ਸਿੰਘ, ਚਰਨਜੀਤ ਸਿੰਘ ਜਾਗਦੇ ਰਹੋ ਆਦਿ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਅਧਿਕਾਰੀ ਅਤੇ ਸਟਾਫ ਮੈਂਬਰ ਆਦਿ ਸ਼ਾਮਲ ਸਨ।

# ਪੈਸੇ ਮੰਗਣ 'ਤੇ ਟਰੈਵਲ ਏਜੰਟ ਭਰਾਵਾਂ ਨੇ ਨੌਜਵਾਨਾਂ 'ਤੇ ਗੋਲੀਆਂ ਚਲਾਈਆਂ

ਪਠਾਨਕੋਟ, 19 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-
ਥਾਣਾ ਭੈਣੀ ਮੀਆਂ ਖਾਂ ਅਧੀਨ ਪੈਂਦੇ ਪਿੰਡ ਕਠਾਨਾ ਵਿੱਚ ਅੱਜ ਸਵੇਰੇ ਉਸ ਵਖ਼ਤ ਹੰਗਾਮਾ ਹੋ ਗਿਆ ਜਦੋਂ ਪਿੰਡ ਦੇ ਇੱਕ ਘਰ ਤੋਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਪਿੰਡ ਵਾਸੀਆਂ ਅਤੇ ਵੱਖ ਵੱਖ ਜ਼ਿਲ੍ਹਿਆਂ ਤੋਂ ਪਹੁੰਚੇ ਨੌਜਵਾਨਾਂ ਨੇ ਜਾਣਕਾਰੀ ਦਿੱਤੀ ਕਿ ਅੱਜ 15 ਦੇ ਕਰੀਬ ਨੌਜਵਾਨ ਪਿੰਡ ਕਠਾਨਾ ਦੇ ਟਰੈਵਲ ਏਜੰਟ ਭਰਾ ਸਨੀ ਅਤੇ ਮਨੀ ਤੋਂ ਵਿਦੇਸ਼ ਭੇਜਣ ਦੇ ਨਾਂ 'ਤੇ ਲਏ ਰੁਪਏ ਵਾਪਸ ਲੈਣ ਆਏ ਸਨ। ਟਰੈਵਲ ਏਜੰਟ ਵੱਲੋਂ ਉਨ੍ਹਾਂ ਤੋਂ ਪ੍ਰਤੀ ਵਿਅਕਤੀ 35 ਹਜ਼ਾਰ ਰੁਪਏ ਲੈ ਕੇ ਕਿਸੇ ਨੌਜਵਾਨ ਨੂੰ ਵੀ ਵਿਦੇਸ਼ ਜਾਣ ਲਈ ਵੀਜ਼ਾ ਜਾਰੀ ਨਹੀਂ ਕਰਵਾਇਆ ਗਿਆ। ਇਸ ਹਾਲਤ ਵਿੱਚ ਪੀੜਤ ਨੌਜਵਾਨ ਦਿੱਤੀ ਰਕਮ ਵਾਪਸ ਲੈਣ ਲਈ ਸਵੇਰੇ 10 ਵਜੇ ਦੇ ਕਰੀਬ ਉਸ ਦੇ ਘਰ ਪਹੁੰਚੇ ਪਰ ਟਰੈਵਲ ਏਜੰਟਾਂ ਨੇ ਉਨ੍ਹਾਂ ਨਾਲ ਕੋਈ ਗੱਲ ਕਰਨ ਦੀ ਬਜਾਏ ਉਲਟਾ ਉਨ੍ਹਾਂ ਨੂੰ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਏਜੰਟ ਭਰਾਵਾਂ ਵੱਲੋਂ ਗਾਲ੍ਹਾਂ ਕੱਢਣ ਦੇ ਨਾਲ ਨਾਲ ਉਨ੍ਹਾਂ ਦੀ



ਕੁੱਟਮਾਰ ਸ਼ੁਰੂ ਕੀਤੀ ਗਈ। ਜਦੋਂ ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਏਜੰਟਾਂ ਵੱਲੋਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਤੋਂ ਬਾਅਦ ਉਹ ਪਿੰਡ ਤੋਂ ਭੱਜਣ ਲਈ ਮਜਬੂਰ ਹੋ ਗਏ। ਪਿੰਡ ਵਿੱਚ ਦਹਿਸ਼ਤ ਵਾਲਾ ਮਾਹੌਲ ਬਣਨ ਦੇ ਕੁੱਝ ਦੇਰ ਬਾਅਦ ਪੁਲੀਸ ਵੀ ਪਹੁੰਚ ਗਈ। ਜਾਣਕਾਰੀ ਅਨੁਸਾਰ ਪੁਲੀਸ ਵੱਲੋਂ ਮੁਲਜ਼ਮਾਂ ਸਮੇਤ ਪੀੜਤ ਨੌਜਵਾਨਾਂ ਨੂੰ ਥਾਣੇ ਲਿਜਾਇਆ ਗਿਆ ਤੇ ਉਥੇ ਕਈ ਘੰਟੇ ਪੁੱਛ-ਪੜਤਾਲ ਵੀ ਕੀਤੀ ਗਈ। ਇਸ ਸਬੰਧੀ ਜਦੋਂ ਜਾਂਚ ਅਧਿਕਾਰੀ ਡੀ.ਐਸ.ਪੀ. ਗੁਰਵਿੰਦਰ ਸਿੰਘ ਚਾਂਦੀ ਅਤੇ ਉਂਕਾਰ ਸਿੰਘ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਕੋਈ ਗੱਲ ਕਰਨੀ ਮੁਨਾਸਿਫ ਨਹੀਂ ਸਮਝੀ। ਐਸ.ਐਚ.ਓ. ਸੁਮਨਪ੍ਰੀਤ ਕੌਰ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਪੜਤਾਲ ਚੱਲ ਰਹੀ ਹੈ। ਪੜਤਾਲ ਪੂਰੀ ਹੋਣ ਤੋਂ ਬਾਅਦ ਮੁਲਜ਼ਮਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

# ਖੇਤਾਂ ਦਾ ਪੁੱਤ ਪਾਸ਼



ਜਗਮੋਹਨ ਸਿੰਘ ਲੱਕੀ
ਮੋਬਾਈਲ : 94638-19174

**ਪਾਸ਼ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ। ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖ਼ਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ...**

ਸਾਡੇ ਸਮਿਆਂ ਵਿਚ, ਉੱਡਦੇ ਬਾਜ਼ਾਂ ਮਗਰ ਜਾਣ ਦੀ ਲੋਹ ਕਥਾ ਬਿਆਨ ਕਰਨ ਵਾਲੇ ਪਾਸ਼ (ਅਵਤਾਰ ਸਿੰਘ ਸੰਧੂ) ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਤਲਵੰਡੀ ਸਲੇਮ ਵਿਚ 9 ਨਵੰਬਰ 1950 ਨੂੰ ਪਿਤਾ ਮੇਜਰ ਸੋਹਣ ਸਿੰਘ ਸੰਧੂ ਤੇ ਮਾਤਾ ਨਸੀਬ ਕੌਰ ਦੇ ਘਰ ਹੋਇਆ। ਦੋ ਦਰਿਆਵਾਂ ਸਤਲੁਜ ਤੇ ਬਿਆਸ ਵਿਚਕਾਰਲੀ ਧਰਤੀ ਦੋਆਬੇ ਦੀ ਆਬੋ-ਹਵਾ ਹੀ ਅਜਿਹੀ ਹੈ ਕਿ ਇਸ 'ਤੇ ਸਮੇਂ-ਸਮੇਂ ਅਜਿਹੇ ਸੂਰਮੇ ਪੈਦਾ ਹੋਏ ਹਨ, ਜਿਨ੍ਹਾਂ ਨੇ ਪੰਜਾਬ ਅਤੇ ਦੇਸ਼ ਦੇ ਇਤਿਹਾਸ ਨਾਲੋਂ ਆਪਣਾ ਵੱਖਰਾ ਹੀ ਇਤਿਹਾਸ ਸਿਰਜਿਆ ਹੈ, ਅਜਿਹਾ ਹੀ ਇਕ ਸੂਰਮਾ ਸੀ ਪਾਸ਼। ਇਸ ਲੇਖ ਵਿਚ ਉਸ ਦੀ ਨਿੱਜੀ ਜ਼ਿੰਦਗੀ ਦੀ ਥਾਂ, ਕਵਿਤਾਵਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਜ਼ਿਆਦਾ ਪ੍ਰਸੰਗਿਕ ਹੋਵੇਗਾ। ਕਿਉਂਕਿ ਉਹ ਸਿਰਫ਼ ਆਪਣੇ ਮਾਪਿਆਂ ਦਾ ਹੀ ਨਹੀਂ ਸਗੋਂ ਸਾਰੇ ਪੰਜਾਬ ਦਾ ਸਾਂਝਾ ਪੁੱਤ ਸੀ। ਅੱਜ ਵੀ ਵੱਡੀ ਗਿਣਤੀ 'ਚ ਲੋਕ ਉਸ ਦੀਆਂ ਕਵਿਤਾਵਾਂ ਤੇ ਗੀਤ ਪੜ੍ਹਦੇ ਨੇ।

ਪਾਸ਼ ਦੇ ਕਾਵਿ ਸੰਗ੍ਰਹਿ 1970 ਵਿਚ ਲੋਹ ਕਥਾ, 1974 ਵਿਚ ਉੱਡਦੇ ਬਾਜ਼ਾਂ ਮਗਰ, 1978 ਵਿਚ ਸਾਡੇ ਸਮਿਆਂ ਵਿਚ ਅਤੇ ਫਲਾਇੰਗ ਸਿੱਖ ਨਾਂ ਦੀ ਜੀਵਨੀ ਉਸ ਦੇ ਜਿਉਂਦੇ ਹੀ ਛਪੀਆਂ ਤੇ ਉਸ ਦੀ ਸ਼ਹੀਦੀ ਤੋਂ ਬਾਅਦ 1989 ਵਿਚ ਵਰਤਮਾਨ ਦੇ ਰੂ-ਬ-ਰੂ ਅਤੇ ਖਿਲਰੇ ਹੋਏ ਵਰਕੇ ਛਪੀਆਂ। ਪਾਸ਼ ਨੂੰ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਸੀ। ਉਹ ਹਮੇਸ਼ਾ ਇਹ ਕਹਿੰਦਾ ਸੀ ਕਿ ਖੇਤਾਂ ਦਾ ਪੁੱਤ ਹੋ ਕੇ ਉਹ ਦੂਜਿਆਂ ਦੇ ਚਗਲੇ ਸਵਾਦਾਂ ਦੀ ਗੱਲ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਪਾਸ਼ ਇਕ ਅਜਿਹਾ ਸ਼ਾਇਰ ਸੀ, ਜਿਸ ਦੀ ਕਵਿਤਾ ਸਿੱਧਾ ਦਿਲ 'ਤੇ ਵਾਰ ਕਰਦੀ ਹੈ। ਇਹ ਪਾਸ਼ ਹੀ ਸੀ, ਜਿਸ ਨੇ ਪੁਲਿਸ ਮੁਕਾਬਲਿਆਂ ਵਿਰੁੱਧ ਕਵਿਤਾ ਲਿਖਣ ਦੀ ਦਲੇਰੀ ਕੀਤੀ। ਆਪਣੇ ਇਕ ਗੀਤ ਵਿਚ ਪਾਸ਼ ਲਿਖਦਾ ਹੈ।

*ਕੱਲ੍ਹ ਬਾਬਾ ਬੁੱਢਾ ਇਕ ਮਾਰਿਆ ਪੁਲਿਸ ਨੇ*
*ਹਿਕ ਵਿਚ ਗੋਲੀ ਖਾਧੀ ਬਾਬੂ ਤੇ ਦਲੀਪ ਨੇ*
*ਪੂਰੀ ਕੀਤੀ ਏ ਰਸਮ ਦਇਆ ਸਿੰਘ ਦੀ ਕਸਮ*
*ਕਿਰਤੀ ਦੀਏ ਕੁੱਲੀਏ...*

ਪਾਸ਼ ਦੀ ਹੀ ਹਿੰਮਤ ਸੀ ਕਿ ਉਸ ਨੇ ਧਰਮ ਦੀਕਸ਼ਾ ਲਈ ਬਿਨੈ-ਪੱਤਰ ਕਵਿਤਾ ਵਿਚ ਸਪਸ਼ਟ ਲਿਖਿਆ ਹੈ ਕਿ

*ਮੇਰਾ ਇਕੋ ਹੀ ਪੁੱਤ ਹੈ ਧਰਮ ਗੁਰੂ*
*ਉਂਜ ਭਲਾ ਸੱਤ ਵੀ ਹੁੰਦੇ*
*ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ*
*ਤੇਰੇ ਬਾਰੂਦ ਵਿਚ ਰੱਖੀ ਮਹਿਕ ਹੈ*
*ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ।*

ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪਾਸ਼ ਨੇ ਜਦੋਂ ਇਹ ਕਵਿਤਾ ਲਿਖੀ ਸੀ ਤਾਂ ਉਸ ਸਮੇਂ ਪੰਜਾਬ ਵਿਚ ਖਾੜਕੂਵਾਦ ਜੋਰਾਂ 'ਤੇ ਸੀ। ਇਸ ਕਵਿਤਾ ਕਾਰਨ ਵੀ ਪਾਸ਼ ਆਪਣੇ ਵਿਰੋਧੀਆਂ ਦੀਆਂ ਨਜ਼ਰਾਂ ਵਿਚ ਰੜਕਣ ਲੱਗ ਪਿਆ ਸੀ।

ਇਸ ਤੋਂ ਇਲਾਵਾ ਜਦੋਂ ਦੇਸ਼ ਦੀ ਪ੍ਰਧਾਨ ਮੰਤਰੀ ਦੇ ਕਤਲ ਪਿੱਛੋਂ ਦੇਸ਼ ਭਰ ਵਿਚ ਸਿੱਖ ਵਿਰੋਧੀ ਦੰਗੇ ਹੋਏ ਤਾਂ ਪਾਸ਼ ਨੂੰ ਉਨ੍ਹਾਂ ਦੰਗਿਆਂ ਕਾਰਨ ਕਾਫ਼ੀ ਦੁੱਖ ਪਹੁੰਚਿਆ। ਪਾਸ਼ ਕਾਮਰੇਡ ਸੀ ਪਰ ਜਨਮ ਸਿੱਖ ਪਰਿਵਾਰ ਵਿਚ ਹੋਇਆ ਹੋਣ ਕਰਕੇ ਅਚੇਤ ਰੂਪ ਵਿਚ ਉਸ ਵਿਚ ਕਿਤੇ ਨਾ ਕਿਤੇ ਆਪਣੇ ਮਾਪਿਆਂ ਦੇ ਧਰਮ ਦਾ ਅਸਰ ਵੀ ਸੀ। ਭਾਵੇਂ ਥੋੜ੍ਹਾ ਕੁ ਹੀ ਸੀ ਪਰ ਹੈ ਸੀ।

ਇਸੇ ਕਾਰਨ ਹੀ 'ਬੇ-ਦਖ਼ਲੀ ਲਈ ਬਿਨੈ ਪੱਤਰ' ਵਿਚ ਪਾਸ਼ ਲਿਖਦਾ ਹੈ ਕਿ

*ਮੈਂ ਉਮਰ ਭਰ ਉਸ ਦੇ ਖ਼ਿਲਾਫ਼ ਸੋਚਿਆ ਤੇ ਲਿਖਿਆ*
*ਜੇ ਉਸ ਦੇ ਸੋਗ ਵਿਚ ਸਾਰਾ ਹੀ ਦੇਸ਼ ਸ਼ਾਮਲ ਹੈ*
*ਤਾਂ ਇਸ ਦੇਸ਼ ਵਿਚੋਂ ਮੇਰਾ ਨਾਮ ਕੱਟ ਦੇਵੋ।*

ਇਸੇ ਤਰ੍ਹਾਂ ਉਹ ਸਭ ਤੋਂ ਖ਼ਤਰਨਾਕ ਕਵਿਤਾ ਵਿਚ ਸੱਚਾਈ ਬਿਆਨ ਦਾ ਹੈ।

*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਮੁਰਦਾ ਸ਼ਾਂਤੀ ਨਾਲ ਭਰ ਜਾਣਾ*
*ਨਾ ਹੋਣਾ ਤੜਪ ਦਾ*
*ਸਭ ਸਹਿਣ ਕਰ ਜਾਣਾ*
*ਘਰਾਂ ਤੋਂ ਨਿਕਲਣਾ ਕੰਮ 'ਤੇ*
*ਤੇ ਕੰਮ ਤੋਂ ਘਰ ਜਾਣਾ*
*ਸਭ ਤੋਂ ਖ਼ਤਰਨਾਕ ਹੁੰਦਾ ਹੈ*
*ਸਾਡੇ ਸੁਪਨਿਆਂ ਦਾ ਮਰ ਜਾਣਾ!*
*ਸਭ ਤੋਂ ਖ਼ਤਰਨਾਕ ਉਹ ਘੜੀ ਹੁੰਦੀ ਹੈ*
*ਤੁਹਾਡੇ ਗੁੱਟ ਤੇ ਚਲਦੀ ਹੋਈ ਵੀ ਜੋ*
*ਤੁਹਾਡੀ ਨਜ਼ਰ ਦੇ ਲਈ ਖੜ੍ਹੀ ਹੁੰਦੀ ਹੈ।*

ਸਾਡੇ ਸਮਿਆਂ ਵਿਚ ਕਵਿਤਾ ਰਾਹੀਂ ਉਹ ਬਿਆਨ ਕਰਦਾ ਹੈ।

*ਇਹ ਸਭ ਕੁਝ ਸਾਡੇ ਹੀ ਸਮਿਆਂ ਵਿਚ ਹੋਣਾ ਸੀ*
*ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਗ ਵਾਂਗ*
*ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ*
*ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ*

ਇਸੇ ਤਰ੍ਹਾਂ ਘਾਹ ਨਾਂ ਦੀ ਕਵਿਤਾ ਵਿਚ ਉਹ ਲਿਖਦਾ ਹੈ।

*ਮੇਰੀ ਹਰਿਆਲੀ ਆਪਣਾ ਕੰਮ ਕਰੇਗੀ*
*ਦੋ ਸਾਲ, ਦਸ ਸਾਲ ਬਾਅਦ*
*ਸਵਾਰੀਆਂ ਫਿਰ*
*ਕਿਸੇ ਟਿਕਟ ਕੱਟ ਤੋਂ ਪੁੱਛਣਗੀਆਂ*
*ਇਹ ਕਿਹੜੀ ਥਾਂ ਹੈ?*
*ਮੈਨੂੰ ਬਰਨਾਲੇ ਉਤਾਰ ਦੇਣਾ*
*ਜਿਥੇ ਹਰੇ ਘਾਹ ਦਾ ਜੰਗਲ ਹੈ।*
*ਮੈਂ ਘਾਹ ਹਾਂ, ਮੈਂ ਆਪਣਾ ਕੰਮ ਕਰਾਂਗਾ*
*ਮੈਂ ਤੁਹਾਡੇ ਹਰ ਕੀਤੇ ਕਰਾਏ 'ਤੇ ਉੱਗ ਆਵਾਂਗਾ।*

ਕਲਾਮ ਮਿਰਜ਼ਾ ਵਿਚ ਉਹ ਆਪਣੇ ਕਤਲ ਬਾਰੇ ਹੀ ਲਿਖਦਾ ਹੈ। ਜਿਵੇਂ ਉਸ ਨੂੰ ਆਪਣੇ ਕਤਲ ਹੋਣ ਦਾ ਪਹਿਲਾਂ ਹੀ ਅੰਦੇਸ਼ਾ ਹੋਵੇ।

*ਮੈਂ ਸੁਣਿਆ ਹੈ ਕਿ ਮੇਰੇ ਕਤਲ ਦਾ*
*ਮਨਸੂਬਾਰਾਜਧਾਨੀ ਵਿਚ*
*ਮੇਰੇ ਜੰਮਣ ਤੋਂ ਬਹੁਤ ਪਹਿਲਾਂ ਹੀ ਬਣ ਚੁੱਕਿਆ ਸੀ।*



ਅਜਿਹੀ ਸ਼ਬਦਾਵਲੀ ਸਿਰਫ਼ ਪਾਸ਼ ਹੀ ਤਾਂ ਲਿਖ ਸਕਦਾ ਸੀ। ਉੱਡ ਗਏ ਬਾਜ਼ਾਂ ਮਗਰ, 'ਚ ਉਹ ਲਿਖਦਾ ਹੈ।

*ਉੱਡ ਗਏ ਬਾਜ਼ ਚੁੰਝਾ 'ਚ ਲੈ ਕੇ*
*ਸਾਡੀ ਚੈਨ ਦਾ ਇਕ ਪਲ*
*ਬਿਤਾ ਸਕਣ ਦੀ ਖਾਹਿਸ਼*
*ਦੋਸਤੋ ! ਹੁਣ ਚੱਲਿਆ ਜਾਵੇ*
*ਉੱਡਦਿਆਂ ਬਾਜ਼ਾਂ ਮਗਰ*

ਇਸੇ ਤਰ੍ਹਾਂ ਉਹ ਆਪਣੇ ਖੇਤਾਂ ਦਾ ਪੁੱਤ ਹੋਣ 'ਤੇ ਮਾਣ ਕਰਦਾ ਹੋਇਆ ਲਿਖਦਾ ਹੈ ਕਿ

*ਮੇਰੇ ਤੋਂ ਆਸ ਨਾ ਕਰਿਓ ਕਿ*
*ਮੈਂ ਖੇਤਾਂ ਦਾ ਪੁੱਤ ਹੋ ਕੇ*
*ਤੁਹਾਡੇ ਚਗਲੇ ਹੋਏ ਸਵਾਦਾਂ ਦੀ*
*ਕੋਈ ਗੱਲ ਕਰਾਂਗਾ।*
*ਜਿਨ੍ਹਾਂ ਦੇ ਹੜ੍ਹ 'ਚੋਂ ਰੁੜ ਜਾਂਦੀ ਹੈ*
*ਸਾਡੇ ਬੱਚਿਆਂ ਦੀ ਤੋਤਲੀ ਕਵਿਤਾ*
*ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ ।*

ਪਾਸ਼ ਇਕ ਅਜਿਹਾ ਸ਼ਾਇਰ ਸੀ ਜਿਸ ਨੇ ਦਬੇ ਕੁਚਲੇ ਲੋਕਾਂ ਦੀ ਗੱਲ ਕੀਤੀ। ਉਹ ਕੁੜੀਆਂ-ਚਿੜੀਆਂ ਦੀ ਮੌਜੂਦਾ ਸਥਿਤੀ 'ਤੇ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ

*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ-ਪਰੇ ਬੰਨਿਆਂ ਤੋਂ ਘਾਹ ਖੋਤੇਗਾ*
*ਰੁੱਖੀਆਂ ਮਿੱਸੀਆਂ ਰੋਟੀਆਂ ਛੋਇਆ ਕਰੇਗਾ*
*ਤੇ ਮੈਲੀਆਂ ਚੁੰਨੀਆਂ ਭਿਉਂ ਕੇ*
*ਲੋਆਂ ਨਾਲ ਲੂਸੇ ਚੇਹਰਿਆਂ 'ਤੇ ਫੇਰੇਗਾ।*
*ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ*
*ਐਥੇ ਹੀ ਕਿਤੇ ਉਰੇ ਪਰੇ ਲੁਕ ਕੇ*
*ਕੱਲਮ-ਕੱਲਿਆਂ ਰੋਇਆ ਕਰੇਗਾ*
*ਸਰਾਪੇ ਜੋਬਨਾਂ ਦੇ ਮਰਸੀਏ ਗਾਇਆ ਕਰੇਗਾ।*

ਪਾਸ਼ ਇਕ ਅਜਿਹਾ ਕਵੀ ਸੀ ਜਿਸ ਨੂੰ ਜੁਝਾਰਵਾਦੀ ਕਵੀ ਕਿਹਾ ਜਾਂਦਾ ਹੈ। ਉਸ ਨੇ ਹਮੇਸ਼ਾ ਹੀ ਸਮਾਜ ਦੇ ਉਨ੍ਹਾਂ ਵਰਗਾਂ ਦੀ ਗੱਲ ਕੀਤੀ ਜਿਨ੍ਹਾਂ ਨੂੰ ਦਬੇ-ਕੁਚਲੇ ਵਰਗ ਕਿਹਾ ਜਾਂਦਾ ਹੈ।

ਅੱਜ ਵੀ ਪਾਸ਼ ਦੀਆਂ ਰਚਨਾਵਾਂ ਹਰ ਧੱਕੇ ਖ਼ਿਲਾਫ਼ ਸੰਘਰਸ਼ ਕਰਨ ਦਾ ਰਾਹ ਦਿਖਾਉਂਦੀਆਂ ਹਨ। ਉਸ ਦੀਆਂ ਕਿਤਾਬਾਂ ਅੱਜ ਵੀ ਪ੍ਰਸਿੱਧ ਹਨ। ਪਾਸ਼ ਦੀ ਸ਼ਹਾਦਤ ਤੋਂ ਏਨੇ ਸਾਲ ਬਾਅਦ ਵੀ ਪਾਠਕ ਉਸ ਦੀਆਂ ਕਿਤਾਬਾਂ ਪੜ੍ਹਦੇ ਹਨ।

23 ਮਾਰਚ 1988 ਨੂੰ ਆਪਣੇ ਹੀ ਪਿੰਡ ਵਿਚ ਸ਼ਹੀਦ ਹੋਇਆ ਪਾਸ਼ ਆਪਣੀਆਂ ਕਵਿਤਾਵਾਂ ਰਾਹੀਂ ਅੱਜ ਵੀ ਪੰਜਾਬੀਆਂ ਦੇ ਦਿਲਾਂ ਵਿਚ ਜਿਉਂਦਾ ਹੈ। •

---

# ਗਲੀ ਦਾ ਕੁੱਤਾ

ਕਹਾਣੀ

• ਰਣਜੀਤ ਸਿੰਘ 'ਰਾਏ'

**ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜ੍ਹੇ ਕੱਢਦਾ ਏ। ਜਿਸ ਨੂੰ ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏ...**

ਸਵੇਰ ਦੇ 11 ਵੱਜ ਚੁੱਕੇ ਸਨ ਪਰ ਦਰਵਾਜ਼ੇ ਕੋਲ ਬੈਠੇ ਬਜ਼ੁਰਗ ਬਿਸ਼ਨੇ ਦੀ ਰੋਟੀ ਹਾਲੇ ਤਕ ਨਹੀਂ ਪਹੁੰਚੀ ਸੀ। ਮਹਿਲ ਵਰਗੀ ਕੋਠੀ ਅੰਦਰੋਂ ਟੀ.ਵੀ. ਦੀ ਉੱਚੀ ਆਵਾਜ਼ ਆ ਰਹੀ ਸੀ, ਵਿਚ-ਵਿਚ ਟੀ.ਵੀ. ਦੇ ਕਿਸੇ ਸੀਨ ਉੱਪਰ ਹੱਸਦਾ ਪਰਿਵਾਰ ਵੀ ਸੁਣਾਈ ਦਿੰਦਾ ਸੀ। ਗਲੀ ਦਾ ਕੁੱਤਾ ਘਰ ਦੇ ਅੰਦਰ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਬਿਸ਼ਨੇ ਨੇ ਸੋਟੀ ਦਾ ਖੜਾਕ ਕਰਕੇ ਉਸ ਨੂੰ ਭਜਾ ਦਿੱਤਾ ਸੀ।

ਉਗਲਾਂ ਦੇ ਪੋਟਿਆਂ 'ਤੇ ਬਿਸ਼ਨੇ ਨੇ ਗਿਣਤੀ ਕੀਤੀ, ਕਰਤਾਰੋ ਤੇ ਉਸ ਦੇ ਵਿਆਹ ਨੂੰ ਸਾਢੇ ਚਾਰ ਦਹਾਕੇ ਦਾ ਸਮਾਂ ਹੋ ਗਿਆ ਸੀ। ਉਨ੍ਹਾਂ ਦੇ ਵਿਆਹ ਤੋਂ ਤਿੰਨ ਸਾਲ ਬਾਅਦ ਵੱਡਾ ਪੁੱਤਰ ਬਲਦੇਵ ਜਨਮਿਆਂ ਤੇ ਉਸ ਤੋਂ ਦੋ ਸਾਲ ਬਾਅਦ ਪ੍ਰੀਤਮ। ਦੋਵਾਂ ਜੀਆਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਪੁੱਤਰਾਂ ਨੂੰ ਖੇਤੀ ਦੇ ਕੰਮ ਵਿਚ ਨਹੀਂ ਲਾਉਣਗੇ ਤੇ ਸਿਰਫ਼ ਉਨ੍ਹਾਂ ਦੀ ਪੜ੍ਹਾਈ 'ਤੇ ਜ਼ੋਰ ਦੇਣਗੇ। ਦੋਵਾਂ ਦੀ ਚੰਗੀ ਸੋਚ ਕਾਰਨ ਅੱਜ ਵੱਡਾ ਪੁੱਤਰ ਬਿਜਲੀ ਬੋਰਡ ਵਿਚ ਐਸ.ਡੀ.ਓ ਜਦੋਂ ਕਿ ਛੋਟਾ ਪ੍ਰੀਤਮ ਬੈਂਕ 'ਚ ਮੈਨੇਜਰ ਸੀ।

ਉਦਾਸ ਬੈਠੇ ਬਿਸ਼ਨੇ ਨੂੰ ਯਾਦ ਆਇਆ, ਉਹ ਵੀ ਦਿਨ ਸਨ ਜਦੋਂ ਕਰਤਾਰੋ ਨੇ ਕਦੇ ਰੋਟੀ ਨੂੰ ਅੱਠ ਨਹੀਂ ਸੀ ਵੱਜਣ ਦਿੱਤੇ। ਚੁੱਲ੍ਹੇ-ਚੌਕੇ ਤੋਂ ਲੈ ਕੇ ਪਸ਼ੂਆਂ ਤਕ ਦਾ ਸਾਰਾ ਕੰਮ ਆਪ ਕਰਦੀ ਸੀ। ਹੱਥ ਇੰਨਾ ਤੇਜ਼ ਸੀ ਕਿ ਤਿੰਨ ਜ਼ਨਾਨੀਆਂ ਦਾ ਕੰਮ ਇਕੱਲੀ ਕਰ ਛੱਡਦੀ ਸੀ। ਕਰਤਾਰੋ ਦੇ ਸਾਥ ਨਾਲ ਹੀ ਤਾਂ ਉਹ ਉੱਡਿਆ ਫਿਰਦਾ ਸੀ। ਪੰਜ-ਛੇ ਮੱਝਾਂ, ਇਕ ਬਲਦਾਂ ਦੀ ਜੋੜੀ ਤੇ ਹੋਰ ਕੱਟਰੂ-ਵੱਛਰੂ ਮਿਲਾ ਕੇ ਬਾਰਾਂ ਪਸ਼ੂ ਹੋ ਜਾਂਦੇ ਸਨ। ਪਰ ਕਰਤਾਰੋ ਨੇ ਕਦੇ ਕਿਸੇ ਕੰਮ ਵਾਲੀ ਨੂੰ ਨਹੀਂ ਰੱਖਿਆ ਸੀ। ਘਰ ਦਾ ਸਾਰਾ ਖ਼ਰਚ ਪਸ਼ੂਆਂ ਦੇ ਦੁੱਧ ਤੋਂ ਚਲਦਾ ਸੀ। ਬਿਸ਼ਨੇ ਕੋਲ ਆਪਣੀ 25 ਕਿੱਘੇ ਜ਼ਮੀਨ ਸੀ। ਖੇਤੀ ਦਾ ਕੰਮ ਉਹ ਇਕੱਲਾ ਹੀ ਸੰਭਾਲੀ ਫਿਰਦਾ ਸੀ। ਹਾੜ੍ਹੀ-ਸਾਉਣੀ ਕੰਮ ਜ਼ਿਆਦਾ ਹੋ ਜਾਂਦਾ ਤਾਂ ਉਹ ਮੋਦਨ ਨੂੰ ਆਪਣੇ ਨਾਲ ਲਗਾ ਲੈਂਦਾ। ਮੋਦਨ ਨਾਲ ਉਸ ਦਾ ਦਿਲੋਂ ਪਿਆਰ ਵੀ ਸੀ। ਦੋਵਾਂ ਦੀ ਸਾਲਾਂ ਦੀ ਯਾਰੀ ਸੀ। ਇਕ-ਦੂਸਰੇ ਦੀ ਮੱਦਦ ਕਰਨ ਸਮੇਂ ਉਨ੍ਹਾਂ ਨੇ ਕਦੇ ਹਿਸਾਬ-ਕਿਤਾਬ ਨਹੀਂ ਸੀ ਰੱਖਿਆ। ਬਿਸ਼ਨੇ ਅਤੇ ਕਰਤਾਰੋ ਦੀ ਮਿਹਨਤ ਕਰਕੇ ਹੀ ਉਹ 100 ਕਿੱਘੇ ਤੋਂ ਉੱਪਰ ਦੇ ਮਾਲਿਕ ਬਣ ਗਏ ਸਨ।

ਕੁੱਤੇ ਦੇ ਦੁਬਾਰਾ ਅੰਦਰ ਵੜਨ ਨਾਲ ਬਿਸ਼ਨੇ ਦੀ ਸੋਚਾਂ ਦੀ ਲੜੀ ਟੁੱਟੀ। ਜਿਉਂ ਹੀ ਬਿਸ਼ਨੇ ਨੇ ਸੋਟੀ ਉੱਪਰ ਕੀਤੀ ਕੁੱਤਾ ਕੰਨ ਨੀਵੇਂ ਕਰਕੇ ਵਾਪਸ ਮੁੜ ਗਿਆ। ਪਿਛਾਂਹ ਕੋਠੀ ਵੱਲ ਨਿਗ੍ਹਾ ਮਾਰੀ ਪਰ ਰੋਟੀ ਲੈ ਕੇ ਆਉਂਦਾ ਕੋਈ ਨਾ ਦਿਸਿਆ। 'ਆਹ ਦਿਨ ਵੀ ਵੇਖਣੇ ਸਨ। ਕਮਜ਼ੋਰ ਸਰੀਰ ਨਾਲ ਭੁੱਖ ਜਰਨੀ ਵੀ ਔਖੀ ਏਂ'! ਸੋਚਦਾ-ਸੋਚਦਾ ਉਹ ਫਿਰ ਅਤੀਤ 'ਚ ਪਹੁੰਚ ਗਿਆ।

ਕਿਵੇਂ ਇਕ ਵਾਰੀ ਨਰਮਾ ਗੁੱਡਦੇ ਮੋਦਨ ਨੇ ਉਸ ਨੂੰ ਕਿਹਾ ਸੀ 'ਵੇਖੀਂ ਬਿਸ਼ਨਿਆਂ! ਕਿਤੇ ਆਪਣੇ ਜਿਉਂਦੇ-ਜੀਅ ਸਾਰੀ ਕਮਾਈ ਪੁੱਤਰਾਂ ਦੇ ਹੱਥ ਨਾ ਦੇ ਦੇਵੀ। ਜਾਇਦਾਦ ਦੇ ਮੋਹ 'ਚ ਇਹ ਰਿਸ਼ਤੇ ਨਿਭਾਈ ਜਾਣਗੇ, ਨਹੀਂ ਤਾਂ ਬਾਅਦ ਵਿਚ ਸਾਡੀ ਹਾਲਤ ਗਲੀ ਦੇ ਕੁੱਤੇ ਵਰਗੀ ਹੋ ਜਾਊ, ਜੋ ਰੋਟੀ ਦੀ ਝਾਕ ਵਿਚ ਘਰ-ਘਰ ਦੇ ਗੇੜ੍ਹੇ ਕੱਢਦਾ ਏ। ਕਿਤੋਂ ਸੋਟੀ ਵਜਦੀ ਏ, ਕਿਤੋਂ ਰੋੜਾ। ਕਿਸੇ ਘਰੋਂ ਹੀ ਬਚੀ-ਖੁਚੀ ਰੋਟੀ ਦਾ ਟੁਕੜਾ ਨਸੀਬ ਹੁੰਦਾ ਏਂ'। ਉਸ ਨੇ ਮੋਦਨ ਦੀ ਇਹ ਗੱਲ ਯਾਦ ਰੱਖੀ ਸੀ।



ਸਮੇਂ ਦੇ ਗੇੜ ਨਾਲ ਦੋਵੇਂ ਜੀਅ ਬੁਢਾਪੇ 'ਚ ਪਹੁੰਚ ਚੁੱਕੇ ਸਨ। ਬਿਸ਼ਨੇ ਨੇ ਕੰਮ ਛੱਡ ਦਿੱਤਾ ਸੀ ਜਾਂ ਕਹੀਏ ਛੁੱਟ ਗਿਆ ਸੀ। ਭਾਵੇਂ ਦੋਵੇਂ ਪੁੱਤਰ ਉਨ੍ਹਾਂ ਦੀ ਸੰਭਾਲ ਕਰਦੇ ਸਨ ਪਰ ਇਸ ਪਿੱਛੇ ਲੁਕੀ ਮਨਸ਼ਾ ਨੂੰ ਕਰਤਾਰੋ ਨਹੀਂ ਜਾਣਦੀ ਸੀ। ਹੌਲੀ-ਹੌਲੀ ਉਨ੍ਹਾਂ ਨੇ ਆਪਣੀ ਮਾਂ ਕਰਤਾਰੋ ਨੂੰ ਸਾਰੀ ਜ਼ਮੀਨ ਨਾਂ ਕਰਨ ਲਈ ਮਨਾ ਲਿਆ ਸੀ। ਜਦੋਂ ਉਸ ਨੇ ਗੱਲ ਕੀਤੀ ਤਾਂ ਬਿਸ਼ਨੇ ਨੇ ਕੋਰੀ ਨਾਂਹ ਕਰ ਦਿੱਤੀ ਸੀ।

'ਕਰਤਾਰੀਏ ਤੂੰ ਨੀ, ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ। ਇਹ ਹੁਣ ਜੋ ਥੋੜ੍ਹੀ-ਬਹੁਤੀ ਆਪਣੀ ਸੇਵਾ ਕਰਦੇ ਨੇ ਇਹ ਜ਼ਮੀਨ ਕਰਕੇ ਹੀ ਆ। ਬਾਅਦ 'ਚ ਆਪਾਂ ਰੋਟੀ ਨੂੰ ਵੀ ਤਰਸਾਂਗੇ'।

ਪਰ ਪੁੱਤਰਾਂ ਦਾ ਮੋਹ ਕਰਦੀ ਕਰਤਾਰੋ ਨੂੰ ਇਹ ਗੱਲ ਚੰਗੀ ਨਹੀਂ ਲੱਗੀ ਸੀ।

'ਲੈ, ਐਂ ਕਿਵੇਂ ਸੇਵਾ ਨੀ ਕਰਨਗੇ ? ਇਨ੍ਹਾਂ ਨੂੰ ਪੜ੍ਹਾਇਆ-ਲਿਖਾਇਆ। ਨੌਕਰੀ 'ਤੇ ਲਵਾਇਆ, ਵਿਆਹ ਕੀਤੇ। ਹੱਡ-ਭੰਨ ਕੇ ਜ਼ਮੀਨ-ਜਾਇਦਾਦ ਬਣਾ ਕੇ ਦਿੱਤੀ। ਕਿਵੇਂ ਨੀ ਸੰਭਾਲਣਗੇਂ?

ਆਖ਼ਰ ਘਰਵਾਲੀ ਦੀ ਜਿੱਦ ਅੱਗੇ ਬਿਸ਼ਨੇ ਨੂੰ ਝੁਕਣਾ ਪਿਆ। ਸਭ ਕੁਝ ਪੁੱਤਰਾਂ ਦੇ ਨਾਂ ਲਵਾ ਦਿੱਤਾ। ਪਰ ਜਿਸ ਗੱਲ ਦਾ ਡਰ ਸੀ ਉਹ ਹੌਲੀ-ਹੌਲੀ ਪੂਰੀ ਹੋ ਰਹੀ ਸੀ। ਜਾਇਦਾਦ ਮਿਲਦੇ ਹੀ ਉਨ੍ਹਾਂ ਦੇ ਰੰਗ-ਢੰਗ ਬਦਲ ਗਏ ਸਨ। ਦੋਵੇਂ ਪੁੱਤਰਾਂ ਲਈ ਉਹ ਹੁਣ ਵਾਧੂ ਦਾ ਬੋਝ ਬਣ ਕੇ ਰਹਿ ਗਏ ਸਨ। ਕੋਈ ਵੀ ਆਪਣੇ ਨਾਲ ਰੱਖਣ ਲਈ ਤਿਆਰ ਨਹੀਂ ਸੀ। ਵਾਰੀ ਬੰਨ੍ਹੀ ਹੋਈ ਸੀ, ਇਕ ਮਹੀਨਾ ਵੱਡੇ ਕੋਲ ਤੇ ਇਕ ਮਹੀਨਾ ਛੋਟੇ ਕੋਲ।

ਕਰਤਾਰੋ ਨੂੰ ਇਹ ਝੋਰਾ ਲੈ ਬੈਠਾ ਸੀ ਕਿ ਉਸ ਨੇ ਜਾਇਦਾਦ ਪੁੱਤਰਾਂ ਨੂੰ ਦੇਣ ਲਈ ਬਿਸ਼ਨੇ ਨੂੰ ਮਜਬੂਰ ਕੀਤਾ ਸੀ। ਇਸ ਨੂੰ ਉਹ ਗ਼ਲਤੀ ਨਹੀਂ ਗੁਨਾਹ ਮੰਨ ਬੈਠੀ ਸੀ। ਇਸ ਪਛਤਾਵੇ ਦੇ ਚੱਕਰ 'ਚ ਜਹਾਨੋਂ ਰੁਖ਼ਸਤ ਹੋ ਗਈ।

ਕੁੱਤਿਆਂ ਦੇ ਭੌਂਕਣ ਨਾਲ ਬਿਸ਼ਨਾ ਅਤੀਤ ਤੋਂ ਜਾਗਿਆ। ਗਲੀ ਦਾ ਕੁੱਤਾ ਫਿਰ ਅੰਦਰ ਵੜਨ ਲੱਗਿਆ। ਪਰ ਇਸ ਵਾਰ ਉਸ ਨੇ ਨਾ ਰੋਕਿਆ। ਕੁੱਤਾ ਬਿਸ਼ਨੇ ਵੱਲ ਵੇਖਦਾ-ਵੇਖਦਾ ਅੰਦਰ ਲੰਘ ਗਿਆ। •

ਮੋਬਾਈਲ : 94630-90470

---

# ਨਿੱਜੀ ਅਨੁਭਵ ਦੀ ਅਗਾਂਹਵਧੂ ਪੁਸਤਕ ਸ਼ੇਰਨੀ ਦਾ ਦੁੱਧ



ਡਾ. ਦਵਿੰਦਰ ਮੰਡ
ਮੋਬਾਈਲ : 99145-65255

ਬਹੁਤ ਘੱਟ ਪ੍ਰਸ਼ਾਸ਼ਨਿਕ ਅਧਿਕਾਰੀ ਹਨ ਜੋ ਸਾਹਿਤ ਦੀ ਓਟ ਲੈ ਕੇ ਸਮਾਜ ਦੀ ਸੇਵਾ ਲਈ ਯਤਨਸ਼ੀਲ ਰਹੇ ਹਨ। ਸਵਰਗੀ ਡਾ. ਮਹਿੰਦਰ ਸਿੰਘ ਰੰਧਾਵਾ, ਸਵਰਗੀ ਅਮਰੀਕ ਸਿੰਘ ਪੂਨੀ, ਭੁਪਿੰਦਰ ਸਿੰਘ ਆਈ. ਏ. ਐੱਸ ਆਦਿ ਨੇ ਪੰਜਾਬੀ ਸਾਹਿਤ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਸ. ਐੱਨ. ਐੱਸ. ਰਤਨ, ਜੀ. ਕੇ. ਸਿੰਘ ਅਤੇ ਕੁਝ ਕੁ ਪੁਲਿਸ ਅਧਿਕਾਰੀ ਅੱਜ ਵੀ ਪੰਜਾਬੀ ਸਾਹਿਤ ਦੀ ਨਿਰੰਤਰ ਸੇਵਾ ਕਰ ਰਹੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਸੇਵਾ ਮੁਕਤੀ ਤੋਂ ਬਾਅਦ ਤਾਂ ਸਭ ਲਿਖ ਲੈਂਦੇ ਹਨ ਪਰ ਸੇਵਾ 'ਚ ਰਹਿੰਦਿਆਂ ਲਿਖਣਾ ਸ਼ੇਰਨੀ ਦਾ ਦੁੱਧ ਪੀਣ ਵਾਂਗ ਔਖਾ ਹੈ। ਸ੍ਰੀ ਸੁੱਚਾ ਰਾਮ ਲੱਧੜ ਅਜਿਹੇ ਉੱਚ ਅਧਿਕਾਰੀ ਹਨ ਜਿਹੜੇ ਪ੍ਰਸ਼ਾਸਨ 'ਚ ਹੁੰਦਿਆਂ, ਦਲਿਤ ਜੀਵਨ 'ਚ ਪੈਦਾ ਹੋ ਕੇ ਆਪਣੇ ਨਿੱਜੀ ਅਨੁਭਵਾਂ ਨਾਲ ਸੱਚ ਦੀ ਕਲਮ ਚਲਾ ਰਹੇ ਹਨ। ਅਜੋਕੀ ਭ੍ਰਿਸ਼ਟ ਰਾਜਨੀਤੀ, ਅਫ਼ਸਰਸ਼ਾਹੀ, ਰਿਸ਼ਵਤਖੋਰੀ ਦੀ ਬਲਦੀ ਭੱਠੀ ਵਿਚੋਂ ਵੱਖਰੇ ਹੋ ਬੇਬਾਕੀ ਨਾਲ ਲਿਖਣਾ ਬੁਲੰਦ ਹੌਸਲੇ ਦਾ ਹੀ ਕਾਰਜ ਹੈ। ਇਕ ਗਿਆਨਵਾਨ ਮਨੁੱਖ ਹੀ ਜ਼ਿੰਦਗੀ ਨੂੰ ਨੇੜੇ ਤੋਂ ਦੇਖ ਸਕਦਾ ਹੈ। ਡਾ. ਬੀ. ਆਰ. ਅੰਬੇਡਕਰ ਦਾ ਕਥਨ ਹੈ, 'ਗਿਆਨ ਸ਼ੇਰਨੀ ਦਾ ਉਹ ਦੁੱਧ ਹੈ ਜਿਹੜਾ ਪੀਵੇਗਾ, ਸੋ ਦਹਾੜੇਗਾ।' ਇਸ ਵਿਚਾਰ 'ਤੇ ਪੁਸਤਕ ਦਾ ਨਾਮਕਰਣ ਕੀਤਾ ਗਿਆ ਹੈ। ਸਮੁੱਚੀ ਪੁਸਤਕ ਪੜ੍ਹਨ ਉਪਰੰਤ ਲੇਖਕ ਦੇ ਜੀਵਨ, ਪ੍ਰਸਥਿਤੀਆਂ, ਅੱਗੇ ਵਧਣ ਦੀ ਖ਼ਾਹਿਸ, ਭ੍ਰਿਸ਼ਟ ਸਮਾਜ ਅਤੇ ਰਾਜਨੀਤੀ, ਸਿਫ਼ਾਰਸਵਾਦ, ਹੈਵਾਨੀਅਤ ਅਤੇ ਕਰਮਸ਼ੀਲਤਾ ਦੀਆਂ ਵੱਖੋ-ਵੱਖਰੀਆਂ ਪਰਤਾਂ ਉਜਾਗਰ ਹੁੰਦੀਆਂ ਹਨ।

ਮਾਤਾ ਸਵਰਨੀ ਵਰਗੀ ਸ਼ੇਰਨੀ ਦਾ ਦੁੱਧ ਪੀਣ ਵਾਲੇ ਐੱਸ. ਆਰ. ਲੱਧੜ ਦਾ ਜਨਮ ਜਲੰਧਰ (ਹੁਣ ਨਵਾਂ ਸ਼ਹਿਰ) ਦੇ ਪਿੰਡ 'ਗਦਾਨੀ' ਵਿਖੇ ਕਰਮਯੋਗੀ ਸ੍ਰੀ ਪਿਆਰਾ ਰਾਮ ਦੇ ਘਰ ਹੋਇਆ। ਆਪਣੀ ਮਿਹਨਤ ਸਦਕਾ ਥਾਪਰ ਕਾਲਜ ਪਟਿਆਲਾ ਤੋਂ ਬੀ. ਟੈੱਕ. ਕਰਨ ਉਪਰੰਤ ਸਿੰਚਾਈ ਵਿਭਾਗ ਵਿਚ ਐੱਸ. ਡੀ. ਓ. ਦੇ ਅਹੁਦੇ 'ਤੇ ਰਹਿੰਦਿਆਂ ਲਗਨ ਅਤੇ ਸਖ਼ਤ ਮਿਹਨਤ ਨਾਲ ਆਈ. ਏ. ਐੱਸ. ਬਣੇ। 'ਸ਼ੇਰਨੀ ਦਾ ਦੁੱਧ' ਪੁਸਤਕ ਵਿਚ ਲਗਭਗ ਪੈਂਤੀ ਆਰਟੀਕਲ (ਮਿਡਲ) ਹਨ। ਪੁਸਤਕ ਦੇ ਪ੍ਰਕਾਸ਼ਕ ਨੇ ਵੀ ਇਨ੍ਹਾਂ ਮਿਡਲਾਂ ਨੂੰ ਬੜੀ ਨੀਝ ਨਾਲ ਛਾਪਿਆ ਹੈ।

ਸ੍ਰੀ ਲੱਧੜ ਸੇਵਾ 'ਚ ਹੁੰਦਿਆਂ ਮੰਤਰੀਆਂ, ਅਫ਼ਸਰਾਂ ਅਤੇ ਹੋਰ ਸਥਾਨਾਂ ਆਦਿ ਨਾਮ ਲਏ ਬਿਨਾਂ ਸਮਾਜ 'ਚ ਸਕਾਰਾਤਮਿਕ ਕਾਰਜਾਂ ਲਈ, ਲੋਕਾਂ ਨੂੰ ਪਿਆਰ ਨਾਲ ਇਕੱਠੇ ਕਰਕੇ ਇਕ ਟੀਮ ਦੀ ਤਰ੍ਹਾਂ ਕੰਮ ਕਰਵਾਉਂਦੇ ਹਨ। 'ਦਲਿਤਾਂ ਦੀ ਦਲਦਲ' ਮਿਡਲ ਵਿਚ ਬਠਿੰਡਾ ਜ਼ਿਲ੍ਹੇ ਦੇ ਗ਼ਰੀਬ ਦਲਿਤ ਪਰਿਵਾਰ ਦੀ ਦਾਸਤਾਨ ਨੂੰ ਬਿਆਨ ਕੀਤਾ ਗਿਆ ਹੈ। ਜੇ ਲੇਖਕ ਕੋਲ ਮਾਂ, ਧੀ ਦਾ ਕੇਸ ਨਾ ਜਾਂਦਾ, ਇਹ ਵੀ ਆਮ ਕੇਸਾਂ ਵਾਂਗ ਸਿਫ਼ਾਰਸਵਾਦ ਦੀ ਭੇਂਟ ਚੜ੍ਹ ਜਾਣਾ ਸੀ। ਅਧੇੜ ਉਮਰ ਦੇ ਲੰਬੜਦਾਰ ਦੇ ਘਰ ਗੂਹਾ-ਕੂੜਾ ਕਰਦੀਆਂ ਮਾਂ, ਧੀ ਜ਼ਿੰਦਗੀ ਨੂੰ ਚਲਾ ਰਹੀਆਂ ਸਨ। ਅਚਾਨਕ ਮਾਂ ਦੀ ਗ਼ੈਰ-ਮੌਜੂਦਗੀ ਵਿਚ ਲੰਬੜਦਾਰ ਮਾਸੂਮ ਬਾਲੜੀ ਨਾਲ ਕੁਕਰਮ ਕਰਦਾ ਹੈ। ਮਾਂ ਧੀ ਦੀ ਗੱਲ ਸੁਣ ਲੇਖਕ ਦੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। 'ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇਸ਼ ਵਿਚ ਜਿਸ ਦਾ ਸੰਵਿਧਾਨ ਇਕ ਦਲਿਤ ਨੇ ਬਣਾਇਆ ਹੋਵੇ, ਵਿਚ ਦਲਿਤ ਨੂੰ ਇਨਸਾਫ਼ ਨਹੀਂ ਮਿਲ ਰਿਹਾ।' ਲੇਖਕ ਪੂਰੀ ਤਨਦੇਹੀ ਨਾਲ ਫ਼ਰਜ਼ ਨਿਭਾਉਂਦਾ ਹੋਇਆ ਮੁਜਰਮ ਨੂੰ ਸਜ਼ਾ ਦਿਵਾਉਂਦਾ ਹੈ। ਇਸੇ ਤਰ੍ਹਾਂ 'ਅੱਧ ਦੀ ਖੇਤੀ ਪੂਰੀ ਫ਼ਸਲ' ਵਿਚ ਲੇਖਕ ਬਚਪਨ ਦੇ ਦਿਨਾਂ ਨੂੰ ਮਨ ਦੀ ਅਮੀਰੀ ਨਾਲ ਤੁਲਨਾ ਦਿੰਦਾ ਹੈ ਅਤੇ ਜ਼ਿੰਦਗੀ ਵਿਚ 'ਰਾਤਾਂ' ਦੇ ਰੋਲ ਨੂੰ ਮਹੱਤਵ ਦਿੰਦਾ ਹੈ। ਲੇਖਕ ਦੇ ਅਨੁਸਾਰ, 'ਮੈਨੂੰ ਬੀਬੀ ਉਸ ਵੇਲ ਵਾਂਗ ਲਗਦੀ ਸੀ ਜੋ ਬੰਜ਼ਰ ਜ਼ਮੀਨ ਵਿਚ ਉੱਗਣ ਦੇ ਬਾਵਜੂਦ ਇੱਧਰ-ਉੱਧਰ ਦੇ ਬੂਟਿਆਂ ਦੇ ਤਣਿਆਂ ਦਾ ਸਹਾਰਾ ਲੈ ਕੇ ਫੁੱਲਾਂ ਨੂੰ ਆਪਣੀ ਟੀਸੀ ਤਕ ਪਹੁੰਚਾ ਦਿੰਦੀ ਹੈ। ਪੁਰਾਣੀਆਂ ਪੁਸਤਕਾਂ ਨੂੰ ਪੜ੍ਹ ਪੌੜੀ-ਦਰ-ਪੌੜੀ ਚੜ੍ਹਦਾ ਲੇਖਕ ਕਹਿੰਦਾ ਹੈ, 'ਬੀਬੀ ਨੇ ਪੜ੍ਹਾਈ ਲਈ ਕਿਤਾਬਾਂ ਭਾਵੇਂ ਪੁਰਾਣੀਆਂ ਹੀ ਲੈ ਕੇ ਦਿੱਤੀਆਂ ਪਰ ਜ਼ਿੰਦਗੀ ਅਤੇ ਉਸ ਦੇ ਅਰਥ ਨਵੇਂ ਦਿੱਤੇ। 'ਪਿੰਡ ਦਾ ਡਾਕੀਆ' ਮਿਡਲ ਵਿਚ ਇਕ ਅਜਿਹੇ ਕਰੱਤਵ ਦੀ ਗੱਲ ਕੀਤੀ ਗਈ ਹੈ ਜਿਸ ਉੱਪਰ ਕਿਸੇ ਬੰਦੇ ਦਾ ਭਵਿਖ ਟਿਕਿਆ ਹੋਇਆ ਹੈ। ਲੇਖਕ ਦੀ ਜ਼ਿੰਦਗੀ ਵਿਚ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਜਦੋਂ ਡਾਕੀਆ ਜ਼ਰੂਰੀ ਪੱਤਰਾਂ ਨੂੰ ਲੇਖਕ ਤਕ ਪਹੁੰਚਾਉਣ ਵਿਚ ਕੰਨੀਂ ਕਤਰਾਉਂਦਾ ਰਿਹਾ। ਲੇਖਕ ਅਜਿਹੇ ਕੁਤਾਹੀਕਾਰ ਬਾਰੇ ਆਖਦਾ ਹੈ, 'ਮੈਨੂੰ ਪਿੰਡ ਦਾ ਡਾਕੀਆ ਕਈ ਵਾਰ ਛੱਪੜ ਦੇ ਝੋਟੇ ਵਾਂਗ ਲੱਗਿਆ ਜੋ ਪਾਣੀ ਵਿਚੋਂ ਨਿਕਲਣ ਦਾ ਨਾਂ ਨਹੀਂ ਲੈਂਦਾ। ਉਸ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਕੋਲ ਆਈ ਚਿੱਠੀ ਕਿਸੇ ਦੀ ਜ਼ਿੰਦਗੀ ਵਿਚ ਕੀ ਮਹੱਤਵ ਰੱਖਦੀ ਹੈ। ਭਾਵੇਂ ਮੈਂ ਆਪਣੀ ਮਾਤਾ ਜੀ ਦੀ ਸਮਝਦਾਰੀ ਅਤੇ ਦੂਰ-ਅੰਦੇਸ਼ੀ ਕਾਰਨ ਥਾਪਰ ਕਾਲਜ 'ਚ ਦਾਖਲਾ ਲੈ ਕੇ ਆਪਣੀ ਮੰਜ਼ਿਲ ਪਾ ਲਈ ਪਰ ਅਜਿਹੇ ਡਾਕੀਏ ਕਿੰਨੇ ਲੋਕਾਂ ਦੀ ਮੰਜ਼ਿਲ ਵਿਚ ਰੋੜੇ ਬਣੇ ਹੋਣਗੇ ਪਤਾ ਨਹੀਂ।' (ਪੰਨਾ 25 )




ਪੁਸਤਕ ਵਿਚ ਕੁਝ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਲੇਖਕ ਆਪਣੀ ਚੇਤਨਤਾ ਨਾਲ ਸਮਾਨਤਾ ਦਾ ਰਾਹ ਦੱਸਦਾ ਹੈ। ਚਾਹੇ ਉਹ ਡੇਰਿਆਂ 'ਤੇ ਹੁੰਦੇ ਦਲਿਤਾਂ ਨਾਲ ਵਿਤਕਰੇ ਹੋਣ, ਚਾਹੇ ਆੜਤੀਆਂ, ਕਿਸਾਨਾਂ ਨਾਲ ਹੁੰਦੀ ਬੇ-ਇੱਜ਼ਤੀ ਹੋਵੇ। ਲੇਖਕ ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੇ ਡੇਰੇ 'ਤੇ ਸਮੇਤ ਐੱਸ. ਐੱਸ. ਪੀ. ਤੇ ਐੱਮ. ਐੱਲ. ਏ. ਨਾਲ ਜਾਂਦਾ ਹੈ। ਡੇਰੇ ਅੰਦਰ ਦਲਿਤਾਂ ਦੇ ਜਾਣ ਦੀ ਮਨਾਹੀ ਸੀ। ਇਹ ਗੱਲ ਲੇਖਕ ਨੂੰ ਅਥਾਹ ਪ੍ਰੇਸ਼ਾਨ ਕਰਦੀ ਹੈ। ਆਪਣੀ ਬੁੱਧੀ ਅਤੇ ਦੂਰ-ਅੰਦੇਸ਼ੀ ਨਾਲ ਲੇਖਕ ਇਸ ਮਾੜੀ ਪਿਰਤ ਦਾ ਸਫ਼ਾਇਆ ਕਰਦਾ ਹੈ। ਲੇਖਕ ਆਪਣੀ ਜਾਤੀ ਰਾਇ ਦੱਸਦਾ ਕਹਿੰਦਾ ਹੈ ਕਿ ਚੰਗੇ ਅਫ਼ਸਰ ਸਮਾਜ ਵਿਚ ਅਤੇ ਸਿਆਸੀ ਲੋਕਾਂ ਵਿਚ ਸਮੇਂ ਦੇ ਨਾਲ ਇੱਜ਼ਤ ਪਾਉਂਦੇ ਹਨ। 'ਇੰਜ ਥੋੜੀ ਹੁੰਦਾ' ਲੇਖ ਵਿਚ ਸਭ ਸਿਫ਼ਾਰਸਾਂ ਨੂੰ ਲਾਂਭੇ ਕਰਕੇ ਲੇਖਕ ਅਸਲ ਹੱਕਦਾਰ ਨੂੰ ਹੱਕ ਦਿਵਾਉਂਦਾ ਹੈ। ਇਸੇ ਤਰ੍ਹਾਂ 'ਚਿੱਟੇ ਲਹੂ ਵਾਲਾ ਪੁੱਤ' ਮਿਡਲ ਵਿਚ ਵੀ ਸੱਚੇ-ਸੁੱਚੇ ਬਾਪ ਨੂੰ ਹੱਕ ਦਿਵਾਇਆ ਜਾਂਦਾ ਹੈ।

ਮਾਤਾ, ਪਿਤਾ ਅਤੇ ਪਤਨੀ ਵਲੋਂ ਲੇਖਕ ਦੀ ਜ਼ਿੰਦਗੀ ਵਿਚ ਜੋ ਅਹਿਮ ਰੋਲ ਨਿਭਾਇਆ ਗਿਆ ਹੈ, ਉਸ ਦਾ ਖ਼ੁਲਾਸਾ ਬੜੀ ਬਾਰੀਕੀ ਨਾਲ ਕੀਤਾ ਗਿਆ ਹੈ। ਲੇਖਕ ਕਿਵੇਂ ਮਹਾਨ ਵਿਅਕਤੀਆਂ ਦੀਆਂ ਜੀਵਨੀਆਂ ਪੜ੍ਹ, ਸਿਰ ਸੁੱਟ ਕੇ ਨਿਰੰਤਰ ਸਾਧਨਾ ਨਾਲ ਆਪਣੀ ਮੰਜ਼ਿਲ 'ਤੇ ਪਹੁੰਚਦਾ ਹੈ। 'ਕਿਹੜਾ ਕਾਨੂੰਨ', 'ਸੋਨੇ 'ਤੇ ਸੁਹਾਗਾ' ਲੇਖਾਂ ਵਿਚ ਲੇਖਕ ਕਾਨੂੰਨ ਤੋਂ ਉੱਪਰ ਉੱਠ ਕੇ ਕੁਝ ਕਾਰਜ ਅਜਿਹੇ ਕਰਦਾ ਹੈ ਜਿਹੜੇ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਂਦੇ ਹਨ। 'ਬਿਮਾਰ ਹਸਪਤਾਲ' ਅਤੇ 'ਮੋਤੀਆਂ ਵਾਲੀ ਸਰਕਾਰ' ਸਾਡੇ ਭ੍ਰਿਸ਼ਟ ਢਾਂਚੇ 'ਤੇ ਵਿਅੰਗ ਕਰਦਾ ਆਰਟੀਕਲ ਹੈ। ਸਰਕਾਰੀ ਕਰਮਚਾਰੀ ਆਪਣੇ ਆਕਿਆਂ ਦੀ ਸ਼ਹਿ ਅਧੀਨ ਕੀ ਕੁਝ ਕਰਦੇ ਹਨ ਅਤੇ ਇਕ ਜ਼ਿੰਮੇਵਾਰ ਅਫ਼ਸਰ ਕਿਵੇਂ ਉਨ੍ਹਾਂ ਨੂੰ ਧਰਤੀ ਨਾਲ ਜੋੜਦਾ ਹੈ। ਇਨ੍ਹਾਂ ਲੇਖਾਂ ਵਿਚ ਪੇਸ਼ ਹੋਇਆ ਹੈ।

ਸਮੁੱਚੇ ਰੂਪ ਵਿਚ ਪੁਸਤਕ 'ਸ਼ੇਰਨੀ ਦਾ ਦੁੱਧ' ਇਕ ਅਜਿਹਾ ਦਸਤਾਵੇਜ਼ ਹੈ ਜਿਹੜਾ ਪ੍ਰਸ਼ਾਸ਼ਨਿਕ ਸੇਵਾ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੱਲਾ ਸ਼ੇਰੀ ਦਿੰਦਾ ਹੈ ਨਾਲ ਦੀ ਨਾਲ ਹਰ ਵਿਅਕਤੀ ਨੂੰ ਇਕ ਨਵੀਂ ਸੇਧ ਅਤੇ ਪ੍ਰਸ਼ਾਸ਼ਨਿਕ ਖੇਤਰ ਦੀਆਂ ਨਵੀਆਂ ਗੱਲਾਂ ਨਾਲ ਸਾਂਝ ਪੁਆਉਂਦਾ ਹੈ। ਲੇਖਕ ਦਾ ਇਹ ਗੁਣ ਹੈ ਕਿ ਉਸ ਨੇ ਆਪਣੀ ਗੱਲ ਸਮਝਾਉਣ ਲਈ ਸਾਦੀ ਅਤੇ ਸਪੱਸ਼ਟ ਭਾਸ਼ਾ ਦੀ ਵਰਤੋਂ ਕੀਤੀ ਹੈ। ਪੇਂਡੂ ਜੀਵਨ ਵਿਚੋਂ ਲਏ ਪ੍ਰਤੀਕਾਂ ਨੂੰ ਸੁਲਝੇ ਢੰਗ ਨਾਲ ਬਿਆਨਿਆਂ ਹੈ। ਅਸਲ ਵਿਚ ਦਲਿਤ ਚੇਤਨਾ ਦਾ ਆਭਾਸ ਕਰਵਾਉਂਦੀ ਇਹ ਪੁਸਤਕ ਲੇਖਕ ਦੀ ਬੌਧਿਕ ਸੋਚ ਅਤੇ ਨਿੱਜੀ ਅਨੁਭਵ ਦਾ ਪ੍ਰਗਟਾਵਾ ਹੈ। •

---

## ਗ਼ਜ਼ਲਾਂ

ਭਟਕ ਲਿਆ ਬਹੁਤ ਅਤੇ ਭੁਰ ਲਿਆ ਬਥੇਰਾ।
ਸਾਥੋਂ ਹੋਇਆ ਨਾ ਉਗਾ ਕੋਈ ਧੜਕਦਾ ਸਵੇਰਾ।

ਰਹੇ ਸੋਚ ਦੇ ਕਿ ਪੰਧ ਹੋਣਾ ਬਹੁਤ ਹੀ ਲੰਮੇਰਾ।
ਇਹ ਤਾਂ ਔਹ ਗਿਆ ਔਹ ਗਿਆ ਜੋਗੀ ਵਾਲਾ ਫੇਰਾ।

ਸਾਡੇ ਚਾਨਣਾਂ ਨੂੰ ਜੀਰ-ਜੀਰ ਪੀ ਗਿਆ ਹਨੇਰਾ।
ਬੀਜ ਹੌਂਸਲੇ ਬਚਾਇਆ ਮਸੀਂ ਜੀਊਣ ਜੋਗਾ ਜੇਰਾ।


ਸਾਡੀ ਕਲਪਨਾ ਦਾ ਅੰਬਰੀ ਉਡਾਣ ਜਿੱਡਾ ਘੇਰਾ।
ਅਸੀਂ ਲਹੂ ਨਾਲ ਲਿਖਿਆ ਹੈ ਮਾਨਵੀ ਓਪੇਰਾ।

ਸਾਡੀ ਤੰਦ ਵੀ ਹੈ ਕੱਚੀ, ਸਾਡਾ ਤਨ ਵੀ ਕਚੇਰਾ।
ਉਂਜ ਆਖਦੇ ਨੇ ਲੋਕ ਸਾਨੂੰ ਅੱਖਰ-ਪਕੇਰਾ।

ਰਹੇ ਸੋਚ ਦੇ ਕਿ ਸਮਾਂ ਆਊ ਲਾਜ਼ਮੀ ਚੰਗੇਰਾ।
ਝੁੱਲੂ ਮਾਨਵੀ ਪੈਗ਼ਾਮ ਦਿੰਦਾ ਲਾਲ-ਫੁਲੇਰਾ।

ਨਾ ਮੈਂ ਵੱਡਾ ਮਹਿਲਧਾਰੀ, ਨਾ ਮੈਂ ਕਸਬੀ ਲੁਟੇਰਾ।
ਮੇਰਾ ਕਾਵਿਕ ਕਲੋਨੀ ਵਿਚ ਅੱਖਰਾਂ ਦਾ ਡੇਰਾ।

ਉਹ ਹੋਰ ਕੋਈ ਹੋਣਾ ਜਿਹੜਾ ਅਰਸ਼ ਤੋਂ ਉਚੇਰਾ।
ਮੈਂ ਹਾਂ ਕਾਮਾ ਕੁਲਵੰਤ ਸੂਹੇ ਅੱਖਰਾਂ ਦਾ ਕੇਰਾ।



• ਪ੍ਰੋ. ਕੁਲਵੰਤ ਔਜਲਾ, ਫੋਨ ਨੰ. 01822-235343

ਨਾ ਸੋਨਾ ਆਖਿਆ ਕਰ , ਨਾ ਚਾਂਦੀ ਹੀ ਬਣਾ ਮੈਨੂੰ।
ਕਿਤੇ ਮਿੱਟੀ ਮੈਂ ਹੋ ਜਾਵਾਂ, ਨਾ ਬਹੁਤਾ ਭਰਮਾ ਮੈਨੂੰ।

ਗ਼ੈਰਾਂ ਦੇ ਗੁਲਸ਼ਨ 'ਚੋਂ, ਫੁੱਲ ਤੋੜ ਲਿਆਉਂਦਾ ਏਂ,
ਮੇਰਾ ਦਮ ਘੁਟ ਜਾਏਗਾ, ਇਉਂ ਨਾ ਮਹਿਕਾ ਮੈਨੂੰ।

ਝਾਂਜਰ ਵਾਂਗੂ ਰੱਖਦੇ ਹੋ, ਅੱਜ ਵੀ ਔਰਤ ਨੂੰ,
ਲਾ ਠੋਕਰ ਕਹਿੰਦੇ ਹੋ, 'ਛਣਕਾਰ ਸੁਣਾ ਮੈਨੂੰ'।

ਸਾਹ ਮੁੱਕਦੇ ਮੁੱਕ ਜਾਵਣ, ਨਹੀਂ ਝੋਰਾ ਇਸ ਗੱਲ ਦਾ,
ਕਿਸੇ ਹੋਰ ਦੇ ਪੱਲੂ ਦੀ, ਦੇਵੀਂ ਨਾ ਹਵਾ ਮੈਨੂੰ।

ਹੱਦ ਹੁੰਦੀ ਸਿਤਮਾਂ ਦੀ, ਸਬਰਾਂ ਦੀ ਹੱਦ ਕੋਈ ਨਾ,
ਬੇਸ਼ੱਕ ਅਜ਼ਮਾ ਲੈ ਤੂੰ, ਸੂਲੀ 'ਤੇ ਚੜ੍ਹਾ ਮੈਨੂੰ।

ਉਹ ਜਿਗਰ ਦੇ ਜ਼ਖ਼ਮਾਂ 'ਤੇ, ਮਰਹਮ ਤਾਂ ਲਾਉਂਦੇ ਪਰ,
ਵਿਚ ਨਮਕ ਮਿਲਾ ਲੈਂਦੈ, ਲੱਗਦਾ ਨਾ ਪਤਾ ਮੈਨੂੰ।

ਉਸ ਕਾਨੀ ਦਿੱਤੀ ਹੈ, ਇਹ ਜ਼ਿੰਦਗਾਨੀ ਦਿੱਤੀ ਹੈ,
ਕੁਝ ਵਾਪਸ ਲੈ ਗਿਆ ਜੇ, ਕਿਉਂ ਰਹਿੰਦਾ ਗਿਲਾ ਮੈਨੂੰ।

ਹੁਣ ਯਾਦ ਨਾ ਆਇਆ ਕਰ, ਨਾ ਤੜਪਾਇਆ ਕਰ,
ਮੇਰੀਆਂ ਹੀ ਨਜ਼ਰਾਂ 'ਚੋਂ, ਨਾ ਇੰਜ ਗਿਰਾ ਮੈਨੂੰ।

ਕਦੇ ਕਰਦਾ ਦਿਲ ਲਗੀਆਂ, ਕਦੇ ਦੇਂਦਾ ਦਿਲਬਰੀਆਂ,
ਕਮਲੀ ਕਰ ਦੇਵੇਗਾ ਇਹ, ਸਿਲਸਿਲਾ ਮੈਨੂੰ।

ਇਸ ਦਿਲ ਡੁੱਬ ਜਾਣੇ ਨੂੰ, ਲੋਕੀਂ ਦਰਿਆ ਕਹਿੰਦੇ,
ਮੁੱਦਤ ਤੋਂ ਪਿਆਸੀ ਹਾਂ, ਇਕ ਬੂੰਦ ਪਿਆ ਮੈਨੂੰ।

ਸਾਨੂੰ ਲੋਰ ਜਿਹੀ ਰਹਿੰਦੀ, ਕਿਸੇ ਪੀੜ ਅਵੱਲੜੀ ਦੀ,
ਉਹ ਮੁੜ-ਮੁੜ ਪੁੱਛਦਾ ਹੈ, ਕਾਹਦਾ ਹੈ ਨਸ਼ਾ ਮੈਨੂੰ।



• ਪਰਮਜੀਤ ਕੌਰ ਸਰਹਿੰਦ, ਮੋਬਾਈਲ: 98728-98599

ਘੁੰਮ ਨਜ਼ਾਰਾ ਦੇਖਿਆ ਸਾਰੀਆਂ ਥਾਵਾਂ ਦਾ।
ਬਦਲ ਕਿਤੇ ਨਾ ਮਿਲਦਾ ਸਕੀਆਂ ਮਾਵਾਂ ਦਾ।

ਸਿੰਜਣਾ ਪੈਂਦਾ ਹੱਥੀਂ ਲਾਏ ਰੁੱਖਾਂ ਨੂੰ,
ਚਾਹੀਦਾ ਜੇ ਸੁੱਖ ਮਾਨਣਾ ਠੰਢੀਆਂ ਛਾਵਾਂ ਦਾ।

ਮਾੜੇ ਦਿਲ ਦੇ ਮਾਲਕ ਚੰਗਾ ਕਰਦੇ ਨਾ,
ਰੰਗ ਕਦੇ ਨਾ ਹੋਵੇ ਬੱਗਾ ਕਾਵਾਂ ਦਾ।

ਮੁੱਕ ਦੀ ਨਹੀਓਂ ਵਾਟ ਮੁਕਾਉਣੀ ਪੈਂਦੀ ਹੈ,
ਲੱਭਣ ਲਈ ਸਿਰਨਾਵਾਂ ਉਭੜ ਥਾਵਾਂ ਦਾ।

ਜੇ ਹੈ ਪਾਉਣੀ ਮੰਜ਼ਿਲ ਤਾਂ ਫਿਰ ਤੁਰਿਆ ਜਾਹ,
ਸੱਚਾ ਪਾਂਧੀ ਬਣ ਕੇ ਸੁੱਚੀਆਂ ਰਾਹਵਾਂ ਦਾ।

ਕਰ ਲੈ 'ਅਮਨੇਂ' ਜੋ ਕਰਨਾ ਹੁਣ ਵੇਲਾ ਹੈ,
ਕੁਝ ਪਤਾ ਨਹੀਂ ਆਉਂਦੇ ਜਾਂਦੇ ਸਾਹਵਾਂ ਦਾ।



• ਅਮਨਜੀਤ ਕੌਰ ਸ਼ਰਮਾ

ਖੁਸ਼ਨੁਮਾ ਮੰਜ਼ਰ ਤਾਂ ਹੋਣਾ ਚਾਹੀਦੈ।
ਆਦਮੀ ਦਾ ਘਰ ਤਾਂ ਹੋਣਾ ਚਾਹੀਦੈ।

ਜਿਸ ਜਗ੍ਹਾ ਰਾਹਤ ਪਿਆਸੇ ਨੂੰ ਮਿਲੇ,
ਇੰਜ ਦਾ ਕੋਈ ਦਰ ਤਾਂ ਹੋਣਾ ਚਾਹੀਦੈ।

ਕਿਸ ਤਰ੍ਹਾਂ ਕੱਟੋਗੇ, ਮੋਹ ਦੇ ਜਾਲ ਨੂੰ,
ਕੋਲ ਇਕ ਖੰਜਰ ਤਾਂ ਹੋਣਾ ਚਾਹੀਦੈ।

ਵੇਦਨਾ ਦਾ ਹੜ੍ਹ ਇਹ ਜਾਵੇਗਾ ਕਿੱਧਰ,
ਇਸ਼ਕ ਦਾ ਸਾਗਰ ਤਾਂ ਹੋਣਾ ਚਾਹੀਦੈ।

ਇਸ ਤਰ੍ਹਾਂ ਸ਼ੈਤਾਨ ਨਾ ਮਨ ਦਾ ਮਰੇ,
ਸਾਫ਼ ਮਨ ਮੰਦਰ ਤਾਂ ਹੋਣਾ ਚਾਹੀਦੈ।

ਦੋਸਤੋ ਜੋ ਬਾਹਰ, ਦਿਸਦਾ ਹੀ ਨਹੀਂ,
ਰੱਬ ਦਿਲ ਅੰਦਰ ਤਾਂ ਹੋਣਾ ਚਾਹੀਦੈ।



• ਰੋਜ਼ੀ ਸਿੰਘ

## ਕਵਿਤਾਵਾਂ

### ਮੋਈਆਂ ਤਿੱਤਲੀਆਂ

ਮੋਈਆਂ ਤਿੱਤਲੀਆਂ ਦੀ
ਇਤਲਾਹ ਦਿੰਦੇ ਸ਼ਬਦ
ਕਵਿਤਾ ਨਹੀਂ ਹੁੰਦੇ
ਉਹ ਤਾਂ ਬਸ
ਮਨਹੂਸ ਖ਼ਬਰ ਹੁੰਦੀ ਹੈ।

ਤਿੱਤਲੀਆਂ ਦੇ ਚੁੰਮਣ ਬਾਝੋਂ
ਬੇ-ਰਸ...ਬੇ-ਰੰਗ...ਮਹਿਕਹੀਣ
ਫੁੱਲਾਂ ਦਾ ਰੁਦਨ ਵੀ
ਕਵਿਤਾ ਨਹੀਂ ਹੁੰਦਾ।

ਉਸ ਰੁਦਨ ਦੇ ਹੌਕੇ 'ਚੋਂ
ਕਿਰਦੇ ਰੰਗਾਂ ਨੂੰ
ਤਲੀਆਂ 'ਤੇ ਬੋਚ ਲੈਣਾ
ਲਾਜ਼ਮੀ ਕਵਿਤਾ ਹੈ।

ਰਸ ਨਾ ਸੁੱਕਣ
ਰੰਗ ਨਾ ਮੁੱਕਣ
ਮਹਿਕਾਂ ਨਾ ਖੁੱਸਣ
ਇਹ ਦੁਆ ਕਰਨਾ
ਇਹ ਦੇ ਲਈ ਅਹਿਦ ਕਰਨਾ
ਉਸ ਅਹਿਦ ਨੂੰ
ਪੂਰਾ ਕਰਨ ਲਈ ਯਤਨ ਕਰਨਾ
ਲਾਜ਼ਮੀ ਕਵਿਤਾ ਹੈ
ਹਾਂ ਇਹੀ ਕਵਿਤਾ ਹੈ।



• ਕਰਮਜੀਤ ਕੌਰ ਕਿਸ਼ਾਂਵਲ

### ਚਾਦਰ ਵੇਖ ਕੇ

ਚਾਦਰ ਵੇਖ ਕੇ ਪੈਰ ਪਸਾਰ ਬੰਦੇ।
ਨਹੀਂ ਤਾਂ ਹੋਏਂਗਾ ਖੱਜਲ-ਖ਼ੁਆਰ ਬੰਦੇ।

ਕਰਜ਼ਾ ਕਦੇ ਹੱਦੋਂ ਵੱਧ ਚੁੱਕੀਏ ਨਾ,
ਸਿਰੋਂ ਪਹਿਲਾਂ ਕਰਜ਼ ਉਤਾਰ ਬੰਦੇ।

ਜਿੰਨੀ ਕਮਾਈ ਹੋਵੇ, ਓਨਾਂ ਕਰੋ ਖ਼ਰਚਾ,
ਜੀਵਨ ਆਪਣਾ ਲਵੋ ਸਵਾਰ ਬੰਦੇ।

ਸੌ ਰੁਪਏ ਹੋਵੇ ਤੁਹਾਡੀ ਆਮਦਨ,
ਖ਼ਰਚੋ ਪੰਜਾਹ ਨਾ ਸਿਰ ਰੱਖੋ ਭਾਰ ਬੰਦੇ।

ਆਮਦਨ ਤੋਂ ਵੱਧ ਹੋਵੇ ਜੇ ਖ਼ਰਚ ਤੇਰਾ,
ਫਿਰ ਹੋਵੇਂਗਾ ਪੈਸੇ ਤੋਂ ਅਵਾਜ਼ਾਰ ਬੰਦੇ।

ਜੀਵਨ ਸਾਥੀ ਨੂੰ ਦੇਵੋ ਕਮਾਈ ਕਰਕੇ,
ਆਟਾ-ਦਾਲ ਨਾ ਮੰਗੇ ਉਧਾਰ ਬੰਦੇ।

ਤੰਗੀ-ਤੁਰਸ਼ੀ ਦਾ ਜੀਵਨ ਬੜਾ ਮਾੜਾ,
ਛੇਤੀ ਉੱਠ ਕੇ ਹੰਭਲਾ ਮਾਰ ਬੰਦੇ।

ਸੱਚੀ-ਸੁੱਚੀ ਭਾਈ ਕਰੋ ਕਿਰਤ ਸਾਰੇ,
ਘੱਲਪੁਰੀ ਦਾ ਸ਼ੁੱਭ ਵਿਚਾਰ ਬੰਦੇ।



• ਨਛੱਤਰ ਸਿੰਘ ਘੱਲਪੁਰੀ, ਮੋਬਾਇਲ: 98880-46050

## ਮਾਲ ਰਿਕਾਰਡ 'ਚ ਸੋਧ ਕਰਨ ਬਦਲੇ ਰਿਸ਼ਵਤ ਮੰਗਣ ਵਾਲਾ ਮਾਲ ਪਟਵਾਰੀ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ

ਗੁਰਦਾਸਪੁਰ 19 ਫਰਵਰੀ। ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਪੰਜਾਬ ਵਿਜੀਲੈਂਸ ਬਿਊਰੋ ਨੇ ਮਾਲ ਹਲਕਾ ਹਰਪੁਰਾ, ਜ਼ਿਲਾ ਗੁਰਦਾਸਪੁਰ ਵਿਖੇ ਤਾਇਨਾਤ ਮਾਲ ਪਟਵਾਰੀ ਕੇਵਲ ਸਿੰਘ ਵਾਸੀ ਪਿੰਡ ਕੰਢਿਆਲਾ ਨੂੰ ਰਿਸਵਤ ਮੰਗਣ ਦੇ ਦੋਸ ਹੇਠ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਟੇਟ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜਮ ਵਿਰੁੱਧ ਇਹ ਮਾਮਲਾ ਜੀਵਨਜੋਤ ਸਿੰਘ ਵਾਸੀ ਪਿੰਡ ਖੋਖਰ, ਜ਼ਿਲਾ ਗੁਰਦਾਸਪੁਰ ਵੱਲੋਂ ਮੁੱਖ ਮੰਤਰੀ ਦੀ ਭ੍ਰਿਸਟਾਚਾਰ ਵਿਰੋਧੀ ਐਕਸਨ ਲਾਈਨ ਵਿਖੇ ਦਰਜ




ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿਚ ਦੋਸ ਲਾਇਆ ਹੈ ਕਿ ਉਕਤ ਪਟਵਾਰੀ ਵੱਲੋਂ ਉਸ ਦੀ ਜਮੀਨ ਦੀ ਮਾਲਕੀ ਸਬੰਧੀ ਮਾਲ ਰਿਕਾਰਡ ਵਿਚ ਸੋਧ ਕਰਨ ਲਈ ਰਿਸਵਤ ਦੀ ਮੰਗ ਕੀਤੀ ਜਾ ਰਹੀ ਹੈ। ਸ਼ਿਕਾਇਤਕਰਤਾ ਨੇ ਉਕਤ ਪਟਵਾਰੀ ਵੱਲੋਂ ਰਿਸਵਤ ਦੀ ਮੰਗ ਕਰਨ ਸਮੇਂ ਰਿਕਾਰਡਿੰਗ ਕਰ ਲਈ ਜਿਸ ਨੂੰ ਸਬੂਤ ਵਜੋਂ ਵਿਜੀਲੈਂਸ ਬਿਊਰੋ ਕੋਲ ਸੌਂਪ ਦਿੱਤਾ। ਇਸ ਸਬੰਧੀ ਵਿਜੀਲੈਂਸ ਰੇਂਜ ਅੰਮ੍ਰਿਤਸਰ ਵੱਲੋਂ ਸ਼ਿਕਾਇਤ ਦੀ ਪੜਤਾਲ ਕੀਤੀ ਗਈ, ਜਿਸ ਵਿਚ ਸ਼ਿਕਾਇਤਕਰਤਾ ਵੱਲੋਂ ਲਗਾਏ ਦੋਸ਼ ਸਹੀ ਪਾਏ ਗਏ। ਇਸ ਰਿਪੋਰਟ ਦੇ ਆਧਾਰ 'ਤੇ ਉਕਤ ਦੋਸੀ ਖ਼ਿਲਾਫ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਜੱਜ ਬਣ ਗੁਰਮੀਤ ਕੌਰ ਨੇ ਲੋਹੀਆਂ ਦੇ ਮੰਡੀ ਚੋਹਲੀਆਂ ਦਾ ਨਾਮ ਕੀਤਾ ਰੌਸਨ

ਲੋਹੀਆਂ ਖਾਸ 19 ਫਰਵਰੀ। ਸਤਲੁਜ ਦਰਿਆ 'ਤੇ ਕਾਲੀ ਵੇਈ ਦੇ ਸੰਗਮ 'ਚ ਵਸੇ ਲੋਹੀਆਂ ਖਾਸ ਬਲਾਕ ਦੇ ਪਿੰਡ ਮੁੰਡੀ ਚੋਹਲੀਆਂ ਦੀ ਜੰਮਪਲ ਖੇਮ ਸਿੰਘ ਅਤੇ ਸਾਬਕਾ ਸਰਪੰਚ ਰਾਣੋ ਦੀ ਸਪੁੱਤਰੀ ਗੁਰਮੀਤ ਕੌਰ ਨੇ ਪਿਛਲੇ ਦਿਨੀ ਆਏ ਪੀ.ਸੀ.ਐਸ ਜੁਡੀਸੀਅਲ ਦੀ ਪ੍ਰੀਖਿਆ ਪਾਸ ਕਰਕੇ ਆਪਣੇ ਮਾਪਿਆਂ ਅਤੇ ਪਿੰਡ ਦਾ ਨਾਮ ਰੋਸ਼ਨ ਕੀਤਾ ਹੈ। ਇਸ ਗੱਲ ਦੀ ਖਬਰ ਮਿਲਦਿਆਂ ਹੀ ਉਨ੍ਹਾਂ ਦੇ ਪਰਿਵਾਰ, ਰਿਸਤੇਦਾਰ, ਪਿੰਡ ਵਿੱਚ ਖੁਸੀ ਦੀ ਲਹਿਰ ਦੌੜ ਗਈ। ਖੇਮ ਸਿੰਘ ਦੇ ਘਰ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ ਹੈ। ਪਿੰਡ ਦੇ ਸਰਪੰਚ ਸਰਦਾਰ ਫੁੰਮਣ ਸਿੰਘ ਅਤੇ ਸਮੂਹ ਪੰਚਾਇਤ, ਸੁਰਿੰਦਰ ਸਿੰਘ ਬਿਜਲੀ ਬੋਰਡ, ਫੁੰਮਣ ਸਿੰਘ ਚੱਕੀ ਵਾਲੇ ਅਤੇ ਪਿੰਡ ਦੇ ਬਾਕੀ ਲੋਕਾਂ ਨੇ ਵਧਾਈਆਂ ਦਿੱਤੀਆਂ। ਇਸੇ ਤਰ੍ਹਾਂ ਡੈਮੋਕਰੇਟਿਕ ਟੀਚਰ ਫਰੰਟ ਦੇ ਜਿਲ੍ਹਾ ਪ੍ਰਧਾਨ ਸਰਦਾਰ ਕੁਲਵਿੰਦਰ ਸਿੰਘ ਜੋਸਨ, ਕਿਸਾਨ ਮੋਰਚੇ ਦੇ ਪ੍ਰਧਾਨ ਮਾਸਟਰ ਨਿਰਮਲ ਸਿੰਘ, ਲਖਵੀਰ ਸਿੰਘ ਸੈਕਟਰੀ ਅਤੇ ਮੁੰਡੀ ਚੋਲੀਆਂ ਦੇ ਸਮੂਲ ਸਕੂਲ ਸਟਾਫ ਨੇ ਉਚੇਚੇ ਤੌਰ 'ਤੇ ਘਰ ਆ ਕੇ ਪਰਿਵਾਰ ਨਾਲ ਖੁਸੀ ਸਾਂਝੀ ਕਰਦਿਆਂ ਵਧਾਈਆਂ ਦਿੱਤੀਆਂ। ਸਾਰੇ ਪਰਿਵਾਰ ਵੱਲੋਂ ਅਧਿਆਪਕਾਂ ਦਾ ਖਾਸ ਕਰਕੇ ਧੰਨਵਾਦ ਕੀਤਾ, ਜਿਨ੍ਹਾਂ ਦੇ ਦਿਸਾ-ਨਿਰਦੇਸ ਨਾਲ ਲੜਕੀ ਨੇ ਇਹ ਅਹਿਮ ਸਫਲਤਾ ਪ੍ਰਾਪਤ ਕੀਤੀ।

# ਗੁਰਦੁਆਰਿਆਂ ਦੀ ਮਰਿਆਦਾ ਭੰਗ ਕਰਨ ਵਾਲਿਆਂ ਖਿਲਾਫ ਹੋਵੇਗੀ ਸਖਤ ਕਾਰਵਾਈ : ਗਿਆਨੀ ਰਘਬੀਰ ਸਿੰਘ

ਕਿਸ਼ਨ ਪਾਲ

ਅੰਮ੍ਰਿਤਸਰ 19 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਸਾਨਾਂ ਦੇ ਹੱਕਾਂ ਪ੍ਰਤੀ ਕੇਂਦਰ ਸਰਕਾਰ ਵਲੋਂ ਅਪਣਾਏ ਜਾ ਰਹੇ ਹੱਠੀ ਰਵੱਈਏ ਦੀ ਸਖਤ ਨਿਖੇਧੀ ਕਰਦਿਆਂ ਹਰਿਆਣਾ ਦੇ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਪੁਲਸ ਅਤੇ ਨੀਮ ਫੌਜੀ ਦਸਤਿਆਂ ਵਲੋਂ ਨਸ਼ਿਆਂ ਦਾ ਸੇਵਨ ਕਰਨ ਦੀਆਂ ਘਟਨਾਵਾਂ ਦਾ ਗੰਭੀਰ ਨੋਟਿਸ ਲਿਆ ਹੈ। ਉਨ੍ਹਾਂ ਜਿੱਥੇ ਕੇਂਦਰ ਸਰਕਾਰ ਨੂੰ ਦੇਸ ਦੇ ਅੰਨ੍ਹਦਾਤੇ ਕਿਸਾਨੀ ਵਰਗ ਨੂੰ ਉਨ੍ਹਾਂ ਦੇ ਹੱਕ ਦੇਣ ਦੀ ਨਸੀਹਤ ਦਿੱਤੀ ਹੈ, ਉੱਥੇ ਹੀ ਸਰਕਾਰ ਵਲੋਂ ਨਾਮਜਦ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਖਤ ਸਬਦਾਂ ਵਿਚ ਤਾੜਨਾ ਕੀਤੀ ਹੈ ਕਿ ਸੰਗਤਾਂ ਦੀ ਰਿਹਾਇਸ ਲਈ ਬਣੀਆਂ ਗੁਰਦੁਆਰਿਆਂ ਦੀਆਂ ਸਰਾਵਾਂ ਵਿਚੋਂ ਪੁਲਸ ਅਤੇ ਨੀਮ ਫੌਜੀ ਬਲਾਂ ਨੂੰ ਤੁਰੰਤ ਬਾਹਰ ਕੀਤਾ ਜਾਵੇ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਆਪਣੇ ਹੱਕਾਂ ਲਈ ਦਿੱਲੀ ਨੂੰ ਰਵਾਨਾ ਹੋਏ ਪੰਜਾਬ ਦੇ ਕਿਸਾਨਾਂ ਨੂੰ ਰੋਕਣ ਲਈ ਹਰਿਆਣਾ ਪੁਲਸ ਵਲੋਂ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਅਤੇ ਗੁਰਦੁਆਰਾ ਪੰਜੋਖਰਾ ਸਾਹਿਬ ਦੀਆਂ ਸਰਾਵਾਂ ਦੇ ਕਮਰਿਆਂ ਵਿਚ ਡੇਰੇ ਜਮਾਉਣ ਅਤੇ ਉੱਥੇ ਨਸ਼ਿਆਂ ਦਾ ਸੇਵਨ ਕਰਨ ਦੀਆਂ ਨਾ-ਬਰਦਾਸਤਯੋਗ ਘਟਨਾਵਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਨੇ ਗੁਰਦੁਆਰਿਆਂ ਦੀਆਂ ਸਰਾਵਾਂ ਵਿਚੋਂ ਪੁਲਸ ਦੁਆਰਾ ਵਰਤੇ ਗਏ ਤੰਬਾਕੂ, ਸਿਗਰਟਾਂ, ਸਰਾਬ ਅਤੇ ਹੋਰ ਸਿੱਖ ਧਰਮ ਵਿਰੋਧੀ ਵਸਤੂਆਂ ਬਰਾਮਦ ਕੀਤੀਆਂ ਹਨ, ਜੋ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਵੱਡੀ ਕੁਤਾਹੀ ਹੈ, ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਆਪਣੇ ਸਿਆਸੀ ਮੁਫਾਦਾਂ ਖਾਤਰ ਪਵਿੱਤਰ ਗੁਰਦੁਆਰਿਆਂ ਵਿਚ ਪੁਲਸ ਵਾੜਨ ਦੀ ਹਮਾਕਤ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਕਮੇਟੀ ਨੂੰ ਇਹ ਚੇਤੇ ਰੱਖਣਾ



ਚਾਹੀਦਾ ਹੈ ਕਿ ਉਹ ਗੁਰਦੁਆਰਿਆਂ ਦੀ ਮਾਲਕ ਨਹੀਂ ਸਗੋਂ ਪ੍ਰਬੰਧਕੀ ਸੰਸਥਾ ਹੈ, ਜਿਸ ਦੇ ਕੋਲ ਅਜਿਹਾ ਕੋਈ ਹੱਕ ਨਹੀਂ ਹੈ ਕਿ ਉਹ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਪੁਲਸ ਨੂੰ ਬਿਠਾ ਕੇ ਤੰਬਾਕੂ ਅਤੇ ਸਰਾਬ ਦੀ ਵਰਤੋਂ ਕਰਨ ਦੀ ਖੁੱਲ੍ਹ ਦੇਵੇ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਵੀ ਸਰਕਾਰ ਤੇ ਪੁਲਸ ਦੇ ਜੋਰ ਨਾਲ ਗੁਰਦੁਆਰਿਆਂ ਦੇ ਪ੍ਰਬੰਧ ਹਾਸਲ ਕੀਤੇ ਹਨ ਅਤੇ ਹੁਣ ਉਹ ਬਦਲੇ ਵਿਚ ਸਰਕਾਰਾਂ ਨੂੰ ਖੁਸ ਕਰਨ ਲਈ ਪਵਿੱਤਰ ਗੁਰਧਾਮਾਂ ਦੀ ਮਰਿਆਦਾ ਦੀ ਉਲੰਘਣਾ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਅਜਿਹੀ ਕੁਤਾਹੀ ਨੂੰ ਕਦੇ ਵੀ ਮਾਫ ਨਹੀਂ ਕੀਤਾ ਜਾਵੇਗਾ, ਗੁਰਦੁਆਰਿਆਂ ਦੀ ਪਵਿੱਤਰ ਮਰਿਆਦਾ ਭੰਗ ਕਰਨ ਦੇ ਜ਼ਿੰਮੇਵਾਰਾਂ ਦੇ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਗਿਆਨੀ ਰਘਬੀਰ ਸਿੰਘ ਨੇ ਹਰਿਆਣਾ ਦੀਆਂ ਸੰਗਤਾਂ ਨੂੰ ਵੀ ਸੁਚੇਤ ਹੋ ਕੇ ਗੁਰਦੁਆਰਿਆਂ ਦੀ ਪਵਿੱਤਰਤਾ ਦੀ ਰਾਖੀ ਕਰਨ ਲਈ ਆਖਿਆ ਹੈ।

## ਕਮਿਸ਼ਨਰੇਟ ਪੁਲਸ ਨੇ 500 ਗ੍ਰਾਮ ਚਰਸ ਸਮੇਤ ਇਕ ਨੂੰ ਕੀਤਾ ਕਾਬੂ

ਜਲੰਧਰ 19 ਫਰਵਰੀ। ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਇੱਕ ਵਿਅਕਤੀ ਨੂੰ 500 ਗ੍ਰਾਮ ਚਰਸ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ




ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਸਹਿਰ ਵਿੱਚ ਚਰਸ ਦਾ ਵਪਾਰ ਕਰਨ ਵਾਲਾ ਇੱਕ ਗਿਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਸਹਿਰ ਦੇ ਬੀਐੱਸੀ ਚੌਕ ਨੇੜੇ ਜਾਲ ਵਿਛਾਇਆ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਚੈਕਿੰਗ ਦੌਰਾਨ ਪੁਲਸ ਪਾਰਟੀ ਨੇ ਬੀਐੱਮਸੀ ਚੌਕ ਪੈਟਰੋਲ ਪੰਪ ਵਾਲੇ ਪਾਸੇ ਤੋਂ ਇੱਕ ਨੌਜਵਾਨ ਨੂੰ ਆਉਂਦਾ ਦੇਖਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਸਪੈਸਲ ਸੈੱਲ ਦੀ ਪੁਲਸ ਪਾਰਟੀ ਨੇ ਹੁਣੇ ਹੁਣੇ ਡੀਐੱਸਪੀ ਬਣੇ ਇੰਦਰਜੀਤ ਸਿੰਘ ਸੈਣੀ ਦੀ ਅਗਵਾਈ ਵਿਚ ਸੱਕ ਦੇ ਆਧਾਰ 'ਤੇ ਹੱਥ ਵਿੱਚ ਪੋਲੀਥੀਨ ਬੈਗ ਲੈ ਕੇ ਨੌਜਵਾਨ ਨੂੰ ਚੈਕਿੰਗ ਲਈ ਰੁਕਣ ਲਈ ਕਿਹਾ। ਉਧਰ ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਭੱਜਣ ਲੱਗਾ ਜਿਸ ਤੋਂ ਬਾਅਦ ਪੁਲਸ ਪਾਰਟੀ ਨੇ ਪਿੱਛਾ ਕਰਕੇ ਉਸ ਨੂੰ ਕਾਬੂ ਕਰ ਲਿਆ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਚੈਕਿੰਗ ਦੌਰਾਨ ਉਸ ਦੇ ਕਬਜੇ ਵਿੱਚੋਂ 500 ਗ੍ਰਾਮ ਚਰਸ ਬਰਾਮਦ ਕੀਤੀ। ਪੁਲਸ ਕਮਿਸਨਰ ਨੇ ਦੱਸਿਆ ਕਿ ਨੌਜਵਾਨ ਦੀ ਪਛਾਣ ਪੰਕਜ ਹੰਸ ਪੁੱਤਰ ਤਿਲਕ ਰਾਜ ਵਾਸੀ ਸਾਈਂ ਕਾਲੋਨੀ ਨੇੜੇ ਸ਼ਿਵ ਮੰਦਿਰ, ਘਾਹ ਮੰਡੀ ਜਲੰਧਰ ਵਜੋਂ ਹੋਈ ਹੈ।

## ਸੀ. ਬੀ. ਆਈ. ਦਾ ਵੱਡਾ ਐਕਸ਼ਨ, ਜਲੰਧਰ 'ਚ ਪਾਸਪੋਰਟ ਦਫਤਰ ਦੇ 3 ਅਧਿਕਾਰੀ ਗ੍ਰਿਫਤਾਰ

ਏਜੰਸੀਆਂ

ਜਲੰਧਰ 19 ਫਰਵਰੀ। ਜਲੰਧਰ ਵਿਖੇ ਕੇਂਦਰੀ ਜਾਂਚ ਬਊਰੋ ਨੇ ਇਕ ਸ਼ਿਕਾਇਤ 'ਤੇ ਪਾਸਪੋਰਟ ਜਾਰੀ ਕਰਨ ਸਬੰਧੀ ਰਿਸ਼ਵਤ ਮਾਮਲੇ 'ਚ ਵੱਡੀ ਕਾਰਵਾਈ ਕੀਤੀ ਹੈ। ਸੀ. ਬੀ. ਆਈ. ਸਰਚ ਮੁਹਿੰਮ ਦੌਰਾਨ ਪਾਸਪੋਰਟ ਦਫਤਰ ਦੇ ਤਿੰਨ ਵੱਡੇ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ ਖੇਤਰੀ ਪਾਸਪੋਰਟ ਅਧਿਕਾਰੀ (ਆਰ. ਪੀ. ਓ.) ਅਤੇ ਦੋ ਸਹਾਇਕ ਪਾਸਪੋਰਟ ਅਧਿਕਾਰੀ (ਸਹਾਇਕ ਪਾਸਪੋਰਟ ਅਫਸਰ) ਸ਼ਾਮਲ ਹਨ। ਇਨ੍ਹਾਂ ਦੇ ਕੋਲੋਂ ਕਰੀਬ 25 ਲੱਖ ਰੁਪਏ ਬਰਾਮਦ ਕੀਤੇ ਗਏ ਹਨ। ਸੀ. ਬੀ. ਆਈ. ਨੇ ਇਕ ਸ਼ਿਕਾਇਤ 'ਤੇ ਖੇਤਰੀ ਪਾਸਪੋਰਟ ਦਫਤਰ ਜਲੰਧਰ ਦੇ ਇਕ ਸਹਾਇਕ ਪਾਸਪੋਰਟ ਅਧਿਕਾਰੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਹ ਦੋਸ਼ ਲਗਾਇਆ ਗਿਆ ਸੀ ਕਿ ਸ਼ਿਕਾਇਤ ਕਰਤਾ ਨੇ ਆਪਣੀ ਪੋਤਰੀ ਅਤੇ ਪੋਤਰੇ ਸੰਬੰਧ 'ਚ ਨਵੇਂ ਪਾਸਪੋਰਟ ਲਈ ਬਿਨੇਕਾਰ ਦਿੱਤਾ ਸੀ। ਜਦੋਂ ਸ਼ਿਕਾਇਤ ਕਰਤਾ ਉਕਤ ਦੋਵੇਂ ਪਾਸਪੋਰਟਾਂ ਦੀ ਸਥਿਤੀ ਦੀ ਜਾਂਚ ਲਈ ਦੋਸ਼ੀ ਏ. ਪੀ. ਓ. (ਸਹਾਇਕ ਪਾਸਪੋਰਟ ਅਫਸਰ) ਨੂੰ ਮਿਲਿਆ ਤਾਂ ਮੁਲਜਮ ਨੇ ਪਾਸਪੋਰਟ ਜਾਰੀ ਕਰਨ ਲਈ ਕਥਿਤ ਤੌਰ 'ਤੇ 25 ਹਜਾਰ ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ। ਅੱਗੇ ਦੋਸ਼ ਲਾਇਆ ਕਿ ਮੁਲਜਮ ਨੇ ਸ਼ਿਕਾਇਤ ਕਰਤਾ ਨੂੰ ਸੂਚਿਤ ਕੀਤਾ ਕਿ ਰਿਸ਼ਵਤ ਦੀ ਰਕਮ ਆਰ. ਪੀ. ਓ. ਅਤੇ ਇਕ ਹੋਰ ਏ. ਪੀ. ਓ. ਦੇ ਹੁਕਮਾਂ 'ਤੇ ਸਵੀਕਾਰ ਕੀਤੀ ਜਾਂਦੀ ਹੈ ਅਤੇ ਇਸ ਨੂੰ ਉਨ੍ਹਾਂ ਵਿਚਾਲੇ ਸਾਂਝਾ ਕੀਤਾ ਜਾਂਦਾ ਹੈ। ਸੀ. ਬੀ. ਆਈ. ਨੇ ਜਾਲ ਵਿਛਾ ਕੇ ਦੋਸ਼ੀ ਏ. ਪੀ. ਓ. ਨੂੰ 25 ਹਜਾਰ ਰੁਪਏ ਦੀ ਰਿਸ਼ਵਤ ਮੰਗਦੇ ਅਤੇ ਸਵੀਕਾਰ ਕਰਦੇ ਹੋਏ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ। ਇਸ ਦੇ ਬਾਅਦ ਖੇਤਰੀ ਪਾਸਪੋਰਟ ਦਫਤਰ ਜਲੰਧਰ ਦੇ ਆਰ. ਪੀ. ਓ. ਅਤੇ ਇਕ ਹੋਰ ਏ. ਪੀ. ਓ. ਨੂੰ ਵੀ ਗ੍ਰਿਫਤਾਰ ਕਰ ਲਿਆ। ਦੋਸ਼ੀ ਵਿਅਕਤੀਆਂ ਦੀ ਰਿਹਾਇਸ਼ ਅਤੇ ਦਫਤਰ ਕੰਪਲੈਕਸ ਵਿਚ ਤਲਾਸ਼ੀ ਲਈ ਜਾ ਰਹੀ ਹੈ। ਹੁਣ ਤੱਕ ਲਗਭਗ 25 ਲੱਖ ਰੁਪਏ ਕੈਸ਼ ਅਤੇ ਇਤਰਾਜਯੋਗ ਦਸਤਾਵੇਜ ਜਬਤ ਕੀਤੇ ਗਏ ਹਨ। ਬਾਕੀ ਮਾਮਲੇ ਦੀ ਜਾਂਚ ਜਾਰੀ ਹੈ। ਗ੍ਰਿਫਤਾਰ ਕੀਤੇ ਗਏ ਅਧਿਕਾਰੀਆਂ ਦੀ ਪਛਾਣ ਹਰੀ ਓਮ ਸਹਾਇਕ ਪਾਸਪੋਰਟ ਅਫਸਰ, ਆਰ. ਪੀ. ਓ ਜਲੰਧਰ (ਐੱਫ. ਆਈ. ਆਰ. ਨਾਮਜਦ ਮੁਲਜਮ), ਅਨੂਪ ਸਿੰਘ, ਖੇਤਰੀ ਪਾਸਪੋਰਟ ਅਫਸਰ, ਜਲੰਧਰ, ਸੰਜੇ ਸ੍ਰੀਵਾਸਤਵ, ਸਹਾਇਕ ਪਾਸਪੋਰਟ ਅਫਸਰ, ਆਰ. ਪੀ. ਓ, ਜਲੰਧਰ ਵਜੋਂ ਹੋਈ ਹੈ।




# ਮਨੀ ਲਾਂਡਰਿੰਗ ਮਾਮਲੇ 'ਚ ਹਾਂਗਕਾਂਗ 'ਚ 7 ਲੋਕ ਗ੍ਰਿਫਤਾਰ, ਭਾਰਤ ਨਾਲ ਵੀ ਜੁੜੇ ਵੱਡੇ ਘਪਲੇ ਦੇ ਤਾਰ

ਏਜੰਸੀਆਂ

ਬੀਜਿੰਗ 19 ਫਰਵਰੀ। ਹਾਂਗ ਕਾਂਗ ਦੇ ਕਸਟਮ ਅਧਿਕਾਰੀਆਂ ਨੇ ਸੁੱਕਰਵਾਰ ਨੂੰ 14 ਅਰਬ ਹਾਂਗਕਾਂਗ




ਡਾਲਰ(1.8 ਅਰਬ ਅਮਰੀਕੀ ਡਾਲਰ) ਦੇ ਖੇਤਰ ਦੇ ਸਭ ਤੋਂ ਵੱਡੇ ਮਨੀ ਲਾਂਡਰਿੰਗ ਮਾਮਲੇ ਵਿੱਚ ਘੱਟੋ ਘੱਟ ਸੱਤ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਵਿੱਚੋਂ ਕੁਝ ਰਕਮ ਭਾਰਤ ਵਿੱਚ ਮੋਬਾਈਲ ਐਪ ਘੁਟਾਲੇ ਨਾਲ ਸਬੰਧਤ ਹੈ। ਹਾਂਗਕਾਂਗ ਦੇ ਕਸਟਮ ਅਤੇ ਆਬਕਾਰੀ ਵਿਭਾਗ ਨੇ ਕਿਹਾ ਕਿ ਗਰੋਹ ਨੇ ਸਹਿਰ ਵਿੱਚ ਦਰਜ ਇੱਕ ਕੇਸ ਨਾਲ ਜੁੜੀ ਸਭ ਤੋਂ ਵੱਡੀ ਰਕਮ ਟ੍ਰਾਂਸਫਰ ਕਰਨ ਲਈ ਡਮੀ ਬੈਂਕ ਖਾਤਿਆਂ ਅਤੇ ਸੈੱਲ ਕੰਪਨੀਆਂ ਦੀ ਵਰਤੋਂ ਕੀਤੀ। ਕਸਟਮਜ ਵਿੱਤੀ ਜਾਂਚ ਬਿਊਰੋ ਦੇ ਮੁਖੀ, ਸੁਜੇਟ ਇਪ ਤੁੰਗ-ਚਿੰਗ ਨੇ ਹਾਂਗਕਾਂਗ ਵਿੱਚ ਮੀਡੀਆ ਨੂੰ ਦੱਸਿਆ ਕਿ ਇਹ ਕਾਰਵਾਈ ਭਾਰਤ ਵਿੱਚ ਇੱਕ ਮੋਬਾਈਲ ਐਪ ਘੁਟਾਲੇ ਅਤੇ ਦੇਸ ਦੀਆਂ ਦੋ ਗਹਿਣਾ ਕੰਪਨੀਆਂ ਨਾਲ ਜੁੜੀ ਹੋਈ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਲਗਭਗ 2.9 ਅਰਬ ਹਾਂਗਕਾਂਗ ਡਾਲਰ (37.1 ਕਰੋੜ ਅਮਰੀਕੀ ਡਾਲਰ) ਰਕਮ ਦੀ ਹੇਰਾਫੇਰੀ ਕੀਤੀ। ਨੇ ਮਨੀ ਲਾਂਡਰਿੰਗ ਦੀ ਰਕਮ ਨੂੰ "ਅਚੰਭੇ ਵਾਲੀ" ਦੱਸਿਆ ਹੈ, ਜਿਸ ਵਿੱਚ ਇੱਕ ਖਾਤੇ ਨੂੰ ਇੱਕ ਦਿਨ ਵਿੱਚ 10 ਕਰੋੜ ਹਾਂਗਕਾਂਗ ਡਾਲਰ (1.28 ਕਰੋੜ ਅਮਰੀਕੀ ਡਾਲਰ) ਆਂਦੇ ਸਨ ਅਤੇ ਰੋਜਾਨਾ ਇਸ ਵਿਚੋਂ 50 ਤੋਂ ਵੱਧ ਲੈਣ-ਦੇਣ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੇ ਵੇਰਵੇ ਦਿੱਤੇ ਬਿਨਾਂ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਕੁਝ ਹਾਂਗਕਾਂਗ ਦੇ ਗੈਰ-ਨਿਵਾਸੀ ਚੀਨੀ ਸਨ। ਆਈਪੀ ਨੇ ਕਿਹਾ ਕਿ ਹਾਂਗਕਾਂਗ, ਭਾਰਤ ਅਤੇ ਹੋਰ ਥਾਵਾਂ 'ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਕਾਰਵਾਈ ਨੂੰ ਅੰਜਾਮ ਦੇਣ ਵਿੱਚ ਸਹਿਯੋਗ ਕੀਤਾ। ਹਾਂਗਕਾਂਗ ਸਥਿਤ ਸਾਊਥ ਚਾਈਨਾ ਮਾਰਨਿੰਗ ਪੋਸਟ ਅਖਬਾਰ ਨੇ ਦੱਸਿਆ ਕਿ ਉਨ੍ਹਾਂ ਨੇ ਕਿਹਾ ਕਿ ਸੱਕੀਆਂ 'ਤੇ ਰਤਨ ਅਤੇ ਇਲੈਕਟ੍ਰੋਨਿਕਸ ਦੇ ਲੈਣ-ਦੇਣ ਦੇ ਜਰੀਏ ਨਕਦੀ ਨੂੰ ਲਾਂਡਰ ਕਰਨ ਦਾ ਦੋਸ ਹੈ, ਜਿਸ ਵਿਚ ਇਕ 34 ਸਾਲਾ ਵਿਅਕਤੀ ਵੀ ਸਾਮਲ ਹੈ ਜਿਸ ਨੂੰ ਮੁੱਖ ਸਾਜ਼ਿਸਕਰਤਾ ਮੰਨਿਆ ਜਾਂਦਾ ਹੈ। ਉਸ ਦੀ ਪਤਨੀ, ਭਰਾ ਅਤੇ ਪਿਤਾ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ 'ਤੇ ਹਾਂਗਕਾਂਗ ਦੇ ਤਿੰਨ ਹੋਰ ਨਿਵਾਸੀਆਂ ਦੇ ਨਾਲ ਇਲੈਕਟ੍ਰੋਨਿਕਸ, ਰਤਨ ਅਤੇ ਗਹਿਣਿਆਂ ਦਾ ਵਪਾਰ ਕਰਨ ਲਈ ਵੱਡੀ ਗਿਣਤੀ ਵਿੱਚ ਸੈੱਲ ਕੰਪਨੀਆਂ ਅਤੇ ਫਰਜੀ ਬੈਂਕ ਖਾਤੇ ਸਥਾਪਤ ਕਰਨ ਦਾ ਦੋਸ ਸੀ। ਆਈਪੀ ਨੇ ਕਿਹਾ "ਇਨ੍ਹਾਂ ਬੈਂਕ ਖਾਤਿਆਂ ਦੀ ਵਰਤੋਂ ਮਨੀ ਲਾਂਡਰਿੰਗ ਦੀਆਂ ਕਈ ਪਰਤਾਂ ਦੇ ਨਾਲ ਗੁੰਝਲਦਾਰ ਅਤੇ ਨਿਰੰਤਰ ਵਪਾਰ ਕਰਨ ਤੋਂ ਪਹਿਲਾਂ ਕਈ ਸਥਾਨਕ ਅਤੇ ਵਿਦੇਸੀ ਲੈਣ-ਦੇਣ ਲਈ ਕੀਤੀ ਗਈ ਸੀ।" । ਹਾਂਗਕਾਂਗ ਤੋਂ ਐਸੋਸੀਏਟਿਡ ਪ੍ਰੈਸ ਨੇ ਬਿਊਰੋ ਦੇ ਡਿਵੀਜਨਲ ਕਮਾਂਡਰ ਯੂ ਯੀਯੂ-ਵਿੰਗ ਦੇ ਹਵਾਲੇ ਨਾਲ ਕਿਹਾ ਕਿ ਅਧਿਕਾਰੀਆਂ ਨੇ ਭਾਰਤੀ ਅਧਿਕਾਰੀਆਂ ਨਾਲ ਖੁਫੀਆ ਜਾਣਕਾਰੀ ਦਾ ਆਦਾਨ-ਪ੍ਰਦਾਨ ਕੀਤਾ ਅਤੇ ਪਾਇਆ ਕਿ ਕੁਝ ਪੈਸਾ ਦੋ ਗਹਿਣਾ ਕੰਪਨੀਆਂ ਤੋਂ ਆਇਆ ਸੀ, ਜਿਸ ਬਾਰੇ ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਉਹ ਘੁਟਾਲੇ ਨਾਲ ਜੁੜਿਆ ਹੋਇਆ ਸੀ। ਅਧਿਕਾਰੀਆਂ ਨੇ ਇਲੈਕਟ੍ਰਾਨਿਕ ਯੰਤਰ, ਦਸਤਾਵੇਜ ਅਤੇ 8,000 ਕੈਰੇਟ ਤੋਂ ਵੱਧ ਸੱਕੀ ਸਿੰਥੈਟਿਕ ਰਤਨ ਜਬਤ ਕੀਤੇ ਜੋ ਜਾਹਰ ਤੌਰ 'ਤੇ ਭਾਰਤ ਨੂੰ ਨਿਰਯਾਤ ਕਰਨ ਲਈ ਸਨ।

## '370' ਟੀਚੇ ਲਈ ਸਹਿਯੋਗੀ ਪਾਰਟੀਆਂ ਤੋਂ ਕੁਝ ਸੀਟਾਂ ਲੈ ਸਕਦੀ ਹੈ ਭਾਜਪਾ

ਏਜੰਸੀਆਂ

ਨਵੀਂ ਦਿੱਲੀ 19 ਫਰਵਰੀ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਕਿ ਭਾਜਪਾ 370 ਸੀਟਾਂ ਜਿੱਤੇਗੀ ਅਤੇ ਐੱਨ. ਡੀ. ਏ. 400 ਸੀਟਾਂ ਦਾ ਅੰਕੜਾ ਪਾਰ ਕਰੇਗੀ। ਇਸ ਨਾਲ ਸਹਿਯੋਗੀ ਪਾਰਟੀਆਂ ਚਿੰਤਾ 'ਚ ਪੈ ਗਈਆਂ ਹਨ, ਕਿਉਂਕਿ ਭਾਜਪਾ ਨੇ 2019 ਦੇ ਮੁਕਾਬਲੇ ਆਪਣੀਆਂ ਸੀਟਾਂ 303 ਤੋਂ ਵਧਾ ਕੇ 370 ਕਰ ਲਈਆਂ ਹਨ ਪਰ ਸਹਿਯੋਗੀਆਂ ਦੀਆਂ ਸੀਟਾਂ ਦੀ ਗਿਣਤੀ ਉਹੀ ਹੈ ਜੋ 2019 'ਚ ਸੀ। ਭਾਜਪਾ ਦੀਆਂ ਸਹਿਯੋਗੀ ਪਾਰਟੀਆਂ ਨੇ ਲੋਕ ਸਭਾ 'ਚ 30 ਤੋਂ ਕੁਝ ਵੱਧ ਸੀਟਾਂ ਜਿੱਤੀਆਂ, ਜਦਕਿ ਭਾਜਪਾ ਨੇ 303 ਸੀਟਾਂ 'ਤੇ ਜਿੱਤ ਹਾਸਲ ਕੀਤੀ। ਇਕ ਵਾਰ ਭਾਜਪਾ ਦੀ ਝੋਲੀ 'ਚ ਜਾਣ ਤੋਂ ਬਾਅਦ ਸਹਿਯੋਗੀ ਪਾਰਟੀਆਂ ਵੀ ਘਬਰਾ ਗਈਆਂ ਹਨ, ਕਿਉਂਕਿ ਉਨ੍ਹਾਂ ਨੂੰ ਸੱਕ ਹੈ ਕਿ ਭਗਵਾ ਪਾਰਟੀ ਉਨ੍ਹਾਂ ਤੋਂ ਉਨ੍ਹਾਂ ਦੀਆਂ ਕੁਝ ਸੀਟਾਂ ਲੈ ਸਕਦੀ ਹੈ। ਉਦਾਹਰਣ ਲਈ ਮਹਾਰਾਸਟਰ 'ਚ (ਸ਼ਿਵ ਸੈਨਾ-ਸ਼ਿੰਦੇ ਅਤੇ ਰਾਕਾਂਪਾ (ਅਜੀਤ ਪਵਾਰ), ਬਿਹਾਰ 'ਚ (ਜਨਤਾ ਦਲ-ਯੂ) ਅਤੇ ਹੋਰ ਸੂਬਿਆਂ 'ਚ ਹੋਰ ਸਹਿਯੋਗੀ ਪਾਰਟੀਆਂ ਨੂੰ ਲਵੋ। ਭਾਜਪਾ ਚਾਹੁੰਦੀ ਹੈ ਕਿ ਨਿਤੀਸ ਕੁਮਾਰ 17 ਦੀ ਬਜਾਏ ਸਿਰਫ 10-12 ਸੀਟਾਂ 'ਤੇ ਚੋਣ ਲੜਨ, ਜਿਨ੍ਹਾਂ 'ਤੇ ਉਨ੍ਹਾਂ ਨੇ 2019 'ਚ ਚੋਣ ਲੜੀ ਸੀ। ਭਾਜਪਾ ਨੇ 2019 ਦੀਆਂ ਲੋਕ ਸਭਾ ਚੋਣਾਂ 'ਚ ਨਿਤੀਸ




ਕੁਮਾਰ ਨੂੰ ਆਪਣੀਆਂ 5 ਸੀਟਾਂ ਦੇ ਦਿੱਤੀਆਂ ਸਨ। ਹੁਣ ਉਹ 2024 ਦੀਆਂ ਚੋਣਾਂ 'ਚ ਇਨ੍ਹਾਂ ਨੂੰ ਵਾਪਸ ਚਾਹੁੰਦੀ ਹੈ। ਇਸੇ ਤਰ੍ਹਾਂ, ਭਾਜਪਾ 2019 'ਚ ਲੜੀਆਂ ਗਈਆਂ 25 ਸੀਟਾਂ ਦੀ ਬਜਾਏ ਮਹਾਰਾਸਟਰ 'ਚ ਘੱਟੋ-ਘੱਟ 30 ਸੀਟਾਂ 'ਤੇ ਚੋਣ ਲੜਨਾ ਚਾਹੁੰਦੀ ਹੈ। ਉਹ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਕਾਂਪਾ ਅਤੇ ਸ਼ਿਵ ਸੈਨਾ (ਸ਼ਿੰਦੇ) ਨੂੰ ਸਿਰਫ ਉਨ੍ਹਾਂ ਹੀ ਸੀਟਾਂ 'ਤੇ ਲੜਨ ਦਾ ਸੰਕੇਤ ਦੇ ਰਹੀ ਹੈ ਜਿੱਥੇ ਉਹ ਜਿੱਤ ਸਕਦੇ ਹਨ। ਇਨ੍ਹਾਂ ਸੀਟਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਗੱਲਬਾਤ ਚੱਲ ਰਹੀ ਹੈ। ਇਸੇ ਤਰ੍ਹਾਂ ਅਕਾਲੀ ਦਲ ਅਤੇ ਟੀ. ਡੀ. ਪੀ. ਨੂੰ ਵੀ ਇਸ ਦੇ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜੇ ਉਹ ਗਠਜੋੜ 'ਚ ਸਾਮਲ ਹੋਣ ਦਾ ਫੈਸਲਾ ਕਰਦੇ ਹਨ ਤਾਂ ਉਨ੍ਹਾਂ ਨੂੰ ਜ਼ਿਆਦਾ ਸੀਟਾਂ ਦੇਣੀਆਂ ਪੈਣਗੀਆਂ। ਅਜਿਹਾ ਲੱਗਦਾ ਹੈ ਕਿ ਇਹ ਪਾਰਟੀਆਂ ਆਖ਼ਿਰ ਸਹਿਮਤ ਹੋ ਸਕਦੀਆਂ ਹਨ ਪਰ ਇਸ ਗੁੰਝਲਦਾਰ ਮੁੱਦੇ 'ਤੇ ਅੰਤਿਮ ਸਬਦ ਅਜੇ ਲਿਖੇ ਜਾਣੇ ਬਾਕੀ ਹਨ।


## ਨੌਸਰਬਾਜ਼ ਨੇ ਵਿਅਕਤੀ ਨੂੰ ਚਾਹ 'ਚ ਪਿਲਾਈ ਨਸ਼ੀਲੀ ਦਵਾਈ, ਈ-ਰਿਕਸ਼ੇ ਸਮੇਤ ਨਕਦੀ ਤੇ ਮੋਬਾਇਲ ਖੋਹ ਹੋਏ ਫਰਾਰ

ਬਟਾਲਾ 19 ਫਰਵਰੀ। ਇਕ ਨੌਸਰਬਾਜ਼ ਵੱਲੋਂ ਚਾਹ ਨਸ਼ੀਲੀ ਦਵਾਈ ਮਿਲਾ ਕੇ ਪਿਲਾਉਣ ਦੇ ਦੋਸ਼ ਹੇਠ ਥਾਣਾ ਸੇਖਵਾਂ ਦੀ ਪੁਲਸ ਵਲੋਂ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਰਾਜਾ ਮਸੀਹ ਪੁੱਤਰ ਖਜ਼ਾਨ ਮਸੀਹ ਵਾਸੀ ਧਰਮਕੋਟ ਬੱਗਾ ਪੱਤੀ ਈਸਾ ਨਗਰ ਨੇ ਲਿਖਵਾਇਆ ਕਿ ਉਹ ਬਟਾਲਾ ਸ਼ਹਿਰ ਵਿਚ ਈ-ਰਿਕਸ਼ਾ ਚਲਾਉਂਦਾ ਸੀ ਅਤੇ ਬੀਤੀ 31 ਜਨਵਰੀ ਨੂੰ ਉਹ ਗਾਂਧੀ ਕੈਂਪ ਬਟਾਲਾ ਵਿਖੇ ਸਵਾਰੀਆਂ ਲੈਣ ਲਈ ਖੜ੍ਹਾ ਸੀ ਤਾਂ ਇਕ ਵਿਅਕਤੀ ਜਿਸ ਨੇ ਪਜ਼ਾਮਾ ਕਮੀਜ਼ ਪਹਿਨਿਆ ਹੋਇਆ ਸੀ ਅਤੇ ਸਿਰ 'ਤੇ ਨੀਲਾ ਪਰਨਾ ਸੀ, ਨੇ ਕਿਹਾ ਕਿ ਉਸ ਨੇ ਘੁੰਮਣੀ ਜਾਣਾ ਹੈ, ਜਿਸ 'ਤੇ ਸਬੰਧਤ ਵਿਅਕਤੀ ਨਾਲ ਮੇਰੀ 400 ਰੁਪਏ ਵਿਚ ਛੱਡ ਕੇ ਆਉਣ ਦੀ ਗੱਲ ਹੋਈ। ਇਸ ਦੌਰਾਨ ਰਸਤੇ ਵਿਚ ਅੱਡਾ ਗਿੱਲਾਂਵਾਲੀ ਕੋਲ ਅਣਪਛਾਤੇ ਨੌਸਰਬਾਜ਼ ਨੇ ਮੈਨੂੰ ਚਾਹ ਪੀਣ ਲਈ ਕਿਧਰੇ ਰੁਕਣ ਵਾਸਤੇ ਕਿਹਾ ਤਾਂ ਜਦੋਂ ਗਿੱਲਾਂਵਾਲੀ ਦੁਕਾਨ 'ਤੇ ਚਾਹ ਪੀਣ ਲਈ ਰੁਕ ਗਏ ਅਤੇ ਦੋ ਕੱਪ ਚਾਹ ਲੈ ਲਈ, ਜੋ ਨੌਸਰਬਾਜ਼ ਨੇ ਮੇਰੀ ਚਾਹ ਵਿਚ ਕੋਈ ਨਸ਼ੀਲੀ ਦਵਾਈ ਮਿਲਾ ਕੇ ਮੈਨੂੰ ਚਾਹ ਵਿਚ ਪਿਆ ਦਿੱਤੀ ਅਤੇ ਰਸਤੇ ਵਿਚ ਪੈਂਦੇ ਪਿੰਡ ਥੇਹ ਗੁਲਾਮ ਨਬੀ ਕੋਲ ਪਹੁੰਚੇ ਤਾਂ ਮੈਂ ਜ਼ਿਆਦਾ ਨਸ਼ੇ ਵਿਚ ਹੋ ਗਿਆ, ਜਿਸ 'ਤੇ ਨੌਸਰਬਾਜ਼ ਨੇ ਮੈਨੂੰ ਈ-ਰਿਕਸ਼ਾ ਤੋਂ ਉਤਾਰ ਦਿੱਤਾ ਅਤੇ ਉਸਦਾ ਈ-ਰਿਕਸ਼ਾ ਸਮੇਤ 7000 ਰੁਪਏ ਨਕਦੀ, ਇਕ ਮੋਬਾਈਲ ਫੋਨ ਸੈਮਸੰਗ ਜੇ-8 ਖੋਹ ਕੇ ਫਰਾਰ ਹੋ ਗਿਆ। ਉਕਤ ਮਾਮਲੇ ਸਬੰਧੀ ਏ. ਐੱਸ. ਆਈ. ਅਮਰੀਕ ਸਿੰਘ ਨੇ ਰਾਜਾ ਮਸੀਹ ਦੇ ਬਿਆਨ 'ਤੇ ਕਾਰਵਾਈ ਕਰਦਿਆਂ ਅਣਪਛਾਤੇ ਨੌਸਰਬਾਜ਼ ਖਿਲਾਫ ਬਣਦੀਆਂ ਧਾਰਾਵਾਂ ਹੇਠ ਕੇਸ ਦਰਜ ਕਰ ਦਿੱਤਾ ਹੈ।

# ਲੋਕ ਸਭਾ ਚੋਣਾਂ: 1 ਸੀਟ 'ਤੇ 5-5 ਉਮੀਦਵਾਰਾਂ ਦੀ ਆਏਗੀ ਨੌਬਤ

ਸਰਦੂਲ ਸਿੰਘ

ਜਲੰਧਰ 19 ਫਰਵਰੀ। ਪੰਜਾਬ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨਾਂ ਦੇ ਅੰਦੋਲਨ ਨੇ ਇਕ ਹਫਤੇ ਅੰਦਰ ਪੰਜਾਬ ਦੀ ਸਿਆਸੀ ਤਸਵੀਰ ਬਦਲ ਕੇ ਰੱਖ ਦਿੱਤੀ ਹੈ। ਇਕ ਹਫਤਾ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੇ ਮੁੜ ਗਠਜੋੜ ਦੀਆਂ ਖਬਰਾਂ ਸੁਰਖੀਆਂ ਵਿਚ ਸਨ ਅਤੇ ਲੱਗ ਰਿਹਾ ਸੀ ਕਿ ਇਹ ਗਠਜੋੜ ਹੋਣ ਤੋਂ ਬਾਅਦ ਇਕ ਵਾਰ ਮੁੜ ਲੋਕ ਸਭਾ ਚੋਣਾਂ ਵਿਚ ਵਿਰੋਧੀ ਧਿਰ 'ਤੇ ਭਾਰੀ ਪਵੇਗਾ ਕਿਉਂਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਵੱਖ-ਵੱਖ ਚੋਣ ਲੜਨ ਦਾ ਐਲਾਨ ਕਰ ਚੁੱਕੀਆਂ ਹਨ। ਇਸ ਲਈ ਦੋਵਾਂ ਪਾਰਟੀਆਂ ਦੇ ਇਕੱਠੇ ਆਉਣ ਨਾਲ ਪੰਜਾਬ 'ਚ ਕਲੀਨ ਸਵੀਪ ਵਰਗੀ ਸਥਿਤੀ ਨਜਰ ਆ ਰਹੀ ਸੀ ਪਰ ਕਿਸਾਨ ਅੰਦੋਲਨ ਦੇ ਦੂਜੇ ਹੀ ਦਿਨ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ ਸਿਆਸੀ ਮਾਮਲਿਆਂ ਦੀ ਕਮੇਟੀ ਦੀ ਬੈਠਕ ਚੰਡੀਗੜ੍ਹ ਵਿਚ ਸੱਦ ਲਈ ਹੈ। ਇਸ ਵਿਚਾਲੇ ਪੰਜਾਬ ਦੇ ਬਦਲੇ ਸਿਆਸੀ ਘਟਨਾਚੱਕਰ ਦੌਰਾਨ ਬਹੁਜਨ ਸਮਾਜ ਪਾਰਟੀ ਨੇ ਵੀ ਅਕਾਲੀ ਦਲ ਦਾ ਸਾਥ ਛੱਡ ਦਿੱਤਾ ਹੈ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਚ ਫਿਲਹਾਲ ਤਸਵੀਰ ਇਹ ਹੈ ਕਿ 5 ਪਾਰਟੀਆਂ ਵੱਖ-ਵੱਖ ਤੌਰ 'ਤੇ ਚੋਣ ਮੈਦਾਨ 'ਚ ਉਤਰਨਗੀਆਂ। ਇਨ੍ਹਾਂ ਵਿਚ ਇਕੱਲੀ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ, ਜੋ ਖੇਤਰੀ ਪਾਰਟੀ ਹੈ, ਜਦੋਂਕਿ ਬਾਕੀ 4 ਪਾਰਟੀਆਂ (ਕਾਂਗਰਸ, ਭਾਜਪਾ, ਬਸਪਾ ਤੇ ਆਮ ਆਦਮੀ ਪਾਰਟੀ) ਕੌਮੀ ਪਾਰਟੀਆਂ ਹਨ। ਕਿਸਾਨ ਅੰਦੋਲਨ ਨੂੰ ਵੇਖਦਿਆਂ ਅਕਾਲੀ ਦਲ ਨੇ ਫਿਲਹਾਲ ਗਠਜੋੜ ਤੋਂ ਪੈਰ ਪਿੱਛੇ ਖਿੱਚ ਲਏ ਹਨ ਅਤੇ ਹੁਣ ਪੰਜਾਬ ਦੀ ਸਥਿਤੀ ਇਹ ਹੋ ਗਈ ਹੈ ਕਿ ਅਕਾਲੀ ਦਲ ਤੇ ਭਾਜਪਾ ਵੀ ਗਠਜੋੜ ਵਿਚ ਨਹੀਂ ਜਾ ਸਕਣਗੇ। 1998 ਤੋਂ ਬਾਅਦ ਪੰਜਾਬ ਵਿਚ ਅਜਿਹਾ ਪਹਿਲੀ ਵਾਰ ਹੋਵੇਗਾ ਜਦੋਂ ਅਕਾਲੀ ਦਲ ਤੇ ਭਾਜਪਾ ਲੋਕ ਸਭਾ ਦੀ ਚੋਣ ਵੱਖ-ਵੱਖ ਲੜਨਗੇ। ਇਸ ਤੋਂ ਪਹਿਲਾਂ ਦੋਵਾਂ ਪਾਰਟੀਆਂ ਨੇ ਵਿਧਾਨ ਸਭਾ ਦੀ ਚੋਣ ਵੀ 2022 'ਚ ਵੱਖ-ਵੱਖ ਲੜੀ ਸੀ ਪਰ ਇਸ ਚੋਣ ਵਿਚ ਦੋਵਾਂ ਦੀ ਵੋਟ ਵੰਡੇ ਜਾਣ ਨਾਲ ਆਮ ਆਦਮੀ ਪਾਰਟੀ ਨੂੰ ਬੰਪਰ ਬਹੁਮਤ ਹਾਸਲ ਹੋ ਗਿਆ ਸੀ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਨੇ ਮਿਲ ਕੇ ਚੋਣ ਲੜੀ ਸੀ ਅਤੇ ਉਸ ਚੋਣ ਦੌਰਾਨ ਦੋਵਾਂ ਪਾਰਟੀਆਂ ਨੂੰ ਲੋਕ ਸਭਾ ਦੀਆਂ 4 ਸੀਟਾਂ ਹਾਸਲ ਹੋਈਆਂ ਸਨ, ਜਦੋਂਕਿ ਇਕ ਸੀਟ ਆਮ ਆਦਮੀ ਪਾਰਟੀ ਅਤੇ 8 ਸੀਟਾਂ ਕਾਂਗਰਸ ਦੇ ਖਾਤੇ ਵਿਚ ਗਈਆਂ ਸਨ। ਪੰਜਾਬ 'ਚ ਪਹਿਲੀ ਵਾਰ ਹੋਣ ਜਾ ਰਹੇ ਲੋਕ ਸਭਾ ਚੋਣਾਂ ਦੇ ਸੰਭਾਵਤ ਬਹੁਕੋਣੀ ਮੁਕਾਬਲੇ ਵਿਚ ਭਾਰਤੀ ਜਨਤਾ ਪਾਰਟੀ ਨੂੰ ਯਕੀਨੀ ਤੌਰ 'ਤੇ ਫਾਇਦਾ ਹੋ ਸਕਦਾ ਹੈ। 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਮੁਤਾਬਕ ਪੰਜਾਬ ਵਿਚ ਹਿੰਦੂ ਆਬਾਦੀ 38 ਫੀਸਦੀ ਦੇ ਲਗਭਗ ਹੈ ਅਤੇ ਜੇ ਪੰਜਾਬ ਵਿਚ ਭਾਜਪਾ ਦਾ




ਰਾਮ ਮੰਦਰ ਦਾ ਮੁੱਦਾ ਹਿੱਟ ਹੋਇਆ ਅਤੇ ਹਿੰਦੂ ਵੋਟਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ 'ਤੇ ਇਕਜੁੱਟ ਹੋਇਆ ਤਾਂ ਯਕੀਨੀ ਤੌਰ 'ਤੇ ਇਸ ਦਾ ਫਾਇਦਾ ਭਾਜਪਾ ਨੂੰ ਮਿਲੇਗਾ। ਹਾਲਾਂਕਿ ਇਤਿਹਾਸਕ ਤੌਰ 'ਤੇ ਭਾਰਤੀ ਜਨਤਾ ਪਾਰਟੀ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਸਹਿਯੋਗ ਨਾਲ ਹੀ ਜਿੱਤਦੀ ਰਹੀ ਹੈ ਅਤੇ ਉਸ ਦਾ ਆਪਣਾ ਵੋਟ ਸ਼ੇਅਰ ਲੋਕ ਸਭਾ ਚੋਣਾਂ ਦੌਰਾਨ 10 ਫੀਸਦੀ ਦੇ ਆਸਪਾਸ ਹੀ ਰਹਿੰਦਾ ਹੈ ਪਰ ਪਿਛਲੇ ਸਾਲ ਹੋਈਆਂ ਜਲੰਧਰ ਲੋਕ ਸਭਾ ਦੀਆਂ ਉਪ-ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਆਪਣੇ ਦਮ 'ਤੇ ਇਕੱਲਿਆਂ ਚੋਣ ਲੜ ਕੇ 15 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਅਜਿਹਾ ਉਸ ਵੇਲੇ ਹੋਇਆ ਜਦੋਂ ਸਿਰਫ ਇਕ ਸੀਟ ਦੀ ਉਪ-ਚੋਣ ਸੀ ਅਤੇ ਇਸ ਉਪ-ਚੋਣ ਨਾਲ ਕੇਂਦਰ ਸਰਕਾਰ 'ਚ ਕੋਈ ਤਬਦੀਲੀ ਨਹੀਂ ਆਉਣ ਵਾਲੀ ਸੀ ਪਰ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਵੋਟਰ ਦੇ ਮਨ ਵਿਚ ਇਹ ਗੱਲ ਵੀ ਹੋਵੇਗੀ ਕਿ ਉਸ ਦੀ ਵੋਟ ਹੁਣ ਕੇਂਦਰ ਸਰਕਾਰ ਦੇ ਗਠਨ 'ਚ ਅਹਿਮ ਰਹੇਗੀ। ਅਕਾਲੀ ਦਲ ਤੋਂ ਵੱਖ ਹੋਈ ਬਹੁਜਨ ਸਮਾਜ ਪਾਰਟੀ ਦਾ ਪੰਜਾਬ ਵਿਚ ਕੋਈ ਵੱਡਾ ਸਿਆਸੀ ਆਧਾਰ ਨਹੀਂ ਹੈ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਨੂੰ ਸਿਰਫ 1.77 ਫੀਸਦੀ ਵੋਟਾਂ ਹਾਸਲ ਹੋਈਆਂ ਸਨ, ਜਦੋਂਕਿ 2019 ਦੀਆਂ ਲੋਕ ਸਭਾ ਚੋਣਾਂ ਵਿਚ ਬਸਪਾ ਦਾ ਵੋਟ ਸ਼ੇਅਰ 3.52 ਫੀਸਦੀ ਸੀ। ਇਸ ਦੇ ਬਾਵਜੂਦ ਦੁਆਬਾ ਦੇ ਦਲਿਤ ਬਹੁਗਿਣਤੀ ਖੇਤਰਾਂ ਵਿਚ ਪਾਰਟੀ ਦਾ ਆਧਾਰ ਹੈ ਅਤੇ ਜਲੰਧਰ ਤੇ ਹੁਸ਼ਿਆਰਪੁਰ ਦੀਆਂ ਲੋਕ ਸਭਾ ਸੀਟਾਂ 'ਤੇ ਬਸਪਾ ਕਿਸੇ ਦਾ ਵੀ ਗਣਿਤ ਵਿਗਾੜ ਸਕਦੀ ਹੈ। ਜਲੰਧਰ ਦੀ ਕਰਤਾਰਪੁਰ ਤੇ ਫਿਲੌਰ ਵਿਧਾਨ ਸਭਾ ਸੀਟ ਤੋਂ ਇਲਾਵਾ ਹੁਸ਼ਿਆਰਪੁਰ ਦੀ ਫਗਵਾੜਾ ਵਿਧਾਨ ਸਭਾ ਸੀਟ 'ਤੇ ਵੀ ਬਸਪਾ ਦਾ ਆਧਾਰ ਹੈ। ਇਸ ਲਈ ਇਨ੍ਹਾਂ ਇਲਾਕਿਆਂ ਵਿਚ ਬਸਪਾ ਦੇ ਉਮੀਦਵਾਰ ਵਿਰੋਧੀ ਧਿਰ ਦਾ ਗਣਿਤ ਵਿਗਾੜਨ 'ਚ ਸਮਰੱਥ ਹਨ। ਦੁਆਬਾ ਇਲਾਕਾ ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਦਾ ਇਲਾਕਾ ਹੈ ਅਤੇ ਇਸ ਕਾਰਨ ਵੀ ਬਸਪਾ ਦਾ ਇਸ ਖੇਤਰ ਵਿਚ ਆਧਾਰ ਹੈ। 1996 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ 'ਚ ਦਲਿਤ ਸਿਆਸਤ ਸਿਖਰ 'ਤੇ ਸੀ ਅਤੇ ਪਾਰਟੀ ਨੇ ਸੂਬੇ ਦੀਆਂ 13 ਵਿਚੋਂ 3 ਲੋਕ ਸਭਾ ਸੀਟਾਂ 'ਤੇ ਜਿੱਤ ਦਰਜ ਕੀਤੀ ਸੀ ਪਰ ਹੌਲੀ-ਹੌਲੀ ਬਸਪਾ ਦਾ ਆਧਾਰ ਘੱਟ ਹੁੰਦਾ ਗਿਆ ਅਤੇ ਪਿਛਲੀ ਚੋਣ ਵਿਚ ਬਸਪਾ ਸਿਰਫ 1.77 ਫੀਸਦੀ ਵੋਟ ਸ਼ੇਅਰ ਵਾਲੀ ਪਾਰਟੀ ਰਹਿ ਗਈ ਹੈ। ਜੇ ਪੰਜਾਬ ਦੇ ਸਾਰੇ ਜ਼ਿਲਿਆਂ ਦੀ ਆਬਾਦੀ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ 10 ਜ਼ਿਲੇ ਅਜਿਹੇ ਹਨ ਜਿਨ੍ਹਾਂ ਵਿਚ ਹਿੰਦੂ ਆਬਾਦੀ 40 ਫੀਸਦੀ ਤੋਂ ਵੱਧ ਹੈ। ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਨਵਾਂਸ਼ਹਿਰ, ਫਿਰੋਜਪੁਰ, ਰੋਪੜ, ਲੁਧਿਆਣਾ, ਪਟਿਆਲਾ, ਮੋਹਾਲੀ ਤੇ ਕਪੂਰਥਲਾ ਅਜਿਹੇ ਜ਼ਿਲੇ ਹਨ